New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
: www.thepunjabtimes.ca
: canadianpunjabtimes@gmail.com

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
icc.accounting@yahoo.ca
8740 - 140A St., Surrey, BC V3W 0M4

Vol - 16 | 26 April, 2024 | ੧੪ ਵੈਸਾਖ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

# 29 ਨਵੰਬਰ ਤੋਂ ਸਰੀ ਪੁਲਿਸ ਸੰਭਾਲੇਗੀ ਸ਼ਹਿਰ ਦਾ ਪ੍ਰਬੰਧ




ਸਰੀ, (ਇਸ਼ਪ੍ਰੀਤ ਕੌਰ): ਸਰੀ ਪੁਲਿਸ ਅਤੇ ਆਰ.ਸੀ.ਐਮ.ਪੀ. ਦਾ ਮਾਮਲਾ ਸਬੰਧੀ ਰੱਸਾਕਸੀ ਪਿਛਲੇ ਕਈ ਸਾਲਾਂ ਤੋਂ ਚਲ ਰਹੀ ਹੈ। ਪਿਛਲੀਆਂ ਚੋਣਾਂ ਵਿੱਚ ਵੀ ਇਹ ਮੁੱਦਾ ਕਾਫੀ ਭਾਰੂ ਰਿਹਾ ਸੀ ਜਦੋਂ ਕਿ ਸਰੀ ਦੀ ਮੌਜੂਦਾ ਮੇਅਰ ਬਰੈਂਡਾ ਲੌਕ ਸਰੀ ਵਿੱਚ ਲੋਕਲ ਪੁਲਿਸ ਦੀ ਥਾਂ ਆਰ.ਸੀ.ਐਮ.ਪੀ. ਨੂੰ ਹੀ ਰੱਖਣ ਦੇ ਲਈ ਬਾਜਿੱਦ ਹੈ। ਇਸ ਤੋਂ ਪਹਿਲਾਂ ਵੀ ਜਦੋਂ ਬੀ.ਸੀ. ਸਰਕਾਰ ਨੇ ਸਰੀ ਵਿੱਚ ਸਰੀ ਪੁਲਿਸ ਨੂੰ ਚਾਰਜ ਸੌਂਪਣ ਦਾ ਹੁਕਮ ਜਾਰੀ ਕੀਤਾ ਸੀ ਤਾਂ ਸਰੀ ਦੀ ਮੇਅਰ ਨੇ ਫੈਸਲੇ ਨੂੰ ਪਲਟਣ ਲਈ ਪਹਿਲਾਂ ਸੁਪਰੀਮ ਕੋਰਟ ਵਿੱਚ ਵੀ ਪਰੀਸ਼ਨ ਦਾਇਰ ਕੀਤੀ ਸੀ।

ਪਰ ਹੁਣ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਵਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਜਿਸ ਦੇ ਅਨੁਸਾਰ ਉਨ੍ਹਾਂ ਕਿਹਾ ਹੈ ਕਿ ਸਰੀ ਪੁਲਿਸ 29 ਨਵੰਬਰ, 2024 ਨੂੰ ਸ਼ਹਿਰ ਦੇ ਅਧਿਕਾਰ ਖੇਤਰ ਦੀ ਪੁਲਿਸ ਵਜੋਂ ਆਰ. ਸੀ.ਐਮ.ਪੀ. ਦੀ ਥਾਂ ਲੈ ਲਵੇਗੀ ਅਤੇ ਅਤੇ ਪੂਰੀ ਤਰ੍ਹਾਂ ਇਹ ਤਬਦੀਲੀ ਢਾਈ ਸਾਲ ਦੇ ਅੰਦਰ-ਅੰਦਰ ਹੋ ਜਾਵੇਗੀ।

ਬੀਤੇ ਦਿਨੀਂ ਵੈਨਕੂਵਰ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਫਾਰਨਵਰਥ ਨੇ ਕਿਹਾ ਕਿ ਇਸ ਮੁੱਦੇ 'ਤੇ ਲਗਭਗ ਛੇ ਸਾਲਾਂ ਦੀ ਤਿੱਖੀ ਖਿਚੋ-ਤਾਣ ਚੱਲੀ ਹੈ ਪਰ ਹੁਣ ਇਸ 'ਤੇ ਵਿਸ਼ਰਾਮ ਚਿੰਨ੍ਹ ਲਗਾਇਆ ਜਾਵੇਗਾ। "ਆਰ.ਸੀ.ਐਮ.ਪੀ. ਸਰੀ ਵਿੱਚ ਕੰਮ ਕਰਨਾ ਉਦੋਂ ਤੱਕ ਜਾਰੀ ਰੱਖੇਗਾ ਜਦੋਂ ਤੱਕ ਸਰੀ ਪੁਲਿਸ ਦੀ ਤਬਦੀਲੀ ਪੂਰੀ ਨਹੀਂ ਹੋ ਜਾਂਦੀ ਅਤੇ ਆਰ.ਸੀ.ਐਮ.ਪੀ. ਸਰੀ ਪੁਲਿਸ ਨੂੰ ਸਿਰਫ਼ ਅਸਥਾਈ ਸਹਾਇਤਾ ਪ੍ਰਦਾਨ ਕਰੇਗੀ।

"ਅਗਲੇ ਕੁਝ ਹਫ਼ਤਿਆਂ ਵਿੱਚ, ਮੈਂ ਸਿਟੀ ਆਫ਼ ਸਰੀ ਨੂੰ ਇੱਕ ਨੋਟਿਸ ਜਾਰੀ ਕਰਾਂਗਾ ਜਿਸ ਨਾਲ ਆਰ.ਸੀ.ਐਮ.ਪੀ. ਨੂੰ ਇਸਦੇ

☛ ਬਾਕੀ ਸਫ਼ਾ 2 'ਤੇ

## ਖ਼ਾਲਸਾ ਕ੍ਰੈਡਿਟ ਯੂਨੀਅਨ ਦੀਆਂ ਚੋਣਾਂ ਲਈ ਦੋਵੇਂ ਸਲੇਟਾਂ ਵੱਲੋਂ ਚੋਣ ਪ੍ਰਚਾਰ ਸਿੱਖਰਾਂ 'ਤੇ, ਵੋਟਿੰਗ 28 ਅਪ੍ਰੈਲ ਨੂੰ

ਸਰੀ, (ਇਸ਼ਪ੍ਰੀਤ ਕੌਰ): ਖਾਲਸਾ ਕ੍ਰੈਡਿਟ ਯੂਨੀਅਨ ਦੇ ਚਾਰ ਡਾਇਰੈਕਟਰਾਂ ਦੀਆਂ ਚੋਣਾਂ 28 ਅਪ੍ਰੈਲ ਨੂੰ ਹੋਣ ਜਾ ਰਹੀਆਂ ਹਨ ਅਤੇ ਦੋਵੇਂ ਸਲੇਟਾਂ ਵਲੋਂ ਚੋਣ ਪ੍ਰਚਾਰ ਪੂਰੇ ਜ਼ੋਰਸ਼ੋਰ ਨਾਲ ਕੀਤਾ ਜਾ ਰਿਹਾ ਹੈ। ਦੋਵੇਂ ਸਲੇਟਾਂ ਦੇ ਉਮੀਦਵਾਰਾਂ ਵਲੋਂ ਖਾਲਸਾ ਕ੍ਰੈਡਿਟ ਯੂਨੀਅਨ ਦੀ ਤਰੱਕੀ ਲਈ ਵੱਖ- ਵੱਖ ਵਾਅਦੇ ਕੀਤੇ ਗਏ ਹਨ ਅਤੇ ਖਾਲਸਾ ਕ੍ਰੈਡਿਟ ਯੂਨੀਅਨ ਦੇ ਚਾਰ ਨਵੇਂ ਡਾਇਰੈਕਟਰਾਂ ਦੀ ਚੋਣ ਲਈ 28 ਅਪ੍ਰੈਲ ਦਿਨ ਐਤਵਾਰ ਨੂੰ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਸਾਰੀਆਂ ਬ੍ਰਾਂਚਾਂ ਵਿੱਚ ਵੋਟਿੰਗ ਹੋਵੇਗੀ। ਜਿਸ ਵਿੱਚ ਵੋਟਿੰਗ ਦੌਰਾਨ ਹਰੇਕ ਮੈਂਬਰ ਨੂੰ ਚਾਰ ਉਮੀਦਵਾਰਾਂ ਨੂੰ ਵੋਟ ਪਾਉਣੀ ਜ਼ਰੂਰੀ ਹੋਵੇਗੀ ਨਹੀਂ ਤਾਂ ਵੋਟ ਰੱਦ ਕਰ ਦਿੱਤੀ ਜਾਂਦੀ ਹੈ। ਹਰੇਕ ਮੈਂਬਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੀ ਇੱਕ ਫੋਟੋ ਆਈ ਡੀ ਲੈ ਕੇ ਆਪਣੇ ਨੇੜੇ

☛ ਬਾਕੀ ਸਫ਼ਾ 2 'ਤੇ



ਨਵਨੀਤ ਸਿੰਘ ਅਰੋੜਾ | ਜਸਕਰਨ ਸਿੰਘ ਗਿੱਲ | ਰੁਪਿੰਦਰਜੀਤ ਸਿੰਘ ਕਾਹਲੋਂ | ਗੁਰਦੀਪ ਸਿੰਘ



ਬੀਬੀ ਮਹਿੰਦਰ ਕੌਰ ਗਿੱਲ | ਭਾਈ ਮਨਜੀਤ ਸਿੰਘ ਮਿਨਹਾਸ | ਭਾਈ ਮਨਮੋਹਣ ਸਿੰਘ ਸਮਰਾ | ਭਾਈ ਸਤਵੰਤ ਸਿੰਘ ਸੰਧੂ

SK BASRA FURNITURE LTD.
All Kinds of custom made furniture
Sofa Set Box Bed, Folding Bed, Coffee Table
Foam Cushion, Mattress
Gift Items & Canvas Paintings
Punjabi Culture, Rajasthani, Running Horses
Waterfall, Landscape, Budhas, Religious etc.
ਅਸੀਂ ਡਿਲਵਰੀਆਂ ਵੀ ਕਰਦੇ ਹਾਂ।
604-751-4555
ਅਸੀਂ ਦੁਖ ਨਿਵਾਰਣ ਗੁਰੂਘਰ ਵਾਲੇ ਪਲਾਜ਼ੇ ਤੋਂ ਮੂਵ ਹੋ ਗਏ ਹਾਂ
#2 - 7743 128 St. 77 Ave Surrey

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890

DIVERSE DEBT SOLUTIONS
Any Type of Debt
KULWINDER BAINS
CERTIFIED CREDIT COUNSELLER
PERSONAL OR BUSINESS
• Credit Cards • Revenue Canada Tax
• Line of Credits • Bankruptcy
• Pay day loans • ICBC fines
Reduce Your debt up to 70%
BOOK YOUR FREE CONSULTATION TODAY
778-998-9402
www.diversedebt.ca info@diversedebt.ca

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

WALIA FOREX LTD
ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send Money Instantly Worldwide
We Also buy & sell US Dollars/Euro & Pounds
604-417-9100 32070 Cedar Ln #134, Abbotsford,
604-816-3100 #102-8078-128 St. (little India Plaza Surrey)

SIDHU TRAVEL LTD.
Email : sidhutravel13@gmail.com
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
IATA
Ph : 604-504-3400
604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

# ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਲਈ ਨਵਨੀਤ ਸਿੰਘ ਅਰੋੜਾ, ਜਸਕਰਨ ਸਿੰਘ ਗਿੱਲ, ਰੁਪਿੰਦਰਜੀਤ ਸਿੰਘ ਕਾਹਲੋਂ, ਗੁਰਦੀਪ ਸਿੰਘ ਦੀ ਸਲੇਟ ਨੂੰ ਭਰਵਾਂ ਹੁੰਗਾਰਾ

ਸਰੀ, ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਵਿੱਚ ਨਵਨੀਤ ਸਿੰਘ ਅਰੋੜਾ, ਜਸਕਰਨ ਸਿੰਘ ਗਿੱਲ, ਰੁਪਿੰਦਰਜੀਤ ਸਿੰਘ ਕਾਹਲੋਂ, ਗੁਰਦੀਪ ਸਿੰਘ ਦੀ ਸਲੇਟ ਨੂੰ ਸਿੱਖ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਵੇਖਣ ਨੂੰ ਮਿਲ ਰਿਹਾ ਹੈ। ਖਾਲਸਾ ਕਰੈਡਿਟ ਯੂਨੀਅਨ ਦੀਆਂ ਚਾਰ ਡਾਇਰੈਕਟਰਾਂ ਦੇ ਅਹੁਦਿਆਂ ਲਈ ਚੋਣਾਂ 28 ਅਪ੍ਰੈਲ ਨੂੰ ਹੋਣੀਆਂ ਹਨ ਅਤੇ 4 ਉਮੀਦਵਾਰਾਂ ਵਜੋਂ ਨਵਨੀਤ ਸਿੰਘ ਅਰੋੜਾ, ਜਸਕਰਨ ਸਿੰਘ ਗਿੱਲ, ਰੁਪਿੰਦਰਜੀਤ ਸਿੰਘ ਕਾਹਲੋਂ, ਗੁਰਦੀਪ ਸਿੰਘ ਚੋਣ ਮੈਦਾਨ ਵਿੱਚ ਹਨ। ਨਵਨੀਤ ਅਰੋੜਾ ਨੂੰ ਸੂਚਨਾ ਅਤੇ ਤਕਨਾਲੋਜੀ ਵਿਚ 30 ਸਾਲ ਤੋਂ ਵੱਧ ਦਾ ਤਜਰਬਾ ਨਾਲ ਹੈ ਅਤੇ ਕਈ ਕਾਰਪੋਰੇਟਾਂ ਵਿਚ ਵਪਾਰਕ ਵਿਸ਼ਲੇਸ਼ਨ, ਸਾਫ਼ਟਵੇਅਰ ਵਿਕਾਸ, ਡੇਟਾ ਵਿਸ਼ਲੇਸ਼ਨ, ਅਤੇ ਪਰਾਜੈਕਟ ਮੈਨੇਜਮੈਂਟ ਜਿਹੇ ਅਹੁਦਿਆਂ ਤੇ ਸੇਵਾ ਕਰ ਚੁੱਕੇ ਹਨ । ਉਨ੍ਹਾਂ ਦੀ ਈ.ਆਰ.ਪੀ. (ਐਂਟਰਪਰਾਈਜ਼ ਰਿਸੋਰਸ ਪਲੈਨਿੰਗ) ਵਿਚ ਮੁਹਾਰਤ ਹੋਣ ਕਰ ਕੇ ਕਾਰਪੋਰੇਟ ਆਰਥਿਕ ਸੈਕਟਰ ਦੀ ਕਾਫੀ ਜਾਣਕਾਰੀ ਵੀ ਹੈ। ਟੈਕਨਾਲੋਜੀ ਦੁਆਰਾ ਸੰਚਾਲਤ ਮੌਜੂਦਾ ਕਾਰੋਬਾਰਾਂ ਦਾ ਵਿਸ਼ਲੇਸ਼ਨ ਅਤੇ ਸੁਧਾਰ ਕਰਨਾ ਉਨ੍ਹਾਂ ਦੀ ਵਿਸ਼ੇਸ਼ਤਾ ਹੈ ਅਤੇ ਛੋਟੇ ਕਾਰੋਬਾਰਾਂ ਦੀ ਸੰਚਾਲਨ ਸ਼ਕਤੀ, ਵਿੱਤੀ ਸਥਿਰਤਾ ਅਤੇ ਵਿਕਾਸ ਰਣਨੀਤੀਆਂ ਨਾਲ ਲਗਾਤਾਰ ਮਦਦ ਕਰ ਰਹੇ ਹਨ । ਟੈਕਨਾਲੋਜੀ ਸਲਾਹਕਾਰ ਹੋਣ ਤੋਂ ਇਲਾਵਾ ਉਹ ਸਿੱਖ ਭਾਈਚਾਰੇ ਦੀ ਸੇਵਾ ਦੀ ਵੀ ਬੜੀ ਲਗਨ ਕਰ ਰਹੇ ਹਨ । 2005 ਵਿਚ ਕੁੱਝ ਗੁਰਸਿੱਖ ਟੈਕਨਾਲੋਜਿਸਟਾਂ ਨਾਲ ਮਿਲਕੇ ਉਨ੍ਹਾਂ ਵਿਸਮਾਦ ਮੀਡੀਆਟੈਕ ਦੀ ਸਥਾਪਨਾ ਕੀਤੀ। ਇਸੇ ਨਾਮ ਥੱਲੇ ਸਿੱਖ ਇਤਿਹਾਸ ਦੀ ਪਹਿਲੀ ਐਨੀਮੇਟਿਡ ਮੂਵੀ – 4 ਸਾਹਿਬਜ਼ਾਦੇ ਬਣਾਈ ਗਈ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ, ਸੁੰਦਰੀ, ਭਾਈ ਤਾਰੂ ਸਿੰਘ ਅਤੇ ਕਈ ਹੋਰ ਸਿੱਖ ਬੱਚਿਆਂ ਲਈ ਵਿਦਿਅਕ ਐਨੀਮੇਟਿਡ ਵੀਡੀਓ ਬਣਾਈਆਂ। ਨਵਨੀਤ ਅਰੋੜਾ ਹਿੰਦੁਸਤਾਨ ਤੋਂ 2009 ਵਿਚ ਕੈਨੇਡਾ ਆਏ ਅਤੇ ਤਕਨਾਲੋਜੀ ਵਿਚ ਆਪਣਾ ਪੇਸ਼ਾ ਜਾਰੀ ਰੱਖਿਆ। ਬੀ.ਸੀ. ਵਿਚ ਸਿਰਫ ਖਾਲਸਾ ਕਰੈਡਿਟ ਯੂਨੀਅਨ ਹੀ ਇੱਕ ਵਿੱਤੀ ਸੰਸਥਾ ਹੈ ਜਿਸਦਾ ਭਾਈਚਾਰਾ ਹੀ ਮਾਲਕ ਹੈ ਅਤੇ ਭਾਈਚਾਰਾ ਹੀ ਚਲਾਉਂਦਾ ਹੈ। ਇਸ ਨੇ ਭਾਈਚਾਰੇ ਦੀ ਖੁਸ਼ਹਾਲੀ ਅਤੇ ਵਿਕਾਸ ਵਿਚ ਮੁੱਖ ਭੂਮਿਕਾ ਨਿਭਾਈ ਹੈ ਅਤੇ ਸਿੱਖ ਭਾਈਚਾਰੇ ਦੇ ਕਈ ਕਾਰਜਾਂ ਵਿਚ ਬਹੁਤ ਮਹੱਤਵਪੂਰਨ ਅਤੇ ਵੱਡਾ ਯੋਗਦਾਨ ਪਾਇਆ ਹੈ।

ਦੂਜੇ ਉਮੀਦਵਾਰ ਜਸਕਰਨ ਗਿੱਲ ਐਬਟਸਫ਼ੋਰਡ ਦੇ ਜੰਮਪਲ ਹਨ ਜਿਸ ਕਰਕੇ ਆਪਣੇ ਭਾਈਚਾਰੇ ਵਿਚ ਰਹਿੰਦੇ ਪੇਸ਼ਾਵਰ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸਮਝ ਰੱਖਦੇ ਹਨ । ਜਸਕਰਨ ਗਿੱਲ ਨੇ ਫ਼ਰੇਜ਼ਰ ਵੈਲੀ ਯੂਨੀਵਰਸਿਟੀ ਤੋ ਬੀ.ਬੀ.ਏ. ਦੀ ਡਿਗਰੀ ਪੇਸ਼ਾਵਰ ਚਾਰਟਡ ਅਕਾਊਂਟੈਂਟ (ਸੀ.ਪੀ.ਏ.) ਸਮੇਤ ਹਾਸਲ ਕੀਤੀ। ਸੇਨ ਗਰੁੱਪ ਦੇ ਮੁੱਖ ਵਿੱਤੀ ਅਫਸਰ (ਸੀ.ਐੱਫ.ਓ.) ਅਤੇ ਕੇ.ਪੀ.ਐੱਮ.ਜੀ., ਐੱਲ.ਐੱਲ.ਪੀ. ਦੇ ਸੀਨੀਅਰ ਅਕਾਊਂਟੈਂਟ ਦਾ ਕੰਮ ਦਾ ਤਜਰਬਾ ਹਾਸਲ ਕੀਤਾ। ਆਪਣੇ ਕੰਮ ਦੇ ਅਨੁਭਵ ਦੌਰਾਨ ਉਨ੍ਹਾਂ ਲੀਡਰਸ਼ਿੱਪ ਅਤੇ ਰਣਨੀਤਿਕ ਹੁਨਰ ਵੀ ਹਾਸਲ ਕੀਤੇ ਅਤੇ ਜ਼ਿੰਮੇਵਾਰੀਆਂ ਵਿਚ ਵਿੱਤੀ ਰਿਪੋਰਟਿੰਗ, ਨਕਦੀ ਦੇ ਪ੍ਰਵਾਹ ਦਾ ਪ੍ਰਬੰਧ, ਬਜਟਿੰਗ, ਅੰਦਰੂਨੀ ਕੰਟਰੋਲ ਅਤੇ ਆਈ.ਟੀ. ਦੀਆਂ ਜ਼ਰੂਰਤਾਂ ਨੇੜਿਓ ਸਮਝਦੇ ਹਨ। ਜਸਕਰਨ ਗਿੱਲ ਦਾ ਕਹਿਣਾ ਹੈ ਕਿ ਇੱਕ ਸਿੱਖ ਹੋਣ ਦੇ ਨਾਤੇ ਖਾਲਸਾ ਕਰੈਡਿਟ ਯੂਨੀਅਨ ਦੀਆਂ ਕਦਰਾਂ ਕੀਮਤਾਂ ਜਿਸ ਵਿਚ ਭਾਈਚਾਰੇ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਸ ਦਾ ਵਿਤੀ ਵਿਕਾਸ ਨੂੰ ਤਰਜੀਹ ਦੇਣਾ ਸ਼ਾਮਲ ਹੈ, ਵੱਲ ਮੈਂ ਖਿਚਿਆ ਗਿਆ। ਮੈਂਬਰਾਂ ਦੀ ਸੇਵਾ ਕਰਨ ਅਤੇ ਭਾਈਚਾਰੇ ਵਿਚ ਆਰਥਕ ਵਿਕਾਸ ਨੂੰ ਪਰਫੁਲਤ ਕਰਨ ਲਈ ਮੈਂ ਐਸੀ ਵਚਣਬੱਧਤਾ ਵਾਲੀ ਟੀਮ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਹਾਂ ਜਿੱਥੇ ਮੈਂ ਐਸੇ ਕਦਮਾਂ ਦਾ ਸੁਝਾਅ ਦੇ ਸਕਦਾ ਹਾਂ ਜਿਨ੍ਹਾਂ ਨਾਲ ਭਾਈਚਾਰਾ ਆਰਥਕ ਤੌਰ ਤੇ ਸੁਰੱਖਿਅਤ ਬਣੇ ਅਤੇ ਵਿਅਕਤੀਗਤ ਅਤੇ ਪਰਵਾਰਕ ਤੌਰ ਤੇ ਉਨ੍ਹਾਂ ਦੇ ਜੀਵਨ ਵਿਚ ਸਕਾਰਾਤਮਿਕ ਪ੍ਰਭਾਵ ਪਵੇ। ਸਰੀ, ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਵਿੱਚ ਨਵਨੀਤ ਸਿੰਘ ਅਰੋੜਾ, ਜਸਕਰਨ ਸਿੰਘ ਗਿੱਲ, ਰੁਪਿੰਦਰਜੀਤ ਸਿੰਘ ਕਾਹਲੋਂ, ਗੁਰਦੀਪ ਸਿੰਘ ਦੀ ਸਲੇਟ ਨੂੰ ਸਿੱਖ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਵੇਖਣ ਨੂੰ ਮਿਲ ਰਿਹਾ ਹੈ। ਖਾਲਸਾ ਕਰੈਡਿਟ ਯੂਨੀਅਨ ਦੀਆਂ ਚਾਰ ਡਾਇਰੈਕਟਰਾਂ ਦੇ ਅਹੁਦਿਆਂ ਲਈ ਚੋਣਾਂ 28 ਅਪ੍ਰੈਲ ਨੂੰ ਹੋਣੀਆਂ ਹਨ ਅਤੇ 4 ਉਮੀਦਵਾਰਾਂ ਵਜੋਂ ਨਵਨੀਤ ਸਿੰਘ ਅਰੋੜਾ, ਜਸਕਰਨ ਸਿੰਘ ਗਿੱਲ, ਰੁਪਿੰਦਰਜੀਤ ਸਿੰਘ ਕਾਹਲੋਂ, ਗੁਰਦੀਪ ਸਿੰਘ ਚੋਣ ਮੈਦਾਨ ਵਿੱਚ ਹਨ।

ਨਵਨੀਤ ਅਰੋੜਾ ਨੂੰ ਸੂਚਨਾ ਅਤੇ ਤਕਨਾਲੋਜੀ ਵਿਚ 30 ਸਾਲ ਤੋਂ ਵੱਧ ਦਾ ਤਜਰਬਾ ਨਾਲ ਹੈ ਅਤੇ ਕਈ ਕਾਰਪੋਰੇਟਾਂ ਵਿਚ ਵਪਾਰਕ ਵਿਸ਼ਲੇਸ਼ਨ, ਸਾਫ਼ਟਵੇਅਰ ਵਿਕਾਸ, ਡੇਟਾ ਵਿਸ਼ਲੇਸ਼ਨ, ਅਤੇ ਪਰਾਜੈਕਟ ਮੈਨੇਜਮੈਂਟ ਜਿਹੇ ਅਹੁਦਿਆਂ ਤੇ ਸੇਵਾ ਕਰ ਚੁੱਕੇ ਹਨ । ਉਨ੍ਹਾਂ ਦੀ ਈ.ਆਰ.ਪੀ. (ਐਂਟਰਪਰਾਈਜ਼ ਰਿਸੋਰਸ ਪਲੈਨਿੰਗ) ਵਿਚ ਮੁਹਾਰਤ ਹੋਣ ਕਰ ਕੇ ਕਾਰਪੋਰੇਟ ਆਰਥਿਕ ਸੈਕਟਰ ਦੀ ਕਾਫੀ ਜਾਣਕਾਰੀ ਵੀ ਹੈ। ਟੈਕਨਾਲੋਜੀ ਦੁਆਰਾ ਸੰਚਾਲਤ ਮੌਜੂਦਾ ਕਾਰੋਬਾਰਾਂ ਦਾ ਵਿਸ਼ਲੇਸ਼ਨ ਅਤੇ ਸੁਧਾਰ ਕਰਨਾ ਉਨ੍ਹਾਂ ਦੀ ਵਿਸ਼ੇਸ਼ਤਾ ਹੈ ਅਤੇ ਛੋਟੇ ਕਾਰੋਬਾਰਾਂ ਦੀ ਸੰਚਾਲਨ ਸ਼ਕਤੀ, ਵਿੱਤੀ ਸਥਿਰਤਾ ਅਤੇ ਵਿਕਾਸ ਰਣਨੀਤੀਆਂ ਨਾਲ ਲਗਾਤਾਰ ਮਦਦ ਕਰ ਰਹੇ ਹਨ । ਟੈਕਨਾਲੋਜੀ ਸਲਾਹਕਾਰ ਹੋਣ ਤੋਂ ਇਲਾਵਾ ਉਹ ਸਿੱਖ ਭਾਈਚਾਰੇ ਦੀ ਸੇਵਾ ਦੀ ਵੀ ਬੜੀ ਲਗਨ ਕਰ ਰਹੇ ਹਨ । 2005 ਵਿਚ ਕੁੱਝ ਗੁਰਸਿੱਖ ਟੈਕਨਾਲੋਜਿਸਟਾਂ ਨਾਲ ਮਿਲਕੇ ਉਨ੍ਹਾਂ ਵਿਸਮਾਦ ਮੀਡੀਆਟੈਕ ਦੀ ਸਥਾਪਨਾ ਕੀਤੀ। ਇਸੇ ਨਾਮ ਥੱਲੇ ਸਿੱਖ ਇਤਿਹਾਸ ਦੀ ਪਹਿਲੀ ਐਨੀਮੇਟਿਡ ਮੂਵੀ – 4 ਸਾਹਿਬਜ਼ਾਦੇ ਬਣਾਈ ਗਈ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ, ਸੁੰਦਰੀ, ਭਾਈ ਤਾਰੂ ਸਿੰਘ ਅਤੇ ਕਈ ਹੋਰ ਸਿੱਖ ਬੱਚਿਆਂ ਲਈ ਵਿਦਿਅਕ ਐਨੀਮੇਟਿਡ ਵੀਡੀਓ ਬਣਾਈਆਂ। ਨਵਨੀਤ ਅਰੋੜਾ ਹਿੰਦੁਸਤਾਨ ਤੋਂ 2009 ਵਿਚ ਕੈਨੇਡਾ ਆਏ ਅਤੇ ਤਕਨਾਲੋਜੀ ਵਿਚ ਆਪਣਾ ਪੇਸ਼ਾ ਜਾਰੀ ਰੱਖਿਆ। ਬੀ.ਸੀ. ਵਿਚ ਸਿਰਫ ਖਾਲਸਾ ਕਰੈਡਿਟ ਯੂਨੀਅਨ ਹੀ ਇੱਕ ਵਿੱਤੀ ਸੰਸਥਾ ਹੈ ਜਿਸਦਾ ਭਾਈਚਾਰਾ ਹੀ ਮਾਲਕ ਹੈ ਅਤੇ ਭਾਈਚਾਰਾ ਹੀ ਚਲਾਉਂਦਾ ਹੈ। ਇਸ ਨੇ ਭਾਈਚਾਰੇ ਦੀ ਖੁਸ਼ਹਾਲੀ ਅਤੇ ਵਿਕਾਸ ਵਿਚ ਮੁੱਖ ਭੂਮਿਕਾ ਨਿਭਾਈ ਹੈ ਅਤੇ ਸਿੱਖ ਭਾਈਚਾਰੇ ਦੇ ਕਈ ਕਾਰਜਾਂ ਵਿਚ ਬਹੁਤ ਮਹੱਤਵਪੂਰਨ ਅਤੇ ਵੱਡਾ ਯੋਗਦਾਨ ਪਾਇਆ ਹੈ।

ਦੂਜੇ ਉਮੀਦਵਾਰ ਜਸਕਰਨ ਗਿੱਲ ਐਬਟਸਫ਼ੋਰਡ ਦੇ ਜੰਮਪਲ ਹਨ ਜਿਸ ਕਰਕੇ ਆਪਣੇ ਭਾਈਚਾਰੇ ਵਿਚ ਰਹਿੰਦੇ ਪੇਸ਼ਾਵਰ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸਮਝ ਰੱਖਦੇ ਹਨ । ਜਸਕਰਨ ਗਿੱਲ ਨੇ ਫ਼ਰੇਜ਼ਰ ਵੈਲੀ ਯੂਨੀਵਰਸਿਟੀ ਤੋ ਬੀ.ਬੀ.ਏ. ਦੀ ਡਿਗਰੀ ਪੇਸ਼ਾਵਰ ਚਾਰਟਡ ਅਕਾਊਂਟੈਂਟ (ਸੀ.ਪੀ.ਏ.) ਸਮੇਤ ਹਾਸਲ ਕੀਤੀ। ਸੇਨ ਗਰੁੱਪ ਦੇ ਮੁੱਖ ਵਿੱਤੀ ਅਫਸਰ (ਸੀ.ਐੱਫ.ਓ.) ਅਤੇ ਕੇ.ਪੀ.ਐੱਮ.ਜੀ., ਐੱਲ.ਐੱਲ.ਪੀ. ਦੇ ਸੀਨੀਅਰ ਅਕਾਊਂਟੈਂਟ ਦਾ ਕੰਮ ਦਾ ਤਜਰਬਾ ਹਾਸਲ ਕੀਤਾ। ਆਪਣੇ ਕੰਮ ਦੇ ਅਨੁਭਵ ਦੌਰਾਨ ਉਨ੍ਹਾਂ ਲੀਡਰਸ਼ਿੱਪ ਅਤੇ ਰਣਨੀਤਿਕ ਹੁਨਰ ਵੀ ਹਾਸਲ ਕੀਤੇ ਅਤੇ ਜ਼ਿੰਮੇਵਾਰੀਆਂ ਵਿਚ ਵਿੱਤੀ ਰਿਪੋਰਟਿੰਗ, ਨਕਦੀ ਦੇ ਪ੍ਰਵਾਹ ਦਾ ਪ੍ਰਬੰਧ, ਬਜਟਿੰਗ, ਅੰਦਰੂਨੀ ਕੰਟਰੋਲ ਅਤੇ ਆਈ.ਟੀ. ਦੀਆਂ ਜ਼ਰੂਰਤਾਂ ਨੇੜਿਓ ਸਮਝਦੇ ਹਨ। ਜਸਕਰਨ ਗਿੱਲ ਦਾ ਕਹਿਣਾ ਹੈ ਕਿ ਇੱਕ ਸਿੱਖ ਹੋਣ ਦੇ ਨਾਤੇ ਖਾਲਸਾ ਕਰੈਡਿਟ ਯੂਨੀਅਨ ਦੀਆਂ ਕਦਰਾਂ ਕੀਮਤਾਂ ਜਿਸ ਵਿਚ ਭਾਈਚਾਰੇ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਸ ਦਾ ਵਿਤੀ ਵਿਕਾਸ ਨੂੰ ਤਰਜੀਹ ਦੇਣਾ ਸ਼ਾਮਲ ਹੈ, ਵੱਲ ਮੈਂ ਖਿਚਿਆ ਗਿਆ। ਮੈਂਬਰਾਂ ਦੀ ਸੇਵਾ ਕਰਨ ਅਤੇ ਭਾਈਚਾਰੇ ਵਿਚ ਆਰਥਕ ਵਿਕਾਸ ਨੂੰ ਪਰਫੁਲਤ ਕਰਨ ਲਈ ਮੈਂ ਐਸੀ ਵਚਣਬੱਧਤਾ ਵਾਲੀ ਟੀਮ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਹਾਂ ਜਿੱਥੇ ਮੈਂ ਐਸੇ ਕਦਮਾਂ ਦਾ ਸੁਝਾਅ ਦੇ ਸਕਦਾ ਹਾਂ ਜਿਨ੍ਹਾਂ ਨਾਲ ਭਾਈਚਾਰਾ ਆਰਥਕ ਤੌਰ ਤੇ ਸੁਰੱਖਿਅਤ ਬਣੇ ਅਤੇ ਵਿਅਕਤੀਗਤ ਅਤੇ ਪਰਵਾਰਕ ਤੌਰ ਤੇ ਉਨ੍ਹਾਂ ਦੇ ਜੀਵਨ ਵਿਚ ਸਕਾਰਾਤਮਿਕ ਪ੍ਰਭਾਵ ਪਵੇ।




ਤੀਜੇ ਉਮੀਦਵਾਰ ਰੁਪਿੰਦਰਜੀਤ ਸਿੰਘ ਕਾਹਲੋਂ ਦਾ ਸਿੱਖ ਧਰਮ ਅਤੇ ਇਸ ਦੇ ਸਿਧਾਂਤਾਂ ਨਾਲ ਗੂੜ੍ਹਾ ਰਿਸ਼ਤਾ ਹੈ ਅਤੇ ਇਸ ਦੇ ਨਾਲ ਸਵੈਇੱਛਿਤ ਸੇਵਾ ਅਤੇ ਪੇਸ਼ੇਵਰ ਹੋਣ ਦਾ ਪਿਛੋਕੜ ਵੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਖਾਲਸਾ ਕਰੈਡਿਟ ਯੂਨੀਅਨ ਦਾ ਡਾਇਰੈਕਟਰ ਬਣ ਕੇ ਇਸ ਸੰਸਥਾ ਅਤੇ ਭਾਈਚਾਰੇ ਦੀ ਸੇਵਾ ਕਰਨ ਦੀ ਸੰਭਾਵਨਾ ਮੇਰੇ ਲਈ ਬਹੁਤ ਖੁਸ਼ੀ ਦਾ ਮੌਕਾ ਹੈ। ਸਿੱਖ ਧਰਮ ਲਈ ਵਚਣਬੱਧਤਾ ਮੇਰੀ ਜ਼ਿੰਦਗੀ ਦਾ ਧੁਰਾ ਹੈ। ਮੈਂ ਅੰਮ੍ਰਿਤਧਾਰੀ ਸਿਖ ਹੋਣ ਦੇ ਨਾਤੇ ਆਪਣੀ ਜ਼ਿੰਦਗੀ ਦਾ ਸਫਰ ਗੁਰਬਾਣੀ ਦੇ ਆਦਰਸ਼ਾਂ ਅਨੁਸਾਰ ਚਲਾਉਂਦਾ ਹਾਂ। ਰੁਪਿੰਦਰਜੀਤ ਸਿੰਘ ਕਾਹਲੋਂ ਨੇ ਪੜ੍ਹਾਈ ਪੰਜਾਬ ਯੂਨੀਵਰਸਿਟੀ ਤੋਂ ਸ਼ੁਰੂ ਕੀਤੀ ਅਤੇ ਧਾਤੂ ਵਿਗਿਆਨ (ਮੈਟਲਰਜੀ) ਵਿਚ ਤਕਨੀਕੀ ਮੁਹਾਰਤ ਹਾਸਲ ਕੀਤੀ। ਇਸ ਤੋਂ ਬਾਅਦ ਰਿਓ ਟਿੰਟੋ ਨਾਲ 3 ਦਹਾਕੇ ਤੋਂ ਵੱਧ ਕੰਮ ਕੀਤਾ ਅਤੇ ਲੀਡਰਸ਼ਿੱਪ, ਟੀਮਵਰਕ ਅਤੇ ਨਵੀਨੀਕਰਨ ਜਿਹੀਆਂ ਜ਼ਿੰਮੇਵਾਰੀਆਂ ਨਿਭਾਈਆਂ। ਇਸ ਸਮੇਂ ਸ੍ਰੀ ਗੁਰੂ ਸਿੰਘ ਸਭਾ ਐਸੋਸੀਏਸ਼ਨ (ਸਰੀ ਬੀ.ਸੀ.) ਦਾ ਡਾਇਰੈਕਟਰ ਅਤੇ ਜਨਰਲ ਸੈਕਟਰੀ ਵੀ ਹਨ ਅਤੇ ਇਸ ਤੋਂ ਪਹਿਲਾਂ ਟੈਰੇਸ ਲੋਕਲ ਗੁਰਦੁਆਰੇ ਦਾ ਜਨਰਲ ਸੈਕਟਰੀ ਵੀ ਰਹਿ ਚੁੱਕੇ ਹਨ।

ਇਸ ਸਲੇਟ ਦੇ ਚੌਥੇ ਉਮੀਦਵਾਰ ਗੁਰਦੀਪ ਸਿੰਘ ਖਾਲਸਾ ਕਰੈਡਿਟ ਯੂਨੀਅਨ ਦਾ ਡਾਇਰੈਕਟਰ ਬਣਨ ਲਈ ਬੜਾ ਉਤਸ਼ਾਹਿਤ ਹਨ ਉਨ੍ਹਾਂ ਕਿਹਾ ਕਿ ਆਪਣੀ ਮਜ਼ਬੂਤ ਲੀਡਰਸ਼ਿੱਪ ਅਤੇ ਬੇਮਿਸਾਲ ਗਾਹਕ ਸੇਵਾ ਦੇ ਹੁਨਰ ਉਨ੍ਹਾਂ ਦੀ ਪ੍ਰੇਰਣਾ ਸ਼ਕਤੀ ਹਨ। ਆਪਣੇ ਪੇਸ਼ਾਵਰ ਜੀਵਨ ਦੌਰਾਨ ਉਨ੍ਹਾਂ ਹਮੇਸ਼ਾ ਆਪਣੀ ਟੀਮ ਦੀ ਅਗਵਾਈ ਕੀਤੀ ਹੈ, ਟੀਮ-ਵਰਕ ਨੂੰ ਉਤਸ਼ਾਹਿਤ ਕੀਤਾ ਹੈ, ਅਤੇ ਆਪਣੇ ਨਿਸ਼ਚਿਤ ਕੀਤੇ ਨਿਸ਼ਾਨਿਆਂ ਤੋਂ ਵੱਧ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਮੇਰੀ ਲੀਡਰਸ਼ਿੱਪ ਸ਼ੈਲੀ ਵਿਚ ਰਣਨੀਤਕ ਦ੍ਰਿਸ਼ਟੀ ਅਤੇ ਅਸਰਦਾਰ ਫੈਸਲੇ ਕਰਨੇ ਵਿਸ਼ੇਸ਼ ਹਨ ਜੋ ਗੁਣ ਕਰੈਡਿਟ ਯੂਨੀਅਨ ਦੀ ਉੱਨਤੀ/ਵਾਧੇ ਲਈ ਜ਼ਰੂਰੀ ਹਨ। ਵਿਕਰੇਤਾ ਸ਼ੈਲੀ ਦਾ ਮੇਰਾ ਰਿਕਾਰਡ ਹੈ ਕਿ ਮੈਂ ਹਮੇਸ਼ਾ ਨਿਸ਼ਚਿਤ ਟੀਚਿਆਂ ਨੂੰ ਪਾਰ ਕਰਦਾ ਰਿਹਾ ਹਾਂ ਅਤੇ ਆਪਣੀ ਯੋਗਤਾ ਨਾਲ ਗਤੀਸ਼ੀਲ ਵਿੱਤੀ ਮਾਹੌਲ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਗਾਹਕ ਸੇਵਾ ਲਈ ਮੇਰੀ ਵਚਣਬੱਧਤਾ ਖਾਲਸਾ ਕਰੈਡਿਟ ਯੂਨੀਅਨ ਦੇ ਆਦਰਸ਼ਾਂ ਅਨੁਕੂਲ ਹੈ ਅਤੇ ਮੈਂਬਰਾਂ ਦੀ ਸੰਤੁਸ਼ਟੀ ਅਤੇ ਮੈਂਬਰਾਂ ਦੀ ਵਫ਼ਾਦਾਰੀ ਨੂੰ ਪੱਕਿਆਂ ਕਰਦੀ ਹੈ। ਟੀਮ-ਵਰਕ ਪਹੁੰਚ ਦਾ ਅਧਾਰ ਹੈ ਕਿਉਂਕਿ ਉਹ ਵਿਸ਼ਵਾਸ ਕਰਦੇ ਹਨ ਕਿ ਮਿਲਵਰਤਨ ਵਾਲੀਆਂ ਕੋਸ਼ਿਸ਼ਾਂ ਨਾਲ ਨਵੀਨਤਮ ਨਤੀਜੇ ਨਿਕਲਦੇ ਹਨ।

ਖਾਲਸਾ ਕ੍ਰੈਡਿਟ ਯੂਨੀਅਨ ਡਾਇਰੈਕਟਰਾਂ ਦੀਆਂ ਚੋਣਾਂ 28 ਅਪ੍ਰੈਲ ਨੂੰ ਹੋਣ ਜਾ ਰਹੀਆਂ ਹਨ ਅਤੇ ਉਪਰੋਕਤ ਉਮੀਦਵਾਰਾਂ ਨੇ ਖਾਲਸਾ ਕ੍ਰੈਡਿਟ ਯੂਨੀਅਨ ਦੇ ਮੈਂਬਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ 28 ਅਪ੍ਰੈਲ ਦਿਨ ਐਤਵਾਰ ਨੂੰ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਸਾਰੀਆਂ ਬ੍ਰਾਂਚਾਂ ਆਉਣ ਅਤੇ ਆਪਣਾ ਕੀਮਤੀ ਵੋਟ ਦੇ ਕੇ ਕਾਮਯਾਬ ਬਣਾਉਣ ਵੋਟਿੰਗ ਹੋਵੇਗੀ। ਵੋਟਿੰਗ ਦੌਰਾਨ ਹਰੇਕ ਮੈਂਬਰ ਨੂੰ ਆਪਣੀ ਇੱਕ ਫੋਟੋ ਆਈ ਡੀ ਲੈ ਕੇ ਆਪਣੇ ਨੇੜੇ ਦੀ ਕਿਸੇ ਵੀ ਬਰਾਂਚ ਵਿੱਚ ਜਾ ਕੇ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟ ਪਾ ਸਕਦੇ ਹਨ।

ਸਫ਼ਾ 1 ਦਾ ਬਾਕੀ

## ਖ਼ਾਲਸਾ ਕ੍ਰੈਡਿਟ ਯੂਨੀਅਨ ਦੀਆਂ ਚੋਣਾਂ ਲਈ ...

ਦੀ ਕਿਸੇ ਵੀ ਬਰਾਂਚ ਵਿੱਚ ਜਾ ਕੇ ਵੋਟ ਪਾ ਸਕਦੇ ਹਨ । ਇਹ ਵੋਟਾਂ 28 ਅਪ੍ਰੈਲ ਦਿਨ ਐਤਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਸਾਰੀਆਂ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਬਰਾਂਚਾਂ ਵਿੱਚ ਪੈਣਗੀਆਂ। ਜ਼ਿਕਰਯੋਗ ਹੈ ਕਿ ਖਾਲਸਾ ਕ੍ਰੈਡਿਟ ਯੂਨੀਅਨ ਚਾਰ ਡਾਇਰੈਕਟਰਾਂ ਦੀਆਂ ਚੋਣਾਂ ਪ੍ਰਤੀ ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਜ਼ਿਕਰਯੋਗ ਹੈ ਕਿ ਵੋਟਿੰਗ ਤੋਂ ਬਾਅਦ 38ਵੀਂ ਸਾਲਾਨਾ ਜਨਰਲ ਮੀਟਿੰਗ ਐਤਵਾਰ 12 ਮਈ 2024 ਨੂੰ ਦੁਪਹਿਰ 1:00 ਵਜੇ ਹੋਵੇਗੀ ਜਿਸ ਵਿੱਚ ਨਵੇਂ ਏਜੰਡੇ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ ਅਤੇ ਹੋਰ ਕਈ ਅਹਿਮ ਫੈਸਲਿਆਂ 'ਤੇ ਚਰਚਾ ਕੀਤੀ ਜਾਵੇਗੀ।

## 29 ਨਵੰਬਰ ਤੋਂ ਸਰੀ ਪੁਲਿਸ ...

ਅਧਿਕਾਰ ਖੇਤਰ ਦੀ ਪੁਲਿਸ ਵਜੋਂ ਵਰਤਣ ਲਈ ਸੂਬੇ ਦੇ ਨਾਲ ਸ਼ਹਿਰ ਦੀ ਮਿਊਂਸਪਲ ਪੁਲਿਸ ਯੂਨਿਟ ਦੇ ਸਮਝੌਤੇ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ, ਆਰ.ਸੀ.ਐਮ.ਪੀ ਨੂੰ ਮਿਊਂਸਪਲ ਯੂਨਿਟ ਨੂੰ ਫੈਡਰਲ ਸਰਕਾਰ ਨਾਲ ਪ੍ਰੋਵਿੰਸ ਦੇ ਪੁਲਿਸਿੰਗ ਸਮਝੌਤੇ ਤੋਂ ਹਟਾ ਦਿੱਤਾ ਜਾਵੇਗਾ ਅਤੇ ਸਰੀ ਪੁਲਿਸ ਦੀ ਸ਼ਹਿਰ ਵਿੱਚ ਤਬਦੀਲੀ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ। ਫਾਰਨਵਰਥ ਦੇ ਇਸ ਬਿਆਨ ਤੋਂ ਬਾਅਦ ਸਰੀ ਦੇ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਹ ਸਰੀ ਨਿਵਾਸੀਆਂ ਦੇ ਖਿਲਾਫ "ਬਦਲਾਖੋਰੀ" ਹੋਵੇਗੀ। ਬਰੈਂਡਾ ਨੇ ਕਿਹਾ "ਮੈਨੂੰ ਅਜੇ ਵੀ ਨਹੀਂ ਪਤਾ ਕਿ ਅਸੀਂ ਅਜਿਹਾ ਕਿਉਂ ਕਰ ਰਹੇ ਹਾਂ। ਇਸ ਵਿੱਚ ਕੋਈ ਚੰਗਾ ਕਾਰਨ ਨਹੀਂ ਹੈ। "




# ਲਿਬਰਲਾਂ ਦੇ ਬਜਟ ਨੂੰ ਸਮਰਥਨ ਸਬੰਧੀ ਫੈਸਲਾ ਅਜੇ ਵਿਚਾਰ ਅਧੀਨ : ਜਗਮੀਤ ਸਿੰਘ



ਔਟਵਾ : ਐਨ.ਡੀ.ਪੀ. ਲੀਡਰ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਅਜੇ ਇਹ ਫੈਸਲਾ ਨਹੀਂ ਕੀਤਾ ਹੈ ਕਿ ਉਹ ਪਿਛਲੇ ਹਫ਼ਤੇ ਪੇਸ਼ ਕੀਤੇ ਗਏ ਫੈਡਰਲ ਬਜਟ ਦੇ ਹੱਕ ਵਿੱਚ ਵੋਟ ਦੇਵੇਗੀ ਜਾਂ ਨਹੀਂ।

ਐਨਡੀਪੀ ਨੇ ਆਪਣੀਆਂ ਕੁਝ ਤਰਜੀਹਾਂ 'ਤੇ ਕਾਰਵਾਈ ਦੇ ਬਦਲੇ ਭਰੋਸਗੀ ਅਤੇ ਬਜਟ ਦੀਆਂ ਵੋਟਾਂ 'ਤੇ ਸੱਤਾਧਾਰੀ ਲਿਬਰਲ ਪਾਰਟੀ ਨੂੰ ਸਮਰਥਨ ਦੇਣ ਦਾ ਸਮਝੌਤਾ ਕੀਤਾ ਹੋਇਆ ਹੈ।

ਇਹ ਸਮਝੌਤਾ ਅਗਲੇ ਸਾਲ ਦੇ ਜੂਨ ਤੱਕ ਚੱਲੇਗਾ, ਪਰ ਜਗਮੀਤ ਸਿੰਘ ਨੇ ਫ਼ਿਲਹਾਲ ਇਸ ਮੁੱਦੇ 'ਤੇ ਕੁਝ ਨਹੀਂ ਕਿਹਾ ਕਿ ਕੀ ਉਹ ਲਿਬਰਲਾਂ ਦੇ ਤਾਜ਼ਾ ਬਜਟ ਦਾ ਸਮਰਥਨ ਕਰਦੇ ਹਨ ਜਾਂ ਨਹੀਂ।

ਜਗਮੀਤ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, ਅਸੀਂ ਅਜੇ ਇਹ ਫੈਸਲਾ ਨਹੀਂ ਕੀਤਾ ਹੈ।

ਬਜਟ ਵਿੱਚ ਉਹ ਚੀਜ਼ਾਂ ਸ਼ਾਮਲ ਹਨ ਜਿਨ੍ਹਾਂ ਦੀ ਐਨਡੀਪੀ ਦੁਆਰਾ ਮੰਗ ਕੀਤੀ ਜਾ ਰਹੀ ਸੀ। ਇਸ ਵਿਚ ਰਾਸ਼ਟਰੀ ਫਾਰਮਾਕੇਅਰ ਪ੍ਰੋਗਰਾਮ ਲਈ ਫੰਡਿੰਗ ਅਤੇ ਸਕੂਲ ਲੰਚ ਪ੍ਰੋਗਰਾਮ ਸ਼ਾਮਲ ਹਨ।

ਪਰ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਬਜਟ ਨੂੰ ਲੈ ਕੇ ਕਈ ਚਿੰਤਾਵਾਂ ਹਨ। ਉਹਨਾਂ ਨੇ ਰਾਸ਼ਟਰੀ ਅਪੰਗਤਾ ਲਾਭ (ਨੈਸ਼ਨਲ ਡਿਸਏਬਿਲਿਟੀ ਬੈਨਿਫ਼ਿਟ) ਲਈ ਫ਼ੰਡਿੰਗ ਨੂੰ ਨਾਕਾਫ਼ੀ ਆਖਿਆ ਹੈ।

ਅਸੀਂ ਕੋਈ ਫੈਸਲਾ ਲੈਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਅਤੇ ਲਿਬਰਲਾਂ ਤੋਂ ਇਹ ਸੁਣਨਾ ਹੈ ਕਿ ਸਾਡੀਆਂ ਚਿੰਤਾਵਾਂ ਪ੍ਰਤੀ ਉਨ੍ਹਾਂ ਦਾ ਕੀ ਜਵਾਬ ਹੈ।

ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਕਿਹਾ ਕਿ ਉਨ੍ਹਾਂ ਨੇ ਲੰਘੇ ਵੀਕੈਂਡ ਐਨਡੀਪੀ ਦੇ ਫ਼ਾਈਨੈਂਸ ਕ੍ਰਿਟਿਕ ਨਾਲ ਗੱਲ ਕੀਤੀ ਹੈ।

ਫ੍ਰੀਲੈਂਡ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ, ਮੈਨੂੰ ਉਮੀਦ ਹੈ ਕਿ ਹਰ ਇੱਕ ਪਾਰਟੀ ਦੇ ਐਮਪੀ ਬਜਟ ਵਿੱਚ ਜ਼ਰੂਰੀ ਨਿਵੇਸ਼ਾਂ ਦਾ ਸਮਰਥਨ ਕਰਨਗੇ। ਕੰਜ਼ਰਵੇਟਿਵਜ਼, ਬਲੌਕ ਕਿਊਬੈਕਵਾ ਅਤੇ ਗ੍ਰੀਨ ਪਾਰਟੀ ਕਹਿ ਚੁੱਕੇ ਹਨ ਕਿ ਉਹ ਬਜਟ ਦਾ ਸਮਰਥਨ ਨਹੀਂ ਕਰਨਗੇ। This report was written by Ishpreet Kaur as part of the Local Journalism Initiative.

# ਸਰੀ ਕੌਂਸਲ ਨੇ 6% ਪ੍ਰਾਪਰਟੀ ਟੈਕਸ ਵਾਧੇ ਦੇ ਨਾਲ ਬਜਟ ਨੂੰ ਦਿੱਤੀ ਮਨਜ਼ੂਰੀ




ਸਰੀ, (ਇਸ਼ਪ੍ਰੀਤ ਕੌਰ): ਸਰੀ ਸਿਟੀ ਕੌਂਸਲ ਨੇ ਬੀਤੇ ਦਿਨੀਂ 2024 ਦੇ ਬਜਟ ਨੂੰ ਤੀਜੀ-ਰੀਡਿੰਗ ਤੋਂ ਬਾਅਦ ਪ੍ਰਵਾਨਗੀ ਦੇ ਦਿੱਤੀ ਇਸ ਦੇ ਨਾਲ ਹੀ ਜਾਇਦਾਦ ਟੈਕਸ ਵਿੱਚ 6 ਪ੍ਰਤੀਸ਼ਤ ਤੱਕ ਦਾ ਵਾਧਾ, ਸੜਕਾਂ ਅਤੇ ਟੈਕਸ ਵਸੂਲੀ ਵਿੱਚ ਇੱਕ ਪ੍ਰਤੀਸ਼ਤ ਵਾਧਾ ਵੀ ਸ਼ਾਮਲ ਹੈ। ਹੈਰਾਨੀ ਦੀ ਹੱਲ ਇਹ ਵੀ ਸੀ ਕਿ ਇਸ ਦੌਰਾਨ ਸਰੀ ਦੇ ਸਿਰਫ਼ ਤਿੰਨ ਵਸਨੀਕ ਮੌਜੂਦ ਸਨ ਜਿਨ੍ਹਾਂ ਨੇ ਆਪਣੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਸਿਟੀ ਹਾਲ ਵਿੱਚ ਇੱਕ ਜਨਤਕ ਸੁਣਵਾਈ ਵਿੱਚ ਹਾਜ਼ਰੀ ਭਰੀ । ਸਰੀ ਦੀ ਮੇਅਰ ਬਰੈਂਡਾ ਲੌਕ ਨੇ 2024 ਦੇ ਇਸ ਬਜਟ ਨੂੰ "ਸ਼ਾਨਦਾਰ" ਬਜਟ ਕਿਹਾ। ਸਰੀ ਕਨੈਕਟ ਦੇ ਪੰਜਾਂ ਵਿੱਚੋਂ ਬਰੈਂਡਾ ਲੌਕ, ਕੌਂਸਲਰ ਪਰਦੀਪ ਕੂਨਰ, ਹੈਰੀ ਬੈਂਸ, ਰੌਬ ਸਟੱਟ ਅਤੇ ਗੋਰਡਨ ਹੈਪਨਰ ਨੇ ਹਾਂ ਵਿੱਚ ਵੋਟ ਦਿੱਤੀ। ਸਰੀ ਫਸਟ ਕੌਂਸਲਰ ਲਿੰਡਾ ਐਨੀਸ ਅਤੇ ਮਾਈਕ ਬੋਸ ਅਤੇ ਸੇਫ ਸਰੀ ਕੋਲੀਸ਼ਨ ਕੌਂਸਲਰ ਡੱਗ ਐਲਫੋਰਡ ਅਤੇ ਮਨਦੀਪ ਨਾਗਰਾ ਨੇ ਨਾਂਹ ਵਿੱਚ ਵੋਟ ਪਾਈ। ਸਰੀ ਦੇ ਵਿੱਤ ਦੇ ਜਨਰਲ ਮੈਨੇਜਰ ਕਾਮ ਗਰੇਵਾਲ ਨੇ ਕੌਂਸਲ ਦੇ ਨੇੜੇ-ਤੇੜੇ ਖਾਲੀ ਚੈਂਬਰਾਂ ਵਿੱਚ ਦਸਤਾਵੇਜ਼ ਪੇਸ਼ ਕੀਤੇ। ਛੇ ਪ੍ਰਤਿਸ਼ਤ ਆਮ ਸੰਪੱਤੀ ਟੈਕਸ ਵਿੱਚ ਵਾਧਾ - ਭਾਵ ਔਸਤ ਸਿੰਗਲ-ਪਰਿਵਾਰ ਦੇ ਨਿਵਾਸ ਲਈ ਲਗਭਗ $152 ਹੋਰ ਵਾਧੂ ਵਿੱਤੀ ਬੋਝ ਪਵੇਗਾ। ਸਿਟੀ ਕੌਂਸਲ ਦਾ ਕਹਿਣਾ ਹੈ ਕਿ ਇਹ ਪੈਸਾ ਮਹਿੰਗਾਈ ਦੇ ਵਧੇ ਦਬਾਅ, ਪੁਲਿਸਿੰਗ, ਫਾਇਰਫਾਈਟਿੰਗ ਅਤੇ ਉਪ-ਕਾਨੂੰਨ ਲਾਗੂ ਕਰਨ ਲਈ ਨਵੇਂ ਸਰੋਤਾਂ ਨੂੰ ਹੱਲ ਕਰਨ 'ਤੇ ਖਰਚ ਕੀਤਾ ਜਾਵੇਗਾ।

2024 ਪੰਜ-ਸਾਲਾ ਜਨਰਲ ਓਪਰੇਟਿੰਗ ਵਿੱਤੀ ਯੋਜਨਾ "ਚਾਰ ਭਾਗਾਂ" 'ਤੇ ਆਧਾਰਿਤ ਹੈ, ਜਿਸ ਦੇ ਨਾਲ ਬਾਕੀ ਤਿੰਨ ਪ੍ਰਾਪਰਟੀ ਟੈਕਸ ਵਾਧੇ ਦੇ ਇਲਾਵਾ ਇੱਕ ਪ੍ਰਤੀਸ਼ਤ ਸੜਕਾਂ ਅਤੇ ਟ੍ਰੈਫਿਕ ਵਾਧਾ (ਔਸਤ ਮੁਲਾਂਕਣ ਲਈ ਲਗਭਗ $25) ਹਨ। ਜ਼ਿਕਰਯੋਗ ਹੈ ਕਿ 2023 ਵਿੱਚ ਸਰੀ ਦਾ ਬਜਟ 12.5 ਪ੍ਰਤੀਸ਼ਤ ਪ੍ਰਾਪਰਟੀ ਟੈਕਸ ਵਾਧੇ ਦੇ ਨਾਲ ਆਇਆ ਸੀ ਜਦੋਂ ਕਿ 17.5 % ਦੇ ਵਾਧੇ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਜਿਸ ਦਾ ਤਿੱਖਾ ਵਿਰੋਧ ਹੋਣ ਤੋਂ ਬਾਅਦ ਘਟਾ ਕੇ 12.5 ਫੀਸਦੀ ਕਰ ਦਿੱਤਾ ਗਿਆ ਸੀ। This report was written by Ishpreet Kaur as part of the Local Journalism Initiative.

# ਵੈਨਕੂਵਰ ਹਵਾਈ ਅੱਡਾ ਨੂੰ ਉੱਤਰੀ ਅਮਰੀਕਾ ਦੇ ਸਰਵੋਤਮ ਹਵਾਈ ਅੱਡਾ ਬਣਿਆ

## ਸਾਲ 2023 ਦੌਰਾਨ 24.9 ਮਿਲੀਅਨ ਤੋਂ ਵੱਧ ਯਾਤਰੀਆਂ ਨੇ ਆਮਦ ਕੀਤੀ




ਸਰੀ, (ਇਸ਼ਪ੍ਰੀਤ ਕੌਰ): ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ (ਵਾਈਵੀਆਰ) ਨੂੰ ਫ੍ਰੈਂਕਫਰਟ, ਜਰਮਨੀ ਵਿੱਚ ਸਕਾਈਟਰੈਕਸ ਵਰਲਡ ਏਅਰਪੋਰਟ ਅਵਾਰਡ ਵਿੱਚ ਉੱਤਰੀ ਅਮਰੀਕਾ ਦੇ ਸਰਵੋਤਮ ਹਵਾਈ ਅੱਡੇ ਵਲੋਂ ਸਨਮਾਨਿਤ ਕੀਤਾ ਗਿਆ ਹੈ। ਸਕਾਈਟ੍ਰੈਕਸ ਅਵਾਰਡ ਵਿਸ਼ਵ ਦੇ ਪ੍ਰਮੁੱਖ ਅੰਤਰਰਾਸ਼ਟਰੀ ਹਵਾਈ ਅੱਡੇ ਅਵਾਰਡਾਂ ਵਜੋਂ ਮਾਨਤਾ ਪ੍ਰਾਪਤ ਹੈ ਅਤੇ ਵੈਨਕੂਵਰ ਹਵਾਈ ਅੱਡੇ 'ਤੇ ਪਿਛਲੇ ਸਾਲ ਤਕਰੀਬਨ 24.9 ਮਿਲੀਅਨ ਤੋਂ ਵੱਧ ਯਾਤਰੀਆਂ ਨੇ ਆਮਦ ਕੀਤੀ ਜਿਸ ਵਜੋਂ ਵੈਨਕੂਵਰ ਹਵਾਈ ਅੱਡੇ ਨੂੰ ਇਸ ਅਵਾਰਡ ਨਾਲ ਨਵਾਜਿਆ ਗਿਆ ਹੈ।

ਇਹ ਪਹਿਲੀ ਵਾਰ ਨਹੀਂ ਜਦੋਂ ਵੈਨਕੂਵਰ ਹਵਾਈ ਅੱਡੇ ਨੂੰ ਇਹ ਅਵਾਰਡ ਮਿਲਿਆ ਹੋਵੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 2021 ਵਿੱਚ ਵੀ ਉੱਤਰੀ ਅਮਰੀਕਾ ਦੇ ਹਵਾਈ ਅੱਡਿਆਂ ਵਿਚੋਂ ਵੈਨਕੂਵਰ ਏਅਰਪੋਰਟ ਨੂੰ ਸਰਵੋਤਮ ਹਵਾਈ ਅੱਡਾ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ, ਅਤੇ ਉਸ ਸਮੇਂ ਤੋਂ ਬਾਅਦ ਵਿਸ਼ਵਵਿਆਪੀ ਮਹਾਂਮਾਰੀ ਕਾਰਨ ਹਵਾਈ ਯਾਤਰਾ 'ਤੇ ਪਏ ਪ੍ਰਭਾਵ ਕਾਰਨ ਕਾਫੀ ਕੁਝ ਬਦਲ ਗਿਆ ਜਿਸ ਤੋਂ ਬਾਅਦ ਹੁਣ ਹਵਾਈ ਯਾਤਰਾ ਮੁੜ ਲੀਹ 'ਤੇ ਵਾਪਸ ਪਰਤ ਰਹੀ ਹੈ।

2023 ਵਿੱਚ, ਵੈਨਕੂਵਰ ਏਅਰਪੋਰਟ 'ਤੇ 24.9 ਮਿਲੀਅਨ ਯਾਤਰੀਆਂ ਦੀ ਆਮਦ ਹੋਈ ਏਨੀ ਵੱਡੀ ਗਿਣਤੀ ਵਿੱਚ ਯਾਤਰੀਆਂ ਨੂੰ ਸੰਭਾਲਣ ਲਈ ਕਰਮਚਾਰੀਆਂ ਦੀ ਵੱਡੀ ਗਿਣਤੀ, ਇੱਕ ਨਵੇਂ ਕਰਬਸਾਈਡ ਗ੍ਰੀਟਿੰਗ ਪ੍ਰੋਗਰਾਮ ਤੋਂ ਲੈ ਕੇ ਹਰੇਕ ਰਵਾਨਗੀ ਗੇਟ 'ਤੇ ਕਈ ਭਸ਼ਾਵਾਂ ਵਿੱਚ ਸੂਚਨਾ ਬੋਰਡ ਲਗਾਏ ਗਏ ਹਨ।

ਸਕਾਈਟਰੈਕਸ ਵਰਲਡ ਏਅਰਪੋਰਟ ਅਵਾਰਡ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ 550 ਤੋਂ ਵੱਧ ਹਵਾਈ ਅੱਡਿਆਂ ਦਾ ਸਰਵੇਖਣ ਕਰਦੇ ਹੋਏ, ਸਭ ਤੋਂ ਵੱਧ ਯਾਤਰੀਆਂ ਦੀ ਆਮਦ ਵਾਲੇ ਏਅਰਪੋਰਟ ਨੂੰ ਦਿੱਤਾ ਜਾਂਦਾ ਹੈ।

ਵੈਨਕੂਵਰ ਇਸ ਸਮੇਂ ਉੱਤਰੀ ਅਮਰੀਕਾ ਵਿੱਚ 14 ਵਾਰ ਸਰਵੋਤਮ ਹਵਾਈ ਅੱਡੇ ਦਾ ਅਵਾਰਡ ਪ੍ਰਾਪਤ ਕਰਨ ਵਾਲਾ ਇੱਕੋ ਇੱਕ ਹਵਾਈ ਅੱਡਾ ਹੈ। This report was written by Ishpreet Kaur as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

# ਖਾਲਸਾ ਕਰੈਡਿਟ ਯੂਨੀਅਨ

# ਡਾਇਰੈਕਟਰ ਚੋਣਾਂ

## 28 ਅਪ੍ਰੈਲ, 2024 ਨੂੰ KCU ਦੀਆਂ ਸਾਰੀਆਂ ਸ਼ਾਖਾਵਾਂ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਿੰਗ



### ਨਵਨੀਤ ਸਿੰਘ ਅਰੋੜਾ

- ਕਾਫ਼ੀ ਪ੍ਰਰਬੰਧ ਅਤੇ ਕਾਰੋਬਾਰ ਦਾ ਤਜਰਬਾ
- ਸੂਚਨਾ ਅਤੇ ਤਕਨਾਲੋਜੀ ਵਿੱਚ ਮੁਹਾਰਤ
- ਵਿਸਮਾਦ ਕੰਪਨੀ ਦੇ ਸਹਿ-ਸੰਸਥਾਪਕ: ਜਿੰਨਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਾਰ ਸਾਹਿਬਜਾਦੇ, ਸੁੰਦਰੀ ਅਤੇ ਹੋਰ ਕੋਈ ਐਨੀਮੇਟਿਡ ਫ਼ਿਲਮਾਂ ਬਣਾਈਆਂ



### ਜਸਕਰਨ ਸਿੰਘ ਗਿੱਲ

- ਐਬਸਫੋਰਡ, ਬੀ. ਸੀ. ਦਾ ਜੰਮਪਾਲ
- ਪੇਸ਼ਾਵਰ ਚਾਰਟਡ ਅਕਾਊਂਟੈਂਟ (ਸੀ.ਪੀ.ਏ.)
- ਸੋਨ ਗਰੁੱਪ (ਜੰਗਲਾਤ ਕੰਪਨੀ) ਦੇ ਮੁੱਖ ਵਿੱਤੀ ਅਫ਼ਸਰ (ਸੀ.ਐਫ.ਓ)



### ਰੁਪਿੰਦਰਜੀਤ ਸਿੰਘ ਕਾਹਲੋਂ

- ਰਿਓ ਟਿੰਟੋ (ਕਿਟੀਮੈਟ ਵਿੱਚ) 30 ਸਾਲਾਂ ਤੋਂ ਵੱਧ ਸੇਵਾ ਨਿਭਾਈ
- ਪੰਥਕ ਅਤੇ ਮੁੱਖਧਾਰਾ ਭਾਈਚਾਰਕ ਸੰਗਠਨਾਂ ਨਾਲ਼ ਕੰਮ ਕਰਨ ਦਾ ਤਜ਼ਰਬਾ
- ਮੌਜੂਦਾ ਸਮੇਂ ਵਿੱਚ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ



### ਗੁਰਦੀਪ ਸਿੰਘ

- ਸਾਲ 2018 ਤੋ. ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰ ਦੇ ਤੌਰ ਤੇ ਸੇਵਾ
- ਵਿਕਰੇਤਾ ਅਤੇ ਗਾਹਕ ਸੇਵਾ ਦਾ ਹੁਨਰ
- ਵਿਕਟੋਰੀਆ, ਬੀ.ਸੀ. ਵਿੱਚ ਸਿੱਖ ਭਾਈਚਾਰੇ ਦੇ ਸਰਗਰਮ ਮੈਂਬਰ

ਅਸੀ ਖ਼ਾਲਸਾ ਕਰੈਡਿਟ ਯੂਨੀਅਨ ਦੀ ਤਰੱਕੀ ਨੂੰ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰਾਂਗੇ:

1. ਵਧੀਆ ਸ਼ਾਸਨ ਪ੍ਰਦਾਨ ਕਰਨੇ: ਦੂਜੇ ਡਾਇਰੈਕਟਰ ਅਤੇ ਮੈਨੇਜਮੈਂਟ ਨਾਲ ਕੰਮ ਕਰਨਾ।
2. ਸਾਡੇ ਮੈਂਬਰਾਂ ਲਈ ਤਕਨਾਲੋਜੀ ਅਤੇ ਗਾਹਕਾਂ ਦੇ ਤਜਰਬੇ ਨੂੰ ਵਧਾਉਣਾ।
3. ਕਰੈਡਿਟ ਯੂਨੀਅਨ ਦੇ ਅਕਾਰ ਅਤੇ ਮੁਨਾਫ਼ੇ ਨੂੰ ਵਧਾਉਣਾ।
4. ਕਰੈਡਿਟ ਯੂਨੀਅਨ ਵਲੋਂ ਸਾਡੇ ਭਾਈਚਾਰੇ ਨੂੰ ਦਿੱਤੀ ਜਾਣ ਵਾਲ਼ੀ ਰਕਮ ਨੂੰ ਵਧਾਉਣਾ, ਖ਼ਾਸ ਕਰਕੇ ਸਿੱਖਿਆ ਅਤੇ ਧਰਮ- ਪ੍ਰਚਾਰ ਲਈ ਪਹਿਲਕਦਮੀ।
5. ਨੌਜਵਾਨਾਂ, ਨੌਜਵਾਨ ਪੇਸੇਵਰਾਂ, ਨਵੇਂ ਪ੍ਰਵਾਸੀਆਂ ਅਤੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਲੋੜਾਂ ਲਈ ਢੁਕਵੀਆਂ ਸੇਵਾਵਾਂ ਦੀ ਪੇਸ਼ਕਸ਼ ਕਰਕੇ ਮੈਂਬਰ ਬਣਨ ਲਈ ਪ੍ਰੇਰਿਤ ਕਰਨਾ।

## ਖਾਲਸਾ ਕਰੈਡਿਟ ਯੂਨੀਅਨ ਦੇ ਭਵਿੱਖ ਲਈ ਤੁਹਾਡੀ ਵੋਟ ਮਹੱਤਵਪੂਰਨ ਹੈ

## ਤੁਹਾਡੇ ਸਹਿਯੋਗ ਲਈ ਧੰਨਵਾਦ!

# ਵਾਈਟ ਰੌਕ ਵਿਚ ਵਾਪਰੀਆਂ ਦੋ ਘਟਨਾਵਾਂ ਵਿਚ ਇਕ ਪੰਜਾਬੀ ਨੌਜਵਾਨ ਦੀ ਮੌਤ ਅਤੇ ਇਕ ਗੰਭੀਰ ਜ਼ਖ਼ਮੀ

ਸਰੀ, (ਹਰਦਮ ਮਾਨ)-ਪਿਛਲੇ ਤਿੰਨ ਦਿਨਾਂ ਵਿਚ ਵਾਈਟ ਰੌਕ, ਸਰੀ ਵਿਖੇ ਵਾਪਰੀਆਂ ਦੋ ਘਟਨਾਵਾਂ ਵਿਚ ਇਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ ਅਤੇ ਦੂਸਰਾ ਪੰਜਾਬੀ ਨੌਜਵਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। 21 ਅਪ੍ਰੈਲ ਅਤੇ 23 ਅਪ੍ਰੈਲ ਨੂੰ ਹੋਈਆਂ ਦੋਵੇਂ ਵਾਰਦਾਤਾਂ ਦਾ ਸ਼ੱਕੀ ਹਮਲਾਵਰ ਇਕ ਲੰਬਾ ਕਾਲਾ ਆਦਮੀ ਦੱਸਿਆ ਜਾਂਦਾ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਘਟਨਾ 21 ਅਪ੍ਰੈਲ ਐਤਵਾਰ ਦੀ ਰਾਤ ਨੂੰ ਵਾਪਰੀ ਜਦੋਂ ਇਕ ਅਣਪਛਾਤੇ ਹਮਲਾਵਰ ਵੱਲੋਂ ਕੀਤੇ ਗਏ ਹਮਲੇ ਵਿਚ ਇਕ ਨੌਜਵਾਨ ਜ਼ਖ਼ਮੀ ਹੋ ਗਿਆ ਅਤੇ ਉਹ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ। 23 ਅਪ੍ਰੈਲ ਮੰਗਲਵਾਰ ਦੀ ਰਾਤ ਨੂੰ ਇਕ ਅਣਪਛਾਤੇ ਹਮਲਾਵਰ ਵੱਲੋਂ ਵਾਈਟਰੌਕ ਬੀਚ ਦੇ ਇਕ ਬੈਂਚ ਉਪਰ ਬੈਠੇ ਨੌਜਵਾਨ ਉਪਰ ਚਾਕੂ ਨਾਲ ਹਮਲਾ ਕੀਤਾ ਗਿਆ। ਹਮਲਾ ਇਤਨਾ ਘਾਤਕ ਸੀ ਕਿ ਉਸ ਨੂੰ ਬਚਾਇਆ ਨਾ ਜਾ ਸਕਿਆ।

21 ਅਪ੍ਰੈਲ ਐਤਵਾਰ ਦੀ ਵਾਪਰੀ ਘਟਨਾ ਵਿਚ ਜ਼ਖ਼ਮੀ ਹੋਣ ਵਾਲੇ ਨੌਜਵਾਨ ਦੀ ਪਛਾਣ 28 ਸਾਲ ਜਤਿੰਦਰ ਸਿੰਘ ਵਜੋਂ ਦੱਸੀ ਗਈ ਹੈ। ਦੱਸਿਆ ਗਿਆ ਹੈ ਕਿ ਉਸ ਨੂੰ ਐਤਵਾਰ ਰਾਤ ਨੂੰ ਜਦੋਂ ਉਹ ਵਾਈਟ ਰੌਕ ਬੀਚ ਨੇੜੇ ਬੈਂਚ 'ਤੇ ਬੈਠਾ ਹੋਇਆ ਸੀ ਤਾਂ ਉਸ ਉਪਰ ਚਾਕੂ ਨਾਲ ਹਮਲਾ ਕੀਤਾ ਗਿਆ ਸੀ। ਉਸ ਦੇ ਦੋਸਤ ਬਿਕਰਮ ਸੰਧੂ ਦਾ ਕਹਿਣਾ ਹੈ ਕਿ ਜਤਿੰਦਰ ਸਿੰਘ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ ਪਰ ਉਸ ਦੇ ਜ਼ਖਮ ਬਹੁਤ ਗੰਭੀਰ ਹਨ, ਜਿਸ ਨੂੰ ਠੀਕ ਹੋਣ ਲਈ ਸਮਾਂ ਲੱਗੇਗਾ। ਜਤਿੰਦਰ ਸਿੰਘ ਕੋਲ ਮੈਡੀਕਲ ਕਵਰੇਜ ਨਹੀਂ ਹੈ ਅਤੇ ਉਹ ਹਸਪਤਾਲ ਦੇ ਵੱਡੇ ਬਿੱਲ ਨੂੰ ਲੈ ਕੇ ਚਿੰਤਤ ਹੈ। ਸੋਸ਼ਲ ਮੀਡੀਆ ਉਪਰ ਜਤਿੰਦਰ ਸਿੰਘ ਦੀ ਸਹਾਇਤਾ ਲਈ ਗੋਫੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ।

23 ਅਪ੍ਰੈਲ ਨੂੰ ਹਮਲੇ ਵਿਚ ਮਾਰੇ ਗਏ ਨੌਜਵਾਨ ਦੀ ਪਛਾਣ ਪੁਲਿਸ ਵੱਲੋਂ ਤਾਂ ਅਜੇ ਜਾਰੀ ਨਹੀ ਕੀਤੀ ਪਰ ਸੋਸ਼ਲ ਮੀਡੀਆ ਰਿਪੋਰਟਾਂ ਮੁਤਾਬਿਕ ਮਾਰੇ ਗਏ ਨੌਜਵਾਨ ਦੀ ਪਛਾਣ 28 ਸਾਲਾ ਕੁਲਵਿੰਦਰ ਸਿੰਘ ਸੋਹੀ ਦੱਸੀ ਗਈ ਹੈ। ਉਹ ਪਿੰਡ ਤੋਲੇਵਾਲ ਜ਼ਿਲਾ ਸੰਗਰੂਰ ਦੇ ਨਾਲ ਸਬੰਧਿਤ ਸੀ। ਪੁਲਿਸ ਅਨੁਸਾਰ 23 ਅਪ੍ਰੈਲ ਨੂੰ ਰਾਤ 9:30 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਮੈਰੀਨ ਡਰਾਈਵ ਦੇ 15400-ਬਲਾਕ ਵਿੱਚ ਛੁਰੇਬਾਜ਼ੀ ਕਾਰਨ ਇਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਪੁਲਿਸ ਨੂੰ ਮਿਲੀ ਸੀ। ਮੌਕੇ 'ਤੇ ਪੁਲਿਸ ਦੀ ਟੀਮ ਪੁੱਜੀ ਪਰ ਮੁੱਢਲੀ ਸਹਾਇਤਾ ਦੇਣ ਦੇ ਬਾਵਜੂਦ ਜ਼ਖ਼ਮੀ ਦੀ ਜਾਨ ਨਹੀ ਬਚਾਈ ਜਾ ਸਕੀ। ਪੁਲਿਸ ਨੂੰ ਸ਼ੱਕੀ ਹਮਲਾਵਰ ਦੀ ਤਲਾਸ਼ ਹੈ ਜਿਸ ਬਾਰੇ ਦੱਸਿਆ ਗਿਆ ਹੈ ਕਿ ਉਹ 5 ਫੁੱਟ 11 ਇੰਚ ਲੰਬਾ ਕਾਲਾ ਵਿਅਕਤੀ ਹੈ, ਜਿਸ ਨੇ ਟੋਪੀ ਅਤੇ ਸਲੇਟੀ ਰੰਗ ਦੀ ਹੂਡੀ ਪਾਈ ਹੋਈ ਹੈ। ਉਸ ਨੂੰ ਆਖਰੀ ਵਾਰ ਮਰੀਨ ਡਰਾਈਵ ਦੇ ਉੱਤਰ ਵੱਲ ਭੱਜਦਾ ਦੇਖਿਆ ਗਿਆ।

# ਬੀ.ਸੀ. ਸੂਬਾਈ ਸਰਕਾਰ ਨੇ ਐਬਟਸਫੋਰਡ ਦੁੱਧ ਉਤਪਾਦਨ ਪਲਾਂਟ ਲਈ $25 ਮਿਲੀਅਨ ਐਲਾਨੇ




ਸਰੀ, (ਇਸ਼ਪ੍ਰੀਤ ਕੌਰ): ਐਬਟਸਫੋਰਡ ਵਿੱਚ ਇੱਕ ਨਵਾਂ ਅਤਿ-ਆਧੁਨਿਕ ਦੁੱਧ ਉਤਪਾਦਨ ਪਲਾਂਟ ਦਾ ਨਿਰਮਾਣ ਸ਼ੁਰੂ ਕੀਤਾ ਜਾਵੇਗਾ ਜਿਸ ਨੂੰ 2026 ਤੱਕ ਮੁਕੰਮਲ ਹੋਣ ਦੀ ਮਿਤੀ ਨਿਰਧਾਰਤ ਕੀਤੀ ਗਈ ਹੈ। ।

ਬੀਸੀ ਐਨਡੀਪੀ ਨੇ ਮੰਗਲਵਾਰ ਸਵੇਰੇ ਵਿਟਾਲਸ ਨਿਊਟ੍ਰੀਸ਼ਨ ਵਿਖੇ ਇਹ ਘੋਸ਼ਣਾ ਕੀਤੀ।

ਸੂਬਾਈ ਸਰਕਾਰ ਪੱਛਮੀ ਐਬਟਸਫੋਰਡ ਵਿੱਚ ਮਾਊਂਟ ਲੇਹਮੈਨ ਰੋਡ 'ਤੇ 143,500-ਸਕੁਏਅਰ-ਫੁੱਟ ਦੀ ਸਹੂਲਤ ਲਈ ਵਿਸਤਾਰ ਵਿੱਚ ਮਦਦ ਕਰਨ ਲਈ $25 ਮਿਲੀਅਨ ਤੱਕ ਦਾ ਯੋਗਦਾਨ ਦੇ ਰਹੀ ਹੈ।

ਵਿਸਥਾਰ ਨੂੰ ਸ਼ੁਰੂਆਤੀ ਤੌਰ 'ਤੇ 2022 ਵਿੱਚ ਮਨਜ਼ੂਰੀ ਦਿੱਤੀ ਗਈ ਸੀ, ਪਰ ਮੰਗਲਵਾਰ ਦੀ ਘੋਸ਼ਣਾ ਮੂਲ ਰੂਪ ਵਿੱਚ ਯੋਜਨਾਬੱਧ 99,000-ਸਕੁਏਅਰ-ਫੁੱਟ ਪ੍ਰਸਤਾਵ ਤੋਂ ਵਾਧਾ ਵੇਖਿਆ ਗਿਆ ਹੈ।

ਡਟਿਓਲੁਸ ਵਰਤਮਾਨ ਵਿੱਚ 135 ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ, ਪਰ ਜਦੋਂ ਪ੍ਰੋਜੈਕਟ ਪੂਰਾ ਹੋ ਜਾਂਦਾ ਹੈ ਤਾਂ ਇਹ ਗਿਣਤੀ 230 ਤੋਂ ਵੱਧ ਹੋ ਜਾਵੇਗੀ।

ਇਹ ਮੰਨਿਆ ਜਾਂਦਾ ਹੈ ਕਿ ਨਵੀਂ ਸਹੂਲਤ ਐਬਟਸਫੋਰਡ ਅਤੇ ਇਸ ਦੇ ਆਲੇ-ਦੁਆਲੇ 3,000 ਤੋਂ ਵੱਧ ਅਸਿੱਧੇ ਨੌਕਰੀਆਂ ਦਾ ਸਮਰਥਨ ਕਰੇਗੀ, ਜਿਸ ਵਿੱਚ ਖੇਤਾਂ ਵਿੱਚ ਕੰਮ ਕਰਨ ਵਾਲੇ ਅਤੇ ਸਪਲਾਈ ਚੇਨ ਲੌਜਿਸਟਿਕਸ ਨਾਲ ਸਬੰਧਤ ਕਰਮਚਾਰੀ ਸ਼ਾਮਲ ਹਨ।

ਪ੍ਰੈਸ ਰਿਲੀਜ਼ ਦੇ ਅਨੁਸਾਰ, ਵੱਡਾ ਨਿਰਮਾਣ ਪਲਾਂਟ ਬੀ.ਸੀ. ਦੁੱਧ ਉਤਪਾਦਕ ਸਥਾਨਕ ਉਤਪਾਦਨ ਵਿੱਚ 50 ਪ੍ਰਤੀਸ਼ਤ ਦਾ ਵਾਧਾ ਕਰਕੇ ਸੂਬੇ ਵਿੱਚ ਸਾਲਾਨਾ ਕੁੱਲ 1.4 ਬਿਲੀਅਨ ਲੀਟਰ ਦੁੱਧ ਉਤਪਾਦਨ ਕਰਨਗੇ।

ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਨਵੀਂ ਸਹੂਲਤ ਭੋਜਨ ਸੁਰੱਖਿਆ, ਨੌਕਰੀਆਂ ਅਤੇ ਆਰਥਿਕ ਵਿਕਾਸ ਨੂੰ ਵਧਾਉਂਦੀ ਹੈ। ਉਹ ਇਹ ਵੀ ਮੰਨਦਾ ਹੈ ਕਿ ਸਥਾਨਕ ਲੋਕਾਂ ਨੇ 2021 ਦੇ ਹੜ੍ਹ ਸਮੇਤ ਜਲਵਾਯੂ ਤਬਦੀਲੀ ਦੀ ਤਬਾਹੀ ਦੇਖੀ ਹੈ, ਅਤੇ ਇਹ ਨਵੀਂ ਸਹੂਲਤ ਫਰੇਜ਼ਰ ਵੈਲੀ ਵਿੱਚ ਭੋਜਨ ਸੁਰੱਖਿਆ ਵਿੱਚ ਮਦਦ ਕਰੇਗੀ।

This report was written by Ishpreet Kaur as part of the Local Journalism Initiative.


A TO Z DRIVING SCHOOL






ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365






» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax

2 YEARS 50000 KM WARRANTY

ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ

CHILLIWACK
45877-HOCKING AVE
604-316-3643
BACK SIDE OF CHILLIWACK TAXI :

ABBOTSFORD
31324 - 107
Peardonville Rd
604-897-3235
604-746-4222

www.gabaautodetailing.com

# ਸਰੀ ਨਗਰ ਕੀਰਤਨ ਵਿੱਚ ਕਿਤਾਬਾਂ ਦਾ "ਵਿਲੱਖਣ ਲੰਗਰ"



ਸਰੀ, :ਸਰੀ ਦੇ ਨਗਰ ਕੀਰਤਨ ਵਿੱਚ ਬਹੁਤ ਹੀ ਸੁਆਦਲੇ ਪਦਾਰਥਾਂ ਦੇ ਵੱਡੇ ਵੱਡੇ ਲੰਗਰ ਲੱਗੇ ਹੋਏ ਸਨ।ਪਰ ਇੱਕ ਵਿਲੱਖਣ ਲੰਗਰ ਦੇਖਣ ਨੂੰ ਮਿਲਿਆ ਉਹ ਸੀ "ਕਿਤਾਬਾਂ ਦਾ ਲੰਗਰ'। ਇਹ ਲੰਗਰ ਸਥਾਨਕ ਅਖਬਾਰ ਵੱਲੋਂ ਲਾਇਆ ਗਿਆ। ਜੋ ਸਵੇਰੇ 9 ਵਜ਼ੇ ਤੋਂ ਸ਼ਾਮ ਪੰਜ ਵਜ਼ੇ ਤੱਕ ਚੱਲਿਆ।ਹਜਾਰਾਂ ਸਿੱਖ ਸੰਗਤਾਂ ਆਪਣੀਆ ਮਨ ਪਸੰਦ ਪੁਸਤਕਾਂ ਲੈ ਕੇ ਗਏ ਜਿਨਾ ਦੀ ਕੋਈ ਵੀ ਭੇਟਾ ਨਹੀਂ ਸੀ।ਵਿਸ਼ੇਸ ਇਹ ਸੀ ਕਿ ਕਿਤਾਬਾਂ ਦੇ ਲੰਗਰ ਵਿੱਚ ਧਾਰਮਿਕ,ਬੱਚਿਆ ਧਾਰਮਿਕ ਪੁਸਤਕਾਂ ( ਅੰਗਰੇਜ਼ੀ -ਪੰਜਾਬੀ) ਸਾਹਿਤਕ ,ਕਵਿਤਾਵਾਂ, ਨਾਵਲ, ਕਹਾਣੀਆਂ ਗੱਲ ਕੀ ਉੱਚ ਕੋਟੀ ਦੇ ਲੇਖਕਾਂ ਦੀਆਂ ਕਿਤਾਬਾਂ ਸ਼ਾਮਲ ਸਨ।ਇਨਾ ਕਿਤਾਬਾਂ ਦੇ ਲੰਗਰ ਤੋਂ ਸਪੱਸ਼ਟ ਹੋ ਗਿਆਂ ਕਿ ਸਿੱਖ ਕੌਮ ਵਿੱਚ ਪੜ੍ਹਨ ਦੀ ਰੁਚੀ ਦੀ ਘਾਟ ਨਹੀਂ ਹੈ।ਸਿਰਫ ਲੋੜ ਹੈ ਕਿ ਸਾਨੂੰ ਕਿਤਾਬਾਂ ਪ੍ਰਤੀ ਜਾਗਰਿਤੀ ਪੈਦਾ ਕਰਨ ਦੀ। ਹਰ ਰੋਜ਼ ਕਿਤਾਬਾਂ ਦਾ ਲੰਗਰ ਚਲਦਾ ਹੈ। ਅਗਰ ਕਿਸੇ ਕੋਲ ਵਧੀਆ ਪੁਸਤਕ ਹੈ ਤੇ ਪੜ੍ਹ ਲਈ ਉਹ ਇਥੇ ਲੰਗਰ ਵਿੱਚ ਪਾ ਸਕਦਾ ਹੈ ਤਾਂ ਕਿ ਕੋਈ ਹੋਰ ਵਿਆਕਤੀ ਗਿਆਨਵਾਨ ਹੋ ਸਕੇ।ਕਿਤਾਬਾਂ ਜਿੰਨੀਆਂ ਇੱਕ ਦੂਸਰੇ ਦੇ ਹੱਥਾਂ ਵਿੱਚ ਜਾਣਗੀਆਂ ਉਨਾ ਹੀ ਗਿਆਨ ਵਿੱਚ ਵਾਧਾ ਹੋਵੇਗਾ।ਆਉ ਸਾਰੇ ਰਲ੍ਹ ਕੇ ਕਿਤਾਬਾ ਦੇ ਲੰਗਰ ਵਿੱਚ ਕਿਤਾਬਾਂ ਦਾ ਹਿਸਾ ਪਾਈਏ।

# ਬਜਟ ਬਾਰੇ ਅੱਧੇ ਤੋਂ ਵੱਧ ਕੈਨੇਡੀਅਨਜ਼ ਨਾਖੁਸ਼: ਰਿਪੋਰਟ

ਓਟਵਾ : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਲਿਬਰਲਾਂ ਵੱਲੋਂ ਪੇਸ਼ ਕੀਤੇ ਗਏ ਇਸ ਵਾਰੀ ਦੇ ਬਜਟ ਨਾਲ ਬਹੁਤੇ ਕੈਨੇਡੀਅਨਜ਼ ਖੁਸ਼ ਨਹੀਂ ਹਨ। ਪਰ ਇਸ ਬਜਟ ਵਿੱਚ ਕਈ ਮਿਲੀਅਨ ਘਰ ਤਿਆਰ ਕਰਨ ਦੀ ਸਰਕਾਰ ਵੱਲੋਂ ਜਿਹੜੀ ਗੱਲ ਕੀਤੀ ਗਈ ਹੈ ਉਸ ਲਈ ਵੋਟਰਾਂ ਵੱਲੋਂ ਸਰਕਾਰ ਦਾ ਸਮਰਥਨ ਕੀਤਾ ਜਾ ਰਿਹਾ ਹੈ। ਲੈਜਰਜ਼ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਕੈਨੇਡੀਅਨਜ਼ ਵਿੱਚੋਂ ਬਹੁਤਿਆਂ ਨੇ ਆਖਿਆ ਕਿ ਫੈਡਰਲ ਬਜਟ ਪ੍ਰਤੀ ਉਨ੍ਹਾਂ ਦੀ ਰਾਇ ਨਕਾਰਾਤਮਕ ਹੈ। ਇਹ ਬਜਟ ਪਿਛਲੇ ਮੰਗਲਵਾਰ ਪੇਸ਼ ਕੀਤਾ ਗਿਆ ਸੀ। ਸਿਰਫ 21 ਫੀ ਸਦੀ ਕੈਨੇਡੀਅਨਜ਼ ਨੇ ਆਖਿਆ ਕਿ ਉਨ੍ਹਾਂ ਦੀ ਰਾਇ ਬਜਟ ਪ੍ਰਤੀ ਸਕਾਰਾਤਮਕ ਹੈ ਜਦਕਿ ਇੱਕ ਤਿਹਾਈ ਨੇ ਆਪਣੀ ਕੋਈ ਰਾਇ ਨਹੀਂ ਪ੍ਰਗਟਾਈ।ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 65 ਫੀ ਸਦੀ ਨੇ ਆਖਿਆ ਕਿ ਹਾਊਸਿੰਗ ਉੱਤੇ 8.5 ਬਿਲੀਅਨ ਡਾਲਰ ਖਰਚਣ ਦੀ ਯੋਜਨਾ ਤੇ 2031 ਤੱਕ 3.9 ਮਿਲੀਅਨ ਘਰ ਤਿਆਰ ਕਰਨ ਦੀ ਯੋਜਨਾ ਦੇਸ਼ ਲਈ ਚੰਗੀ ਹੈ। ਪਿਛਲੇ ਵੀਕੈਂਡ ਉੱਤੇ ਲੈਜਰ ਨੇ 1522 ਕੈਨੇਡੀਅਨਜ਼ ਉੱਤੇ ਸਰਵੇਖਣ ਕੀਤਾ ਸੀ।ਬਹੁਤਾ ਕਰਕੇ ਅਲਬਰਟਾ ਦੇ ਲੋਕਾਂ ਨੇ ਬਜਟ ਦਾ ਨਕਾਰਾਤਮਕ ਅਸਰ ਪੈਣ ਦੀ ਗੱਲ ਆਖੀ। ਸਮੁੱਚੇ ਦੇਸ਼ ਦੇ 25 ਫੀ ਸਦੀ ਦੇ ਮੁਕਾਬਲੇ ਅਲਬਰਟਾ ਵਾਸੀਆਂ ਵਿੱਚੋਂ 42 ਫੀ ਸਦੀ ਨੇ ਦੱਸਿਆ ਕਿ ਬਜਟ ਦਾ ਕਮਿਊਨਿਟੀਜ਼ ਉੱਤੇ ਨਕਾਰਾਤਮਕ ਅਸਰ ਪਵੇਗਾ।


ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।

## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ



ਸੁਰਜੀਤ ਸਿੰਘ ਸਿੱਧੂ

ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

**ਸੁਰਜੀਤ ਸਿੰਘ ਸਿੱਧੂ**

ਵਾਹਿਗੁਰੂ ਵੱਲੋਂ ਬਖ਼ਸ਼ੀ ਸਾਹਾਂ ਦੀ ਪੂੰਜੀ ਭੋਗ ਕੇ
ਬੀਤੀ 18 ਅਪ੍ਰੈਲ ਦਿਨ ਵੀਰਵਾਰ ਨੂੰ ਅਕਾਲ ਚਲਾਣਾ ਕਰ ਗਏ ਹਨ।
ਉਨ੍ਹਾਂ ਦੇ ਪੰਜ ਭੌਤਿਕ ਸਰੀਰ ਦਾ

**ਅੰਤਿਮ ਸੰਸਕਾਰ**

28 ਅਪ੍ਰੈਲ ਦਿਨ ਐਤਵਾਰ ਨੂੰ 11:30 ਵਜੇ
ਫਰੇਜਰ ਰਿਵਰ ਫਿਊਨਰਲ ਹੋਮ 2061 ਰਿਵਰ ਸਾਈਡ ਰੋਡ ਐਬਟਸਫੋਰਡ
ਵਿਖੇ ਕੀਤਾ ਜਾਵੇਗਾ, ਉਪਰੰਤ

**ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ**
ਦੀਆਂ ਰਸਮਾਂ

**ਖਾਲਸਾ ਦੀਵਾਨ ਸੁਸਾਇਟੀ,**
32094 ਸਾਊਥ ਫਰੇਜ਼ਰ ਵੇਅ ਐਬਟਸਫੋਰਡ
ਵਿਖੇ 2:00 ਵਜੇ ਸੰਪੂਰਨ ਕੀਤੀਆਂ ਜਾਣਗੀਆਂ।

ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

-: ਦੁਖੀ ਹਿਰਦੇ :-
ਮਨਪ੍ਰੀਤ ਸਿੱਧੂ, 604-614-1003
ਮਨਜਿੰਦਰਪਾਲ ਰੰਧਾਵਾ, 604-7865656



## Guru Nanak's Free Kitchen
LOVE ALL, FEED ALL

### ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**



RBC Royal Bank
RBC ™

## ਮੌਰਟਗੇਜ ਦੀ ਹਰ ਜ਼ਰੂਰਤ ਲਈ ਸੰਪਰਕ ਕਰੋ



**AMAR KHATRA**
Mobile Mortgage Specialist
**604.751.1219**
amar.khatra@rbc.com

EXPERT ADVICE | EASY PROCESS | GREAT RATES

All personal lending Products and residential mortgages are offered by Royal Bank Of Canada and are subject to standard lending criteria. Registered trademark of Royal Bank Of Canada. RBC and Royal Bank are registered trademarks of Royal Bank Of Canada. Trademark of Royal Bank Of Canada.

# ਗੈਰਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਅਮਰੀਕਾ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਧੀ

ਨਿਊਯਾਰਕ (ਰਾਜ ਗੋਗਨਾ): ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਗੈਰ-ਦਸਤਾਵੇਜ਼ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ। ਅੰਕੜਿਆਂ ਦੇ ਅਨੁਸਾਰ, 2023 ਵਿੱਚ 30,010 ਭਾਰਤੀ ਨਾਗਰਿਕ ਫੜੇ ਗਏ ਸਨ। ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ 2021 ਵਿੱਚ, ਮਹਾਂਮਾਰੀ ਦੇ ਸਮੇਂ ਇਹ ਗਿਣਤੀ ਸਿਰਫ਼ 2,225 ਸੀ। 1 ਅਕਤੂਬਰ ਤੋਂ ਸ਼ੁਰੂ ਹੋਏ ਇਸ ਵਿੱਤੀ ਸਾਲ 'ਚ 16,622 ਹੋਰ ਵੀ ਆਏ ਹਨ। ਭਾਰਤੀਆਂ ਦਾ ਅਮਰੀਕਾ ਵਿੱਚ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਤੀਜਾ ਸਭ ਤੋਂ ਵੱਡਾ ਸਮੂਹ ਹੈ, ਜਿਸ ਦੀ ਅਗਵਾਈ ਫਿਕਸਰਾਂ ਦੁਆਰਾ ਕੀਤੀ ਜਾ ਰਹੀ ਹੈ, ਜੋ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ 100,000 ਡਾਲਰ ਤੱਕ ਵਸੂਲਦੇ ਹਨ। ਕੁਝ ਪ੍ਰਵਾਸੀ ਮੈਕਸੀਕੋ ਜਾਂ ਕੈਨੇਡਾ ਪਹੁੰਚਣ ਤੋਂ ਪਹਿਲਾਂ ਕਈ ਦੇਸ਼ਾਂ ਵਿੱਚੋਂ ਲੰਘਦੇ ਹਨ, ਫਿਰ ਆਖਰਕਾਰ ਅਮਰੀਕਾ ਦੀ ਸਰਹੱਦ ਪਾਰ ਕਰਦੇ ਹਨ।



ਮੈਰੀਲੈਂਡ ਸਥਿਤ ਇਕ ਇਮੀਗ੍ਰੇਸ਼ਨ ਵਕੀਲ ਚਿਰਾਗ ਪਟੇਲ ਨੇ ਕਿਹਾ ਕਿ ਨੇੜੇ ਆ ਰਹੀਆਂ ਚੋਣਾਂ ਹੋਰ ਲੋਕਾਂ ਨੂੰ ਕ੍ਰਾਸਿੰਗ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ। ਭਾਰਤੀ ਦੂਤਘਰ ਨੇ ਕਾਨੂੰਨੀ ਦਾਖਲੇ ਦੀ ਸਹੂਲਤ ਦਿੰਦੇ ਹੋਏ "ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਨੁੱਖੀ ਤਸਕਰੀ" ਨਾਲ ਨਜਿੱਠਣ ਲਈ ਅਮਰੀਕੀ ਸਰਕਾਰ ਨਾਲ ਸਹਿਯੋਗ ਕਰਨ ਦਾ ਵਾਅਦਾ ਕੀਤਾ ਹੈ।

# ਮਿਸ਼ਨ ਵਿੱਚ ਨਕਲੀ ਬੰਦੂਕ ਨਾਲ ਤਿੰਨ ਲੋਕਾਂ 'ਤੇ ਹਮਲਾ

ਸਰੀ, (ਇਸ਼ਪ੍ਰੀਤ ਕੌਰ): ਬੀਤੇ ਦਿਨੀਂ ਮਿਸ਼ਨ ਵਿੱਚ ਇਕ ਘੰਟੇ ਦੇ ਅੰਦਰ ਪੇਂਟਬਾਲ ਬੰਦੂਕ ਨਾਲ ਤਿੰਨ ਲੋਕਾਂ ਨੂੰ ਗੋਲੀ ਮਾਰੀ ਗਈ। ਮਿਸ਼ਨ ਆਰਸੀਐਮਪੀ ਜਾਂਚਕਰਤਾ ਇੱਕ ਕਾਲੇ ਚਾਰ ਦਰਵਾਜ਼ੇ ਵਾਲੇ ਵੋਲਕਸਵੈਗਨ ਜੇਟਾ ਦੀ ਭਾਲ ਕਰ ਰਹੇ ਹਨ ਜਿਸਦੀ ਪਛਾਣ ਇਸ ਘਟਨਾ ਨਾਲ ਸਬੰਧਤ ਸ਼ੱਕੀ ਵਾਹਨ ਵਜੋਂ ਕੀਤੀ ਗਈ ਹੈ। ਪੁਲਸ ਦਾ ਕਹਿਣਾ ਹੈ ਕਿ ਉਸ ਸਮੇਂ ਕਾਰ 'ਚ ਕਈ ਲੋਕ ਸਵਾਰ ਸਨ। ਮੰਗਲਵਾਰ ਤਕਰੀਬਨ ਸ਼ਾਮ 6:30 ਵਜੇ, ਫਸਟ ਐਵੇਨਿਊ 'ਤੇ ਕਾਰ ਵਿੱਚੋਂ ਕੈਂਡੀ ਸ਼ੇਕ ਦੇ ਕਰਮਚਾਰੀ ਦੇ ਸਿਰ ਵਿੱਚ ਪੇਂਟਬਾਲ ਬੰਦੂਕ ਨਾਲ ਗੋਲੀ ਮਾਰੀ ਗਈ। ਇਸ ਤੋਂ ਬਾਅਦ ਫਸਟ ਐਵੇਨਿਊ ਅਤੇ ਗ੍ਰੈਂਡ ਸਟ੍ਰੀਟ ਦੇ ਨੇੜੇ ਲਗਭਗ 20 ਮਿੰਟ ਬਾਅਦ ਇਕ ਹੋਰ ਵਿਅਕਤੀ ਨੂੰ ਪੇਂਟਬਾਲ ਨਾਲ ਮਾਰਿਆ ਗਿਆ। ਸ਼ਾਮ 7:30 ਵਜੇ ਗ੍ਰੈਂਡ ਸਟਰੀਟ ਅਤੇ 7ਵੇਂ ਐਵੇਨਿਊ ਨੇੜੇ ਸੈਰ ਕਰਦੇ ਸਮੇਂ ਇਕ ਨੌਜਵਾਨ ਨੂੰ ਪੇਂਟਬਾਲ ਬੰਦੂਕ ਨਾਲ ਗੋਲੀ ਮਾਰੀ ਗਈ। ਪੁਲਿਸ ਦਾ ਕਹਿਣਾ ਹੈ ਕਿ 18 ਅਪ੍ਰੈਲ ਨੂੰ ਵੀ ਅਜਿਹੀ ਘਟਨਾ ਸਾਹਮਣੇ ਆਈ ਸੀ ਜਦੋ ਲੌਹੀਡ ਹਾਈਵੇਅ ਦੇ ਨੇੜੇ ਇੱਕ ਕਾਰੋਬਾਰੀ ਨੂੰ ਪੇਂਟਬਾਲ ਬੰਦੂਕ ਨਾਲ ਗੋਲੀ ਮਾਰੀ ਗਈ ਸੀ। ਆਰ.ਸੀ.ਐਮ.ਪੀ. ਦਾ ਕਹਿਣਾ ਹੈ ਕਿ ਜੇਕਰ ਇਸ ਸਬੰਧੀ ਕਿਸੇ ਕੋਲ ਜਾਣਕਾਰੀ ਹੈ ਉਹ ਮਿਸ਼ਨ RCMP ਨੂੰ 604-826-7161 'ਤੇ ਸੰਪਰਕ ਕਰ ਸਕਦੇ ਹਨ

# ਵੈਨਕੂਵਰ ਵਿਚਾਰ ਮੰਚ ਵੱਲੋਂ ਸੁੱਚਾ ਸਿੰਘ ਕਲੇਰ ਨਾਲ ਵਿਸ਼ੇਸ਼ ਮਿਲਣੀ



ਸਰੀ, (ਹਰਦਮ ਮਾਨ): ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਕਾਲਮ ਨਵੀਸ ਅਤੇ ਸਾਹਿਤਕਾਰ ਸੁੱਚਾ ਸਿੰਘ ਕਲੇਰ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਮਿਲਣੀ ਤਹਿਤ ਸੁੱਚਾ ਸਿੰਘ ਕਲੇਰ ਦੇ ਜੀਵਨ, ਕਨੇਡਾ ਵਿੱਚ ਸੈਟਲ ਹੋਣ, ਵੈਨਕੂਵਰ ਵਿੱਚ ਪੰਜਾਬੀ ਮਾਰਕੀਟ ਸਥਾਪਿਤ ਕਰਨ ਅਤੇ ਉਹਨਾਂ ਵੱਲੋਂ ਪੰਜਾਬੀ ਭਾਸ਼ਾ, ਸੱਭਿਆਚਾਰ, ਸਾਹਿਤ ਅਤੇ ਸਮਾਜ ਲਈ ਕੀਤੇ ਕੰਮਾਂ ਸਬੰਧੀ ਵਿਸ਼ੇਸ਼ ਗੱਲਬਾਤ ਹੋਈ।

ਗੱਲਬਾਤ ਦੀ ਸ਼ੁਰੂਆਤ ਕਰਦਿਆਂ ਮੋਹਨ ਗਿੱਲ ਨੇ ਸ. ਕਲੇਰ ਨਾਲ ਆਪਣੀ ਲੰਮੇਰੀ ਸਾਂਝ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਅਸਲ ਵਿੱਚ ਸੁੱਚਾ ਸਿੰਘ ਕਲੇਰ ਨੂੰ ਮਾਣ ਸਨਮਾਨ ਦੇਣ ਵਾਲਾ ਖੁਦ ਸਨਮਾਨਿਤ ਹੋ ਰਿਹਾ ਹੁੰਦਾ ਹੈ। ਸੁੱਚਾ ਸਿੰਘ ਕਲੇਰ ਬਹੁਤ ਹੀ ਨਿਮਰ, ਮਿਲਣਸਾਰ, ਮਦਦਗਾਰ ਅਤੇ ਭਾਈਚਾਰੇ ਦੀ ਅਜਿਹੀ ਸ਼ਖ਼ਸੀਅਤ ਹਨ ਜਿਹਨਾਂ ਵੱਲੋਂ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਤੌਰ 'ਤੇ ਕੀਤੇ ਕਾਰਜ ਕਦੇ ਵੀ ਵਿਸਾਰੇ ਨਹੀਂ ਜਾ ਸਕਣਗੇ। ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਸੁੱਚਾ ਸਿੰਘ ਕਲੇਰ ਵੱਲੋਂ ਪੰਜਾਬੀ ਬੋਲੀ, ਭਾਸ਼ਾ ਅਤੇ ਸਾਹਿਤ ਵਿੱਚ ਪਾਏ ਯੋਗਦਾਨ ਦੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਇੰਡੋ-ਕੈਨੇਡੀਅਨ ਅਖ਼ਬਾਰ ਰਾਹੀਂ ਉਨ੍ਹਾਂ ਭਾਈਚਾਰੇ ਦੇ ਮਸਲਿਆਂ, ਮੁਸ਼ਕਿਲਾਂ, ਲੋੜਾਂ-ਥੋੜਾਂ ਅਤੇ ਕੀਤੇ ਜਾਣ ਵਾਲੇ ਭਾਈਚਾਰਕ ਕਾਰਜਾਂ ਨੂੰ ਉਭਾਰ ਕੇ ਭਾਈਚਾਰੇ ਨੂੰ ਚੰਗੇਰੀ ਜ਼ਿੰਦਗੀ ਜਿਉਣ ਲਈ ਪ੍ਰੇਰਿਆ।

ਅੰਗਰੇਜ਼ ਬਰਾੜ, ਸਤੀਸ਼ ਗੁਲਾਟੀ, ਅਸ਼ੋਕ ਭਾਰਗਵ, ਜਰਨੈਲ ਸਿੰਘ ਆਰਟਿਸਟ, ਹਰਦਮ ਮਾਨ, ਸੁਖਵਿੰਦਰ ਚੋਹਲਾ ਅਤੇ ਅੰਮ੍ਰਿਤ ਦੀਵਾਨਾ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਵੈਨਕੂਵਰ ਖੇਤਰ ਵਿਚ ਪੰਜਾਬੀ ਭਾਸ਼ਾ ਦੀ ਸਥਾਪਤੀ ਲਈ ਬਹੁਤ ਘਾਲਣਾ ਘਾਲੀ ਹੈ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਲੰਮਾਂ ਸਮਾਂ ਕਾਰਜ ਕਰਦਿਆਂ ਨਵੇਂ ਲੇਖਕਾਂ ਦੀ ਯੋਗ ਅਗਵਾਈ ਕੀਤੀ ਹੈ। ਸਮਾਜਿਕ ਖੇਤਰ ਵਿਚ ਉਨ੍ਹਾਂ ਦਾ ਬੇਹੱਦ ਯੋਗਦਾਨ ਹੈ। ਸੀਨੀਅਰ ਸਿਟੀਜ਼ਨ ਵਿਚ ਉਨ੍ਹਾਂ ਦਾ ਬਹੁਤ ਮਾਣ ਸਤਿਕਾਰ ਹੈ ਅਤੇ ਕਈ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਵਡੇਰੇ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਿਆ ਹੈ।

ਅੰਤ ਵਿਚ ਸੁੱਚਾ ਸਿੰਘ ਕਲੇਰ ਨੇ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮੈਂਬਰਾਂ, ਅਹੁਦੇਦਾਰਾਂ ਅਤੇ ਹਾਜ਼ਰ ਸ਼ਖ਼ਸੀਅਤਾਂ ਵੱਲੋਂ ਪ੍ਰਗਟਾਏ ਮਾਣ ਸਨਮਾਨ ਲਈ ਸਭ ਦਾ ਧੰਨਵਾਦ ਕੀਤਾ।

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY BACK LIFE INSURANCE
- ਲਾਈਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ

Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

Keep Smiling Denture Clinic
Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

SINCE : 2007

ਕੈਨੇਡੀਅਨ
# ਪੰਜਾਬ ਟਾਈਮਜ਼
**Canadian Punjab Times**

- **Brar Bhagta Bhai Ka**
  **Editor**
  604-751-1113

Funded by the Government of Canada | Financé par le gouvernement du Canada | Canada

**ADVISORY BOARD**

- **Dr. Puran Singh**
  Vancouver, Canada
- **S. Jarnail Singh**
  Surrey, Canada
- **Ishpreet Kaur**
  News Reporter
- **Gora Sandhu Khurd**
  News Reporter (Punjab)
- **Paramjit Singh**
  Graphic Designer

Ishpreet Kaur as part of the Local Journalism Initiative.

Distributed in B.C., Greater Vancouver, Fraser Valley,
Contact for Advertisement
**604-338-7310**



**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**



**Canadian Punjab Times Inc.**
**(Punjabi Newspaper)**

Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**



**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।


# ਸਰੀ ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

## ਲੱਖਾਂ ਦੀ ਗਿਣਤੀ ਵਿਚ ਸ਼ਾਮਲ ਹੋਏ ਸ਼ਰਧਾਲੂ – ਖਰਾਬ ਮੌਸਮ ਨੇ ਸਮਾਪਤੀ ਸਮਾਗਮ ਦਾ ਰੰਗ ਫਿੱਕਾ ਕੀਤਾ



ਸਰੀ, (ਹਰਦਮ ਮਾਨ)- ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ। ਸ਼ਾਮ ਦੇ ਚਾਰ ਕੁ ਵਜੇ ਤੱਕ ਮੌਸਮ ਬਹੁਤ ਸੁਹਾਵਣਾ ਰਿਹਾ ਪਰ ਬਾਅਦ ਵਿਚ ਵਗੀ ਠੰਡੀ ਹਵਾ ਅਤੇ ਮੀਂਹ ਨੇ ਲੋਕਾਂ ਦੇ ਉਤਸ਼ਾਹ ਮੱਠਾ ਪਾ ਦਿੱਤਾ।

ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਵਾਪਸ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਆ ਕੇ ਸੰਪੂਰਨ ਹੋਇਆ। ਸਰੀ ਦੇ ਵੱਖ ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੰਘ ਗੱਤਕੇ ਦੇ ਜ਼ੌਹਰ ਦਿਖਾ ਰਹੇ ਸਨ। ਨਗਰ ਕੀਰਤਨ ਵਿਚ ਕੁਝ ਲੋਕਾਂ ਦੇ ਹੱਥਾਂ ਵਿਚ ਫੜ੍ਹੇ ਕੇਸਰੀ ਝੰਡੇ ਉਪਰ ਖਾਲਿਸਤਾਨ ਉਕਰਿਆ ਹੋਇਆ ਸੀ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ ਅਤੇ ਲੋਕ ਇਨ੍ਹਾਂ ਖਾਣਿਆਂ ਦਾ ਸਵਾਦ ਮਾਣ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ ਜਿੱਥੋਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਇਕ ਪਾਸੇ ਕੇਸਰੀ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ, ਮੈਗਜ਼ੀਨ, ਅਖਬਾਰ, ਪੈਂਫਲਿਟ ਵੰਡੇ ਜਾ ਰਹੇ ਸਨ।

ਨਗਰ ਕੀਰਤਨ ਵਿਚ ਇਸ ਵਾਰ ਵੀ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ ਗਿਆ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਇੱਥੋਂ ਕਿਤਾਬਾਂ ਖਰੀਦ ਕੇ ਸਤੀਸ਼ ਗੁਲਾਟੀ ਦੇ ਉਪਰਾਲੇ ਨੂੰ ਹੁੰਗਾਰਾ ਦਿੱਤਾ। ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਜਰਨਲਿਸਟ ਸੁਰਿੰਦਰ ਚਾਹਲ, ਪ੍ਰੋ. ਸੁਭਪ੍ਰੇਮ ਸਿੰਘ ਬਰਾੜ, ਕੁਲਵਿੰਦਰ ਕੁਲਾਰ, ਮੋਹਨ ਗਿੱਲ, ਮਿਸਜ਼ ਦਰਸ਼ਨ ਗਿੱਲ, ਮਿਸਜ਼ ਹਰਦਿਆਲ ਸਿੰਘ ਚੀਮਾ ਸਿਆਟਲ, ਰਣਧੀਰ ਢਿੱਲੋਂ, ਬਲਵਿੰਦਰ ਸਿੰਘ ਪੰਧੇਰ (ਫਿਨਲੈਂਡ), ਚਮਕੌਰ ਸਿੰਘ ਢਿੱਲੋਂ, ਨਵਦੀਪ ਗਿੱਲ। ਡਾ. ਸੁਖਵਿੰਦਰ ਵਿਰਕ ਅਤੇ ਹੋਰ ਕਈ ਸਾਹਿਤਕ ਸ਼ਖ਼ਸੀਅਤਾਂ ਨੇ ਪੁਸਤਕ ਪ੍ਰਦਰਸ਼ਨੀ ਵਿਚ ਹਾਜਰ ਹੋ ਕੇ ਸਤੀਸ਼ ਗੁਲਾਟੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਨਗਰ ਕੀਤਰਨ ਦੇ ਪ੍ਰਬੰਧਕਾਂ, ਸੇਵਾਦਾਰਾਂ, ਪੁਲਿਸ ਅਤੇ ਪ੍ਰਸਾਸ਼ਨ ਵੱਲੋਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਸਨ। ਬਿਜਲੀ ਦੀਆਂ ਤਾਰਾਂ ਵਿਚ ਇਕ ਕਰੇਨ ਫਿੱਗਣ ਨਾਲ ਵੀ ਸਮਾਪਤੀ ਸਮਾਗਮਾਂ ਵਿਚ ਕਾਫੀ ਵਿਘਨ ਪਿਆ ਰਿਹਾ। ਪ੍ਰਬੰਧਕਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਤਾ ਧੰਨਵਾਦ ਕੀਤਾ।

# ਹਾਊਸਿੰਗ ਯੋਜਨਾ ਦੀ ਦੂਜੀ ਸੂਚੀ ਵਿੱਚ ਸਰੀ, ਵ੍ਹਾਈਟ ਰੌਕ ਨੂੰ ਕੀਤਾ ਪਹਿਲ ਦੇ ਆਧਾਰ 'ਤੇ ਸ਼ਾਮਲ




ਸਰੀ, (ਇਸ਼ਪ੍ਰੀਤ ਕੌਰ): ਸਰੀ ਅਤੇ ਵ੍ਹਾਈਟ ਰੌਕ ਅਗਲੇ ਪੰਜ ਸਾਲਾਂ ਲਈ ਹਾਊਸਿੰਗ ਟੀਚੇ "ਪਹਿਲ ਦੇ ਅਧਾਰ" ਪ੍ਰਾਪਤ ਕਰਨ ਵਾਲੇ 20 ਸ਼ਹਿਰਾਂ ਦੀ ਦੂਜੀ ਸੂਚੀ ਵਿਚੋਂ ਸਭ ਤੋਂ ਮੂਹਰੇ ਰੱਖੇ ਗਏ ਹਨ।

ਬੀ.ਸੀ. ਸੂਬਾ ਸਰਕਾਰ ਵਲੋਂ ਬੀਤੇ ਦਿਨੀਂ ਹਾਊਸਿੰਗ ਯੋਜਨਾ ਦੀ ਘੋਸ਼ਣਾ ਕੀਤੀ ਗਈ।ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ। ਸਰਕਾਰ, ਹਾਊਸਿੰਗ ਸਪਲਾਈ ਐਕਟ ਵਿੱਚ ਚੁਣੇ ਗਏ ਭਾਈਚਾਰੇ ਸੂਬੇ ਦੇ ਉੱਚ-ਵਿਕਾਸ ਵਾਲੇ ਅਤੇ ਉੱਚ-ਲੋੜ ਵਾਲੇ ਖੇਤਰਾਂ ਵਿੱਚ ਸਰੀ ਅਤੇ ਵਾਈਟ ਰੌਕ ਸਭ ਤੋਂ ਪਹਿਲੇ ਹਨ। ਸੂਬਾਈ ਸਰਕਾਰ ਸੂਚੀਬੱਧ ਹਰੇਕ ਕਮਿਊਨਿਟੀ ਲਈ ਹਾਊਸਿੰਗ ਟੀਚੇ ਤੈਅ ਕਰੇਗੀ, ਟੀਚੇ ਨੂੰ ਹਾਸਲ ਕਰਨ ਲਈ ਪੰਜ ਸਾਲਾਂ ਦੀ ਸੰਭਾਵਿਤ ਸਮਾਂ-ਸੀਮਾ ਰੱਖੀ ਗਈ ਹੈ।

ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਕਿਹਾ ਕਿ ਅਗਲੇ 20 ਭਾਈਚਾਰਿਆਂ ਲਈ ਸਾਡਾ ਟੀਚਾ ਉਸ ਕੰਮ ਨੂੰ ਬਣਾਉਣਾ ਹੈ ਜੋ ਉਹ ਪਹਿਲਾਂ ਹੀ ਕਰ ਰਹੇ ਹਨ, ਜਦੋਂ ਕਿ ਉਹ ਹਾਲੀਆ ਸੂਬਾਈ ਵਿਧਾਨਿਕ ਤਬਦੀਲੀਆਂ ਨੂੰ ਲਾਗੂ ਕਰਨਾ ਜਾਰੀ ਰੱਖਦੇ ਹਨ। ਇਸ ਸਮੂਹ ਵਿੱਚ ਉਹ ਭਾਈਚਾਰੇ ਸ਼ਾਮਲ ਹਨ ਜੋ ਰਿਹਾਇਸ਼ 'ਤੇ ਵਧੀਆ ਕੰਮ ਕਰ ਰਹੇ ਹਨ ਅਤੇ ਕੁਝ ਜਿਨ੍ਹਾਂ ਨੂੰ ਹੋਰ ਕਰਨ ਦੀ ਲੋੜ ਹੈ। ਤਰਜੀਹੀ ਭਾਈਚਾਰਿਆਂ ਦਾ ਪਹਿਲਾ ਬੈਚ ਪਿਛਲੇ ਸਾਲ ਮਈ ਵਿੱਚ ਜਾਰੀ ਕੀਤਾ ਗਿਆ ਸੀ, ਜਿਸ ਵਿੱਚ 10 ਨਗਰਪਾਲਿਕਾਵਾਂ ਸੂਚੀਬੱਧ ਸਨ। ਵਾਧੂ 20 ਦੇ ਨਾਲ, ਸੂਬਾ ਕਹਿੰਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਲਈ ਹਰੇਕ ਖੇਤਰ ਨਾਲ ਕੰਮ ਕਰਾਂਗੇ ਬਾਕੀ ਸੰਪੂਰਨ ਜਾਣਕਾਰੀ ਗਰਮੀਆਂ ਵਿੱਚ ਘੋਸ਼ਿਤ ਕੀਤੀ ਜਾਵੇਗੀ।

ਕਾਹਲੋਂ ਨੇ ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ, "ਅਸੀਂ ਜਾਣਦੇ ਹਾਂ ਕਿ ਹੁਣ ਸਰੀ ਵਿੱਚ ਬਹੁਤ ਸਾਰੇ ਲੋਕ ਘਰਾਂ ਵਿੱਚ ਤੰਗੀ ਅਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ।

ਡੈਲਟਾ-ਸਰੀ ਵਿੱਚ ਅਸੀਂ ਜਾਣਦੇ ਹਾਂ ਕਿ ਸਾਡੇ ਕੋਲ ਦੋ-ਬੈੱਡਰੂਮ ਵਾਲੇ ਸੂਟ ਵਿੱਚ 12, 14 ਲੋਕ ਰਹਿੰਦੇ ਹਨ, ਇਸ ਲਈ ਸਰੀ ਵਿੱਚ ਇਹ ਵੱਡੀ ਸਮੱਸਿਆ ਹੈ। ਡੈਲਟਾ ਸ਼ਹਿਰ ਨੂੰ ਪਹਿਲੀ ਤਰਜੀਹ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਹੁਣ ਸਰੀ ਵ੍ਹਾਈਟ ਰੌਕ ਨੂੰ ਪਹਿਲ ਦੇ ਅਧਾਰ 'ਤੇ ਸ਼ਾਮਲ ਕੀਤਾ ਗਿਆ ਹੈ। This report was written by Ishpreet Kaur as part of the Local Journalism Initiative.

# ਪੈਸੇਫਿਕ ਅਕੈਡਮੀ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ



ਸਰੀ, (ਹਰਦਮ ਮਾਨ)-ਪੈਸੇਫਿਕ ਅਕੈਡਮੀ ਦੇ ਗਿਆਰਵੀ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਜੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਇਹ ਸਾਰੇ ਵਿਦਿਆਰਥੀ ਪਹਿਲੀ ਵਾਰ ਕਿਸੇ ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਭਰਨ ਆਏ ਸਨ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਗਿਆ ਤੇ ਗੁਰਦੁਆਰਾ ਸਾਹਿਬ ਦੀ ਮਰਿਆਦਾ ਅਤੇ ਸਿਖ ਧਰਮ ਸੰਬੰਧੀ ਮੁਢਲੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਵਾਰੋ ਵਾਰੀ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਪਹਿਲੂਆਂ ਬਾਰੇ ਆਪੋ ਆਪਣੇ ਸੁਆਲ ਵੀ ਪੁੱਛੇ। ਤੀਜੀ ਮੰਜ਼ਿਲ 'ਤੇ ਤਕਰੀਬਨ ਇਕ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਦਰਬਾਰ ਹਾਲ ਵਿਚ ਪਹੁੰਚ ਕੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪ੍ਰਕਾਸ਼, ਸੁੱਖਆਸਨ, ਕੀਰਤਨ ਤੇ ਦਰਬਾਰ ਹਾਲ ਵਿਚ ਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਬੈਠਣ ਦੀ ਪ੍ਰਥਾ ਤੋਂ ਵੀ ਜਾਣੂੰ ਹੋਏ। ਉਪਰੰਤ ਸਾਰਿਆਂ ਨੇ ਲੰਗਰ ਛਕਿਆ ਅਤੇ ਸੇਵਾਦਾਰਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਸਕੂਲ ਲਈ ਵਾਪਸੀ ਕੀਤੀ। ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਰੀ ਵਿਚ ਇਕ ਪ੍ਰਾਈਵੇਟ ਸਕੂਲ ਹੈ ਤੇ ਇਸ ਦੇ ਅਧਿਆਪਕ ਕਰਿਸ ਵੈਨਜੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲਿਆਇਆ ਕਰਦੇ ਹਨ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਆਂਢੀਆਂ ਗੁਆਂਢੀਆਂ ਦੇ ਧਰਮ ਤੇ ਸੱਭਿਆਚਾਰ ਤੋਂ ਜਾਣੂੰ ਹੋਣ ਦੇ ਮੌਕੇ ਪ੍ਰਦਾਨ ਕਰਵਾਉਣ ਦਾ ਇਹ ਬਹੁਤ ਸ਼ਲਾਘਾਯੋਗ ਕਦਮ ਹੈ।

# ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਵਿੱਚ ਬੀਬੀ ਮਹਿੰਦਰ ਕੌਰ ਗਿੱਲ, ਮਨਜੀਤ ਸਿੰਘ ਮਿਨਹਾਸ, ਮਨਮੋਹਣ ਸਿੰਘ ਸਮਰਾ ਅਤੇ ਸਤਵੰਤ ਸਿੰਘ ਸੰਧੂ ਦੀ ਜਿੱਤ ਯਕੀਨੀ

## ਭਾਰੀ ਇਕੱਠ ਵਿੱਚ, ਵੱਖ-ਵੱਖ ਸੰਸਥਾਵਾਂ ਨੇ ਇੱਕ ਪਾਸੜ ਕਬਜ਼ੇ ਤੋਂ ਬੈਂਕ ਨੂੰ ਮੁਕਤ ਕਰਨ ਲਈ ਦਿੱਤਾ ਬੇਮਿਸਾਲ ਸਮਰਥਨ

ਸਰੀ, ਖਾਲਸਾ ਕ੍ਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਵਿੱਚ ਸਰਬ ਸਾਂਝੀ 'ਟਾਈਮ ਫਾਰ ਚੇਂਜ' ਵਾਲੀ ਪੰਥਕ ਸਲੇਟ ਦੀ ਜਿੱਤ ਯਕੀਨੀ ਨਜ਼ਰ ਆ ਰਹੀ ਹੈ। ਇਸ ਸਬੰਧ ਵਿੱਚ ਐਬਟਸਫੋਰਡ ਦੇ ਗਿਆਨ ਬੈਂਕੁਟ ਹਾਲ ਵਿੱਚ ਭਾਰੀ ਇਕੱਠ ਵਿੱਚ, ਵੱਖ-ਵੱਖ ਸੰਸਥਾਵਾਂ ਨੇ ਪੁਰਜ਼ੋਰ ਸਮਰਥਨ ਕਰਦਿਆਂ ਹੋਇਆਂ, ਮੌਜੂਦਾ ਕਾਬਜ ਇੱਕ ਪਾਸੜ ਧੜੇ ਤੋਂ ਬੈਂਕ ਨੂੰ ਮੁਕਤ ਕਰਵਾਉਣ ਲਈ ਜ਼ੋਰਦਾਰ ਹੁੰਗਾਰਾ ਦਿੱਤਾ। ਗਿਆਨ ਬੈਂਕੁਟ ਹਾਲ ਵਿੱਚ ਹੋਏ ਇਕੱਠ ਮੌਕੇ ਪੰਥਕ ਸਲੇਟ ਦੇ ਉਮੀਦਵਾਰਾਂ ਬੀਬੀ ਮਹਿੰਦਰ ਕੌਰ ਗਿੱਲ, ਭਾਈ ਮਨਜੀਤ ਸਿੰਘ ਮਿਨਹਾਸ, ਭਾਈ ਮਨਮੋਹਣ ਸਿੰਘ ਸਮਰਾ ਅਤੇ ਭਾਈ ਸਤਵੰਤ ਸਿੰਘ ਸੰਧੂ ਨੂੰ ਸਹਿਯੋਗ ਦੇਣ ਲਈ ਜਿੰਨਾਂ ਬੁਲਾਰਿਆਂ ਨੇ ਵਿਚਾਰ ਸਾਂਝੇ ਕੀਤੇ, ਉਹਨਾਂ ਵਿੱਚ ਖਾਲਸਾ ਦੀਵਾਨ ਸੁਸਾਇਟੀ ਸਾਊਥ ਫਰੇਜ਼ਰ ਵੇਅ ਤੋਂ ਭਾਈ ਸੋਹਣ ਸਿੰਘ ਪੰਧੇਰ, ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਤੋਂ ਭਾਈ ਮਨਜੀਤ ਸਿੰਘ ਗਰੇਵਾਲ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੋਸਾਇਟੀ ਤੋਂ ਭਾਈ ਰਣਜੀਤ ਸਿੰਘ ਖਾਲਸਾ, ਫਿਊਨਰਲ ਹੋਮ ਕਮੇਟੀ ਤੋਂ ਭਾਈ ਬਲਜਿੰਦਰ ਸਿੰਘ ਬੈਂਸ ਤੋਂ ਇਲਾਵਾ ਸਥਾਨਕ ਮੰਦਰ ਸੰਸਥਾ ਅਤੇ ਭਾਈ ਬਾਜ ਸਿੰਘ ਜੱਸਲ ਸਮੇਤ ਮੀਡੀਆ ਸ਼ਖਸੀਅਤਾਂ ਤੇ ਵੱਖ-ਵੱਖ ਹੋਰਨਾਂ ਜਥੇਬੰਦੀਆਂ ਨੇ ਭਰਪੂਰ ਸਹਿਯੋਗ ਦੇਣ ਲਈ ਉਤਸ਼ਾਹ ਦਿਖਾਇਆ। ਜ਼ਿਕਰਯੋਗ ਹੈ ਕਿ ਖਾਲਸਾ ਕਰੈਡਿਟ ਯੂਨੀਅਨ ਦੀਆਂ ਚਾਰ ਡਾਇਰੈਕਟਰਾਂ ਦੇ ਅਹੁਦਿਆਂ ਲਈ ਚੋਣਾਂ 28 ਅਪ੍ਰੈਲ ਨੂੰ ਹੋਣੀਆਂ ਹਨ। 4 ਅਹੁਦੇਦਾਰਾਂ ਵਜੋਂ ਚੋਣਾਂ ਵਿੱਚ ਪੰਥਕ ਸਰਬ ਸਾਂਝੀ ਸਲੇਟ 'ਟਾਈਮ ਫਾਰ ਚੇਂਜ' ਦੇ ਉਮੀਦਵਾਰ ਮੈਦਾਨ ਵਿੱਚ ਹਨ। ਕੈਨੇਡਾ ਵਿੱਚ ਸਿੱਖ ਕੌਮ ਦੀ ਬੈਕਿੰਗ ਖੇਤਰ ਵਿੱਚ ਨੁਮਾਂਇੰਦਗੀ ਕਰ ਰਹੀ ਬੈਂਕ ਖਾਲਸਾ ਕਰੈਡਿਟ ਯੂਨੀਅਨ ਇਸ ਸਮੇਂ ਬੀ.ਸੀ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਆਪਣਾ ਬਿਜ਼ਨਸ ਕਰ ਰਹੀ ਹੈ। ਇਸ ਸਾਲ ਉਸ ਦੇ ਮਿਆਦ ਪੂਰੀ ਕਰ ਚੁੱਕੇ ਡਾਇਰੈਕਟਰਾਂ ਦੀ ਜਗ੍ਹਾ, ਨਵੇਂ ਡਾਇਰੈਕਟਰਾਂ ਦੀ ਚੋਣ ਕਰਨ ਦੀ ਪ੍ਰਕ੍ਰਿਆ 28 ਅਪ੍ਰੈਲ ਨੂੰ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਵੱਖ ਵੱਖ ਸ਼ਹਿਰਾਂ ਦੀਆਂ ਬ੍ਰਾਂਚਾਂ ਵਿੱਚ ਹੋ ਰਹੀ ਹੈ।




ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਚਾਰੇ ਉਮੀਦਵਾਰਾਂ ਨੇ ਕਿਹਾ ਕਿ ਖਾਲਸਾ ਕਰੈਡਿਟ ਯੂਨੀਅਨ ਦੇ ਮੈਂਬਰ ਮਹਿਸੂਸ ਕਰਦੇ ਹਨ ਕਿ ਹੁਣ ਸਮਾਂ ਆ ਗਿਆ ਹੈ ਕਿ ਬਦਲਾਅ ਲਿਆਂਦਾ ਜਾਵੇ। ਖਾਲਸਾ ਕਰੈਡਿਟ ਯੂਨੀਅਨ 'ਤੇ ਪਰਿਵਾਰਵਾਦ ਤੇ ਧੜੇ ਦਾ ਕਾਬਜ਼ ਹੋਣਾ ਨੁਕਸਾਨਦੇਹ ਹੈ। ਨੌਮੀਨੇਸ਼ਨ ਕਮੇਟੀ ਵੱਲੋਂ ਚੋਣ ਲੜ ਰਹੇ ਕੁੱਲ ਨੌਂ ਉਮੀਦਵਾਰਾਂ ਵਿੱਚੋਂ, ਕੇਵਲ ਚਾਰ ਨੂੰ (ਜਿਸ ਵਿੱਚ ਇੱਕ ਉਮੀਦਵਾਰ ਜਸਵਿੰਦਰ ਸਿੰਘ ਗਿੱਲ,,ਕਦੇ ਚੇਅਰ ਪਰਸਨ ਵੀ ਰਹਿ ਚੁੱਕੇ ਹਨ, ਉਹਨਾਂ ਵੱਲੋਂ ਆਪਣਾ ਨਾਂ ਅਤੇ ਤਿੰਨ ਹੋਰਨਾਂ ਸੱਤਾਧਾਰੀ ਕਾਬਜ ਧਿਰ ਨੂੰ ਆਪਣੇ ਆਪ ਹੀ ਪ੍ਰਮੋਟ ਕਰਨਾ ਅਤੇ ਮੈਂਬਰਾਂ ਨੂੰ ਇਹਨਾਂ ਨੂੰ ਵੋਟਾਂ ਪਾਉਣ ਲਈ ਰੈਕਮੈਂਡ ਕਰਨਾ, ਨਿਯਮਾਂ ਨੂੰ ਭੰਗ ਕਰਨਾ ਅਤੇ ਲੋਕਾਂ ਨੂੰ ਗੁਮਰਾਹ ਕਰਨਾ ਹੈ।

ਖਾਲਸਾ ਕ੍ਰੈਡਿਟ ਯੂਨੀਅਨ ਤੇ ਮੌਜੂਦਾ ਕਾਬਜ਼ ਧਿਰ ਦੇ ਉਮੀਦਵਾਰਾਂ ਲਈ ਨੌਮੀਨੇਸ਼ਨ ਕਮੇਟੀ ਵੱਲੋਂ ਸਮਰਥਨ ਦੇਣਾ ਮੰਦਭਾਗੀਆਂ ਕਾਰਵਾਈਆਂ ਹਨ। ਜਿਨਾਂ ਨੂੰ ਖਤਮ ਕਰਨ ਅਤੇ ਸਭ ਨੂੰ ਬਰਾਬਰੀ ਦੇਣ ਲਈ ਚੋਣਾਂ ਵਿੱਚ ਬਦਲਾਓ ਵਾਲੀ ਧਿਰ ਦਾ ਜਿੱਤਣਾ ਜ਼ਰੂਰੀ ਹੋ ਗਿਆ ਹੈ। ਇਸ ਸਬੰਧੀ ਬੇਨਤੀ ਹੈ ਕਿ ਟਾਈਮ ਫਾਰ ਚੇਂਜ ਵਾਲੀ ਧਿਰ ਦੇ ਚਾਰ ਉਮੀਦਵਾਰਾਂ ਨੂੰ ਡਾਇਰੈਕਟਰ ਵਜੋਂ ਚੁਣ ਕੇ, ਨਵੀਂ ਮੈਨੇਜਮੈਂਟ ਵਿੱਚ ਸ਼ਾਮਲ ਕੀਤਾ ਜਾਵੇ। ਇਨਾਂ ਉਮੀਦਵਾਰਾਂ ਦਾ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਖਾਲਸਾ ਕਰੈਡਿਟ ਯੂਨੀਅਨ ਨੂੰ ਇੱਕ ਬਿਲੀਅਨ ਦੇ ਵਪਾਰਕ ਅਦਾਰੇ ਦੇ ਟੀਚੇ ਪਹੁੰਚਾਇਆ ਜਾਵੇ ਤੇ ਨਵੇਂ ਇੰਮੀਗਰਾਂਟਸ ਅਤੇ ਵਿਦਿਆਰਥੀਆਂ ਨੂੰ ਖਾਲਸਾ ਕਰੈਡਿਟ ਯੂਨੀਅਨ ਰਾਹੀਂ ਵਿਤੀ ਲੈਣ ਦੇਣ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਪੜ੍ਹੇ ਲਿਖੇ ਅਤੇ ਸੂਝਵਾਨ ਮੈਂਬਰਾਂ ਦਾ ਵਿਚਾਰ ਹੈ ਇਸ ਬੈਂਕ ਨੂੰ ਹੋਰ ਵੀ ਬੁਲੰਦੀਆਂ 'ਤੇ ਲਿਜਾਣ ਲਈ ਅਤੇ ਸਚੁੱਜੇ ਢੰਗ ਨਾਲ ਚਲਾਉਂਣ ਲਈ ਸੁਧਾਰਾਂ ਦੀ ਲੋੜ ਹੈ, ਜਿਹਨਾਂ ਲਈ ਹੇਠ ਲਿਖਤ ਟੀਚੇ ਮਿਥੇ ਗਏ ਹਨ : ੳ) ਖਾਲਸਾ ਕਰੈਡਿਟ ਯੂਨੀਅਨ ਦੇ ਬਾਨੀ ਮੈਂਬਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਉਹਨਾਂ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਅ) ਬਜ਼ੁਰਗਾਂ ਅਤੇ ਵਿਦਿਆਰਥੀਆਂ ਲਈ ਹੋਰ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ੲ) ਖਾਲਸਾ ਕਰੈਡਿਟ ਯੂਨੀਅਨ ਨੂੰ ਇਕ ਬਿਲੀਅਨ ਡਾਲਰ ਤੋਂ ਵਧ ਤਕ ਲਿਜਾਣ ਦਾ ਟੀਚਾ ਪੂਰਾ ਕੀਤਾ ਜਾਵੇਗਾ। ਸ) ਖਾਲਸਾ ਕਰੈਡਿਟ ਯੂਨੀਅਨ ਦੀ ਧਾਰਮਿਕ, ਪੰਜਾਬੀ ਵਿਦਿਆ ਅਤੇ ਖੇਡਾਂ ਵਿਚ ਹੋਰ ਸਮੂਲੀਅਤ ਲਈ ਵਚਨਵੱਧਤਾ ਬਣਾਈ ਜਾਵੇਗੀ। ਹ) ਬੋਰਡ ਦੇ ਅਹਿਮ ਫੇਸਲੈ ਅਘੰ ਵਿੱਚ ਮੈਂਬਰਾਂ ਦੀ ਹਾਜ਼ਰੀ ਲਏ ਜਾਣਗੇ। ਕ) ਕਾਰੋਬਾਰੀਆਂ ਨੂੰ ਉਤਸ਼ਾਹਿਤ ਕਰਕੇ ਖਾਲਸਾ ਕਰੈਡਿਟ ਯੂਨੀਅਨ ਨਾਲ ਜੋੜਿਆ ਜਾਵੇਗਾ। ਖ) ਖਾਲਸਾ ਕਰੈਡਿਟ ਯੂਨੀਅਨ ਨੂੰ ਮੈਬਰਾਂ ਦੀ ਅਮਾਨਤ ਬਣਾਇਆ ਜਾਵੇਗਾ। ਗ) ਖਾਲਸਾ ਕਰੈਡਿਟ ਯੂਨੀਅਨ ਵਿੱਚ ਵੱਧ ਤੋਂ ਵੱਧ ਨਵੀਂ ਮੈਂਬਰਸ਼ਿਪ ਦੀ ਵਚਨਵੱਧਤਾ ਹੋਵੇਗੀ।

ਘ) ਖਾਲਸਾ ਕਰੈਡਿਟ ਯੂਨੀਅਨ ਦੇ ਸਾਰੇ ਕਰਮਚਾਰੀਆਂ ਨੂੰ ਕੰਮ ਦੀ ਸਪੈਸ਼ਲ ਟ੍ਰੇਨਿੰਗ ਦਿਤੀ ਜਾਵੇਗੀ। ਙ)ਖਾਲਸਾ ਕਰੈਡਿਟ ਯੂਨੀਅਨ ਦੇ ਸਾਰੇ ਮੈਂਬਰਾਂ ਲਈ ੋਨ ਲਿਨਏ ਭਓਨਕਿਨਗ ਪਦਓਟਏ ਕੀਤੀ ਜਾਵੇਗੀ।

ਪੰਥਕ ਇਕੱਠ ਦੇ ਅਖੀਰ ਵਿੱਚ ਜੈਕਾਰਿਆਂ ਦੀ ਗੂੰਜ ਵਿੱਚ ਸਮੂਹ ਸੰਗਤ ਨੇ ਇਹਨਾਂ ਚਾਰ ਉਮੀਦਵਾਰਾਂ ਨੂੰ ਖਾਲਸਾ ਕ੍ਰੈਡਿਟ ਯੂਨੀਅਨ ਦੀ ਡਾਇਰੈਕਟਰ ਦੀ ਚੋਣ ਵਿੱਚ ਜਿਤਾਉਣ ਦਾ ਪੱਕਾ ਫੈਸਲਾ ਕੀਤਾ ਜੋ ਕਿ ਬੀਬੀ ਮਹਿੰਦਰ ਕੌਰ ਗਿਲ, ਭਾਈ ਮਨਜੀਤ ਸਿੰਘ ਮਿਨਹਾਸ, ਭਾਈ ਮਨਮੋਹਨ ਸਿੰਘ ਸਮਰਾ ਤੇ ਭਾਈ ਸਤਵੰਤ ਸਿੰਘ ਸੰਧੂ ਹਨ। ਦੱਸਣਯੋਗ ਹੈ ਕਿ ਵੋਟਿੰਗ ਮਿਤੀ 28 ਅਪ੍ਰੈਲ 2024 ਨੂੰ ਉਹਨਾਂ ਸਾਰੇ ਹੀ ਸ਼ਹਿਰਾਂ ਵਿਚ, ਜਿਥੇ ਖਾਲਸਾ ਕ੍ਰੇਡਿਟ ਯੂਨੀਅਨ ਦੀ ਬ੍ਰਾਂਚ ਹੋਵੇ, ਸਵੇਰੇ 10 ਵਜੇ ਤੋ ਸਾਮ 4 ਵਜੇ ਤਕ ਪਾਈਆਂ ਜਾਣੀਆਂ ਹਨ। ਹਰ ਇਕ ਮੈਂਬਰ ਨੂੰ ਚਾਰੇ ਹੀ ਉਮੀਦਵਾਰਾਂ ਨੂੰ ਵੋਟ ਪਾਉਣੀ ਜ਼ਰੂਰੀ ਹੈ, ਨਹੀਂ ਤਾਂ ਵੋਟ ਰੱਦ ਹੋਵੇਗੀ। ਖਾਲਸਾ ਕ੍ਰੇਡਿਟ ਯੂਨੀਅਨ ਦੇ ਸਾਰੇ ਮੈਬਰਾਂ ਨੂੰ ਜਿਹਨਾਂ ਦੇ ਇਸ ਬੈਂਕ ਵਿਚ ਖਾਤੇ ਹਨ, ਨੂੰ ਅਪੀਲ ਕੀਤੀ ਜਾਦੀ ਹੈ ਕਿ ੳਪਰੋਕਤ ਉਮੀਦਵਾਰਾਂ ਨੂੰ ਅਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ।

ਕੈਨੇਡਾ ਵਿੱਚ ਵੋਟ ਦਾ ਹੱਕ ਸਾਡੇ ਬਜ਼ੁਰਗਾਂ ਨੇ ਲੰਮੀ ਘਾਲਣਾ ਤੋਂ ਬਾਅਦ ਹਾਸਿਲ ਕੀਤਾ ਹੈ। ਇਸ ਨੂੰ ਅਜਾਈ ਨਾ ਗਵਾਉਣਾ ਅਤੇ ਇਸ ਦੀ ਵਰਤੋਂ ਜ਼ਰੂਰ ਕਰਨੀ, ਤਾਂ ਕਿ ਪੰਥਕ ਸੰਸਥਾ ਕੌਮ ਦੀ ਹੱਥ 'ਚ ਆਵੇ ਅਤੇ ਧੜਿਆਂ ਤੋਂ ਮੁਕਤ ਹੋਵੇ। ਦੱਸਣਯੋਗ ਹੈ ਕਿ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਚੋਣਾਂ ਡੇਢ ਦਹਾਕੇ ਤੋਂ ਮਗਰੋਂ ਹੋ ਰਹੀਆਂ ਹਨ, ਕਿਉਂਕਿ ਪਹਿਲੀ ਕਾਬਜ਼ ਧਿਰ ਨੇ ਇਹ ਚੋਣਾਂ ਹੋਣ ਹੀ ਨਹੀਂ ਦਿੱਤੀਆਂ।









# 80 ਫੀਸਦੀ ਭਾਰਤੀ 'ਹਿੰਦੂ ਰਾਸ਼ਟਰ' ਦੇ ਹੱਕ ਵਿੱਚ ਨਹੀਂ, ਸਗੋਂ ਧਾਰਮਿਕ ਨਿਰਪੱਖਤਾ ਦੇ ਹੱਕ ਵਿੱਚ

ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਦੇ ਯਤਨਾਂ ਦੇ ਬਾਵਜੂਦ ਭਾਰਤ ਦੇ ਲਗਭਗ 80 ਫੀਸਦੀ ਲੋਕ ਮੰਨਦੇ ਹਨ ਕਿ ਭਾਰਤ ਸਭ ਦਾ ਹੈ ਨਾ ਕਿ ਸਿਰਫ਼ ਹਿੰਦੂਆਂ ਦਾ। ਭਾਵ ਹਿੰਦੂਤਵ ਦੇ ਸਿਆਸੀ ਪ੍ਰਚਾਰ ਦੇ ਉਲਟ ਉਹ ਧਾਰਮਿਕ ਬਹੁਲਵਾਦ ਦੇ ਸਮਰਥਕ ਹਨ। ਇਹ ਨਤੀਜਾ ਸੀਐਸਡੀਐਸ-ਲੋਕਨੀਤੀ ਦਾ ਤਾਜ਼ਾ ਸਰਵੇਖਣ ਹੈ। ਵਿਕਾਸਸ਼ੀਲ ਸਮਾਜਾਂ ਦੇ ਅਧਿਐਨ ਲਈ ਇੱਕ ਵੱਕਾਰੀ ਕੇਂਦਰ ਵਜੋਂ ਮਸ਼ਹੂਰ ਸੀਐਸਡੀਐਸ-ਲੋਕਨੀਤੀ - ਲੋਕਨੀਤੀ ਦੇ 19 ਰਾਜਾਂ ਵਿੱਚ ਕੀਤੇ ਗਏ ਇਸ ਸਰਵੇਖਣ ਵਿੱਚ ਜ਼ਿਆਦਾਤਰ ਲੋਕਾਂ ਨੇ ਧਾਰਮਿਕ ਬਹੁਲਵਾਦ ਨੂੰ ਆਪਣਾ ਸਮਰਥਨ ਦਿੱਤਾ। ਲੋਕਨੀਤੀ ਨੇ ਇਹ ਸਰਵੇਖਣ ਅੰਗਰੇਜ਼ੀ ਅਖਬਾਰ ਦ ਹਿੰਦੂ ਲਈ ਕਰਵਾਇਆ ਸੀ।

ਦਿ ਹਿੰਦੂ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਧਾਰਮਿਕ ਬਹੁਲਵਾਦ ਦਾ ਬਹੁਤ ਪੁਰਾਣਾ ਇਤਿਹਾਸ ਹੈ। ਅੱਜ ਵੀ ਭਾਰਤ ਦੇ ਬਹੁਤੇ ਲੋਕਾਂ ਵਿੱਚ ਧਾਰਮਿਕ ਬਹੁਲਵਾਦ ਦੀ ਭਾਵਨਾ ਜ਼ਿੰਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਵੇਖਣ ਵਿੱਚ ਸ਼ਾਮਲ 79 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਸਾਰੇ ਧਰਮ ਬਰਾਬਰ ਹਨ, ਕੋਈ ਵਿਸ਼ੇਸ਼ ਧਰਮ ਉਚਾ ਨੀਵਾਂ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਅਜਿਹੇ ਵਿਚਾਰ ਰੱਖਣ ਵਾਲਿਆਂ ਵਿੱਚ ਹਿੰਦੂਆਂ ਦੀ ਗਿਣਤੀ ਵੱਡੀ ਹੈ ਅਤੇ ਹਾਲਾਂਕਿ ਉਨ੍ਹਾਂ ਨੂੰ ਲਾਮਬੰਦ ਕਰਕੇ ਆਰਐਸਐਸ-ਭਾਜਪਾ ਹਿੰਦੂ ਰਾਸ਼ਟਰ ਦੇ ਵਿਚਾਰ ਦਾ ਪ੍ਰਚਾਰ ਕਰ ਰਹੀ ਹੈ। ਭਾਰਤ ਵਿੱਚ 10 ਵਿੱਚੋਂ 8 ਲੋਕ ਧਾਰਮਿਕ ਬਹੁਲਵਾਦ ਦਾ ਸਮਰਥਨ ਕਰਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਭਾਰਤ ਇੱਕ ਅਜਿਹਾ ਦੇਸ਼ ਹੋਣਾ ਚਾਹੀਦਾ ਹੈ ਜਿੱਥੇ ਸਾਰੇ ਲੋਕ ਆਪਣੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰ ਸਕਣ। ਹਾਲਾਂਕਿ 11 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਸਿਰਫ ਹਿੰਦੂਆਂ ਦਾ ਦੇਸ਼ ਹੈ। ਜਦੋਂ ਕਿ 10 ਫੀਸਦੀ ਲੋਕਾਂ ਨੇ ਕੋਈ ਫੈਸਲਾ ਨਹੀਂ ਦਿੱਤਾ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ ਜਾਂ ਸਾਰੇ ਧਰਮਾਂ ਦਾ।ਰਿਪੋਰਟ ਮੁਤਾਬਕ ਬਜ਼ੁਰਗਾਂ ਤੋਂ ਵੱਧ ਨੌਜਵਾਨ ਮੰਨਦੇ ਹਨ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ। ਪਰ ਬਜ਼ੁਰਗਾਂ ਦੀ ਗਿਣਤੀ ਵੀ ਘੱਟ ਨਹੀਂ, 73 ਫੀਸਦੀ ਬਜ਼ੁਰਗਾਂ ਦਾ ਮੰਨਣਾ ਹੈ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ। ਜਦੋਂ ਕਿ 81 ਫੀਸਦੀ ਨੌਜਵਾਨ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ।

ਰਿਪੋਰਟ ਮੁਤਾਬਕ 73 ਫੀਸਦੀ ਅਨਪੜ੍ਹ ਲੋਕਾਂ ਦੇ ਮੁਕਾਬਲੇ 83 ਫੀਸਦੀ ਪੜ੍ਹੇ-ਲਿਖੇ ਲੋਕ ਭਾਰਤ ਨੂੰ ਸਾਰੇ ਧਰਮਾਂ ਦਾ ਦੇਸ਼ ਮੰਨਦੇ ਹਨ। ਇਸ ਤੋਂ ਇਲਾਵਾ ਸ਼ਹਿਰੀ ਮਾਹੌਲ ਵਿਚ ਰਹਿਣ ਵਾਲੇ ਲੋਕ ਪੇਂਡੂ ਮਾਹੌਲ ਵਿਚ ਰਹਿਣ ਵਾਲੇ ਲੋਕਾਂ ਨਾਲੋਂ ਧਾਰਮਿਕ ਬਹੁਲਵਾਦ ਦੇ ਪੱਖ ਵਿਚ ਜ਼ਿਆਦਾ ਹਨ। ਲੋਕਨੀਤੀ 1997 ਵਿੱਚ ਸਥਾਪਿਤ ਸੀਐਸਡੀਐਸ (ਸੈਂਟਰ ਫਾਰ ਦ ਸਟੱਡੀ ਆਫ਼ ਡਿਵੈਲਪਿੰਗ ਸੋਸਾਇਟੀਜ਼) ਦਾ ਇੱਕ ਖੋਜ ਪ੍ਰੋਗਰਾਮ ਹੈ ਜਿਸ ਦੇ ਤਹਿਤ ਵੱਖ-ਵੱਖ ਸਰਵੇਖਣਾਂ ਰਾਹੀਂ ਸਮਾਜ ਦੀ ਗਤੀਸ਼ੀਲਤਾ ਅਤੇ ਤਬਦੀਲੀਆਂ ਦਾ ਅਧਿਐਨ ਕੀਤਾ ਜਾਂਦਾ ਹੈ।ਜਿਥੋਂ ਤੱਕ ਸੰਘ ਮੁਖੀ ਵਲੋਂ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਕਰਾਰ ਦੇਣ ਦੀ ਗੱਲ ਹੈ, ਉਨ੍ਹਾਂ ਦੇ ਮਨ ਵਿਚ "ਹਿੰਦੂ" ਦੀ ਪਰਿਭਾਸ਼ਾ ਕੀ ਹੈ, ਇਸ ਬਾਰੇ ਹਿੰਦੂਤਵੀ ਜਾ ਸੰਘੀ ਨੇਤਾ ਤੇ ਬੁਧੀਜੀਵੀ ਕਦੇ ਵੀ ਕੋਈ ਸੰਤੁਸ਼ਟੀਜਨਕ ਵਿਆਖਿਆ ਨਹੀਂ ਕਰ ਸਕੇ ।ਇੰਡੀਆ ਨੂੰ ਸਿਰਫ ਇਕ ਧਰਮ ਨਾਲ ਜੋੜਨਾ ਇਕ ਵੱਡੀ ਜ਼ਿਆਦਤੀ ਹੈ ।

# ਕਾਰਪੋਰੇਟ ਪੱਖੀ ਬਣਿਆ ਅਮਰੀਕਨ ਮੀਡੀਆ

ਵਾਸ਼ਿੰਗਟਨ : ਇਹ ਕਿਆਸ-ਆਰਾਈਆਂ ਹਨ ਕਿ ਅਮਰੀਕੀ ਅਰਥਚਾਰਾ ਜਲਦ ਹੀ ਮੰਦਵਾੜੇ ਦੀ ਜਕੜ ਵਿਚ ਆ ਸਕਦਾ ਹੈ। ਮੁਨਾਫ਼ੇ ਦੀ ਦਰ ਦੇ ਕਾਫੀ ਹੇਠਾਂ ਆਉਣ ਤੇ ਆਰਥਿਕ ਸੰਕਟ ਦੇ ਸਿਰ ਉੱਤੇ ਮੰਡਰਾਉਣ ਦਾ ਹੀ ਪ੍ਰਗਟਾਵਾ ਦੁਨੀਆ ਭਰ ਵਿਚ ਸਾਮਰਾਜੀ ਖਹਿ-ਭੇੜ ਦੇ ਵਧੇਰੇ ਤਿੱਖੇ ਹੋਣ ਵਿਚ ਨਿੱਕਲਿਆ ਹੈ ਜਿਸ ਨੇ ਅਮਰੀਕਾ ਨੂੰ ਆਪਣੇ ਮੁਨਾਫ਼ੇ ਦੇ ਇੱਕ ਅਹਿਮ ਸਰੋਤ, ਇਹਦੇ ਆਧਾਰ ਖੇਤਰਾਂ ਵਿਚ ਚੀਨ-ਰੂਸ ਧੁਰੀ ਦਾ ਦਖਲ ਰੋਕਣ ਲਈ ਫੌਜੀ ਖਰਚੇ ਵਧਾਉਣ ਵੱਲ ਧੱਕਿਆ ਹੈ। ਮੁਨਾਫ਼ੇ ਦੀ ਦਰ ਹੇਠਾਂ ਆਉਣ ਕਰ ਕੇ ਹੀ ਸਰਕਾਰ ਨੂੰ ਅਜਾਰੇਦਾਰ ਸਰਮਾਏ ਉੱਤੇ ਕਰਾਂ ਵਿਚ ਕਾਟ ਲਾਉਣੀ ਪਈ ਹੈ, ਉਸ ਨੂੰ ਸਬਸਿਡੀਆਂ ਦੇਣੀਆਂ ਪਈਆਂ ਹਨ, ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਅਰਬਾਂ ਡਾਲਰ ਜਾਰੀ ਕਰਨੇ ਪਏ ਹਨ। ਆਪਣੇ ਹਾਕਮਾਂ ਦੇ ਹਿੱਤਾਂ ਦੀ ਰਾਖੀ ਲਈ ਹੀ ਅਮਰੀਕੀ ਸਰਕਾਰ ਸਿਰ ਇਸ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ। ਅਮਰੀਕਾ ਦੀ ਹਾਕਮ ਜਮਾਤ ਦੇ ਚਾਕਰ ਮੀਡੀਆ ਨੇ ਪਿਛਲਾ ਸਾਰਾ ਮਹੀਨਾ



ਅਸਲ ਤੱਥਾਂ ਨੂੰ ਅੱਖੋਂ ਓਹਲੇ ਕਰਦਿਆਂ ਇਹ ਪ੍ਰਚਾਰ ਕੀਤਾ ਹੈ ਕਿ ਸਰਕਾਰ ਸਿਰ ਕਰਜ਼ਾ ਵਧਣ ਦਾ ਅਸਲੀ ਕਾਰਨ ਲੋਕ ਭਲਾਈ ਸਕੀਮਾਂ ਉੱਤੇ ਵਧਦਾ ਖਰਚਾ ਹੈ। ਚਾਹੇ ਡੈਮੋਕ੍ਰੇਟ ਪੱਖੀ ਮੀਡੀਆ ਹੋਵੇ ਭਾਵੇਂ ਰਿਪਬਲਿਕਨ ਪਾਰਟੀ ਪੱਖੀ ਜਾਂ ਅਖੌਤੀ ਨਿਰਪੱਖ ਮੀਡੀਆ, ਇਹਨਾਂ ਸਾਰਿਆਂ ਨੇ ਹੀ ਅਮਰੀਕਾ ਦੀ ਲੋਕਾਈ ਨੂੰ ਮੁਫ਼ਤਖੋਰ ਕਹਿ ਕੇ ਭੰਡਦਿਆਂ ਉਹਨਾਂ ਨੂੰ ਸਰਕਾਰੀ ਖਜ਼ਾਨੇ ਸਿਰ ਬੋਝ ਦੱਸਿਆ ਹੈ। ਇਸ ਗੱਲ ਨੂੰ ਉਭਾਰਿਆ ਗਿਆ ਕਿ ਅਮਰੀਕੀ ਸਰਕਾਰ ਨੂੰ ਆਪਣਾ ਕੁੱਲ ਕਰਜ਼ਾ ਘਟਾਉਣ ਦੀ ਲੋੜ ਹੈ ਤੇ ਇਹ ਸਿੱਖਿਆ, ਸਿਹਤ, ਪੈਨਸ਼ਨ, ਬੇਰੁਜ਼ਗਾਰੀ ਭੱਤੇ, ਹੋਰ ਲੋਕ ਭਲਾਈ ਸਕੀਮਾਂ ਆਦਿ ਜਿਹੀਆਂ ਮਦਾਂ ਉੱਤੇ ਖਰਚਾ ਘਟਾ ਕੇ ਹੀ ਸੰਭਵ ਹੈ। ਦੁਨੀਆ ਭਰ ਦੀਆਂ ਸਰਕਾਰਾਂ ਆਰਥਿਕ ਮੰਦਵਾੜੇ ਅਤੇ ਸੰਕਟ ਦੇ ਬੋਝ ਨੂੰ ਲੋਕਾਂ ਸਿਰ ਸੁੱਟਣ ਦੀਆਂ ਕੋਸ਼ਿਸ਼ਾਂ ਵਿਚ ਰੁੱਝੀਆਂ ਹੋਈਆਂ ਹਨ ।ਅਮਰੀਕੀ ਸਰਕਾਰ ਨੇ ਨਾ ਤਾਂ ਕਾਰਪੋਰੇਟਾਂ ਉੱਤੇ ਟੈਕਸ ਵਧਾਉਣ ਦੀ ਗੱਲ ਕੀਤੀ ਹੈ ਤੇ ਨਾ ਹੀ ਫੌਜੀ ਖਰਚੇ ਘਟਾਉਣ ਬਾਰੇ ਕੋਈ ਚਰਚਾ ਛੇੜੀ ਹੈ। ਸਰਕਾਰਾਂ ਅਜਾਰੇਦਾਰ ਸਰਮਾਏਦਾਰਾਂ ਦਾ ਮੁਨਾਫ਼ਾ ਸੁਰੱਖਿਅਤ ਰੱਖਣ ਲਈ ਲੋਕਾਈ ਦੇ ਲਹੂ ਦਾ ਆਖਰੀ ਤੁਪਕਾ ਤੱਕ ਨਿਚੋੜਨ ਤੋਂ ਪਿੱਛੇ ਨਹੀਂ ਹਟਣਗੀਆਂ।

# ਗਾਜਾ ਯੁੱਧ ਵਿੱਚ ਇਜ਼ਰਾਇਲ ਦਾ ਸਮਰਥਨ ਕਰਨ ਲਈ ਬਿਡੇਨ ਸਰਕਾਰ ਦੀਆਂ ਨੀਤੀਆਂ ਦਾ ਵਿਦਿਆਰਥੀਆਂ ਵੱਲੋਂ ਭਾਰੀ ਵਿਰੋਧ' ਪ੍ਰਦਰਸ਼ਨ

ਵਾਸ਼ਿੰਗਟਨ, (ਰਾਜ ਗੋਗਨਾ): ਗਾਜ਼ਾ 'ਤੇ ਇਜ਼ਰਾਈਲ ਦੇ ਹਮਲਿਆਂ ਦੀ ਘਟਨਾ ਨੇ ਹਾਲ ਹੀ 'ਚ ਅਮਰੀਕਾ ਨੂੰ ਬਹੁਤ ਵੱਡਾ ਝਟਕਾ ਦਿੱਤਾ ਹੈ। ਗਾਜ਼ਾ 'ਤੇ ਹਮਲਿਆਂ ਦੇ ਖਿਲਾਫ ਅਮਰੀਕਾ 'ਚ ਵਿਰੋਧ ਪ੍ਰਦਰਸ਼ਨ ਸਿਖਰ 'ਤੇ ਪਹੁੰਚ ਗਏ ਹਨ। ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਰਾਸ਼ਟਰਪਤੀ ਜੋਅ ਬਿਡੇਨ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ।ਯੇਲ, ਐਮਆਈਟੀ,ਹਾਰਵਰਡ ਅਤੇ ਕੋਲੰਬੀਆ ਯੂਨੀਵਰਸਿਟੀਆਂ ਵਿੱਚ ਪੜਾਈ ਮੁਅੱਤਲ ਕਰ ਦਿੱਤੀ ਗਈ ਹੈ। ਇਸ ਕਾਰਨ ਤਣਾਅ ਦੇ ਕਾਰਨ 133 ਵਿਦਿਆਰਥੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਗਿਆ।ਵੇਰਵਿਆਂ ਦੇ ਅਨੁਸਾਰ ਅਮਰੀਕਾ ਵਿੱਚ ਵਿਦਿਆਰਥੀਆਂ ਨੇ ਗਾਜ਼ਾ ਉੱਤੇ ਹਮਲਿਆਂ ਦੇ ਮੱਦੇਨਜ਼ਰ ਇਜ਼ਰਾਈਲ ਦੇ ਸਮਰਥਨ ਵਿੱਚ ਬਿਡੇਨ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਨੀਤੀਆਂ ਦਾ ਵਿਰੋਧ ਕੀਤਾ। ਉਨ੍ਹਾਂ ਨੇ ਸੜਕਾਂ 'ਤੇ ਆ ਕੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਕੀਤੇ। ਇਸ ਮੌਕੇ ਰੋਸ ਪ੍ਰਦਰਸ਼ਨਾਂ ਦੇ ਹਿੱਸੇ ਵਜੋਂ ਉਹ ਮੰਗ ਕਰ ਰਹੇ ਹਨ ਕਿ ਬੇਕਸੂਰ ਫਲਸਤੀਨੀ ਔਰਤਾਂ ਅਤੇ ਬੱਚਿਆਂ ਦੀਆਂ ਮੌਤਾਂ ਲਈ ਬਿਡੇਨ ਸਰਕਾਰ ਨੂੰ



ਜਿੰਮੇਵਾਰ ਠਹਿਰਾਇਆ ਜਾਵੇ।ਇਸ ਦੌਰਾਨ ਅਮਰੀਕਾ ਦੀਆਂ ਯੇਲ, ਐਮਆਈਟੀ, ਹਾਰਵਰਡ, ਕੋਲੰਬੀਆ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕੀਤਾ। ਇਸ ਕਾਰਨ ਕਾਫੀ ਤਣਾਅਪੂਰਨ ਸਥਿਤੀ ਬਣੀ ਹੋਈ ਹੈ। ਇਸ ਕਾਰਨ ਮੈਦਾਨ ਵਿੱਚ ਦਾਖ਼ਲ ਹੋਈ ਪੁਲੀਸ ਨੇ 133 ਦੇ ਕਰੀਬ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਨਾਲ ਹੀ, ਵਿਦਿਆਰਥੀਆਂ ਦੀਆਂ ਚਿੰਤਾਵਾਂ ਨਾਲ ਸਬੰਧਤ ਫੋਟੋਆਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਦੂਜੇ ਪਾਸੇ ਕੋਲੰਬੀਆ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੇ ਵਿਰੋਧ ਦੇ ਮੱਦੇਨਜ਼ਰ ਕਲਾਸਰੂਮ ਬੰਦ ਕਰ ਦਿੱਤੇ ਗਏ। ਬਾਕੀ ਸਮੈਸਟਰ ਲਈ ਹਾਈਬ੍ਰਿਡ ਵਿਧੀ ਦਾ ਪਾਲਣ ਕੀਤਾ ਜਾਵੇਗਾ। ਕੋਲੰਬੀਆ ਯੂਨੀਵਰਸਿਟੀ ਦੇ ਪ੍ਰਧਾਨ ਨੇ ਕਿਹਾ ਕਿ ਕਲਾਸਾਂ ਆਨਲਾਈਨ ਹੋਣਗੀਆਂ।ਇਸ ਦੌਰਾਨ ਗਾਜ਼ਾ 'ਤੇ ਜੰਗ ਦੇ ਖਿਲਾਫ ਕਈ ਕਾਲਜਾਂ 'ਚ ਤਣਾਅ ਵਧ ਰਿਹਾ ਹੈ। ਵਿਦਿਆਰਥੀ ਯੂਨੀਵਰਸਿਟੀਆਂ ਦੇ ਰੋਜ਼ਾਨਾ ਦੇ ਕੰਮਕਾਜ ਵਿੱਚ ਵਿਘਨ ਪਾ ਰਹੇ ਹਨ। ਅਤੇ, ਬੀਤੇਂ ਦਿਨ ਸੋਮਵਾਰ ਨੂੰ ਵਿਦਿਆਰਥੀਆਂ ਦੇ ਨਾਲ. ਪ੍ਰੋਫੈਸਰਾਂ ਨੇ ਵੀ ਫਲਸਤੀਨ ਪੱਖੀ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਕੋਲੰਬੀਆ ਯੂਨੀਵਰਸਿਟੀ ਵਿੱਚ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਵਿਦਿਆਰਥੀਆਂ ਨੇ ਬੋਸਟਨ, ਹਾਰਵਰਡ ਅਤੇ ਮੈਸੇਚਿਉਸੇਟਸ ਯੂਨੀਵਰਸਿਟੀਆਂ ਵਿੱਚ ਕਲਾਸਾਂ ਦਾ ਬਾਈਕਾਟ ਕੀਤਾ।ਅਜਿਹਾ ਵੀ ਲਗਦਾ ਹੈ ਕਿ ਪੁਲਿਸ ਨਿਊਯਾਰਕ ਯੂਨੀਵਰਸਿਟੀ ਵਿੱਚ ਫਲਸਤੀਨ ਪੱਖੀ ਪ੍ਰਦਰਸ਼ਨਾਂ 'ਤੇ ਕਾਰਵਾਈ ਕਰ ਰਹੀ ਹੈ ਅਤੇ ਕਈ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਨਾਲ ਹੀ, ਫਿਲਸਤੀਨ ਪੱਖੀ ਵਿਦਿਆਰਥੀਆਂ ਨੇ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ 15 ਟੈਂਟ ਲਗਾਏ। ਇਸ ਦੌਰਾਨ ਵ੍ਹਾਈਟ ਹਾਊਸ ਨੇ ਵਿਦਿਆਰਥੀਆਂ ਦੇ ਅੰਦੋਲਨ ਤੋਂ ਇਨਕਾਰ ਕੀਤਾ ਹੈ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 17 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਮੈਂ ਢਾਡੀ ਉੱਚੇ , ਆਲੀਸ਼ਾਨ , ਗੁਰੂ ਨਾਨਕ ਕਰਤਾਰ ਦਾ


**ਲਿਖਤ : ਬਲਦੀਪ ਸਿੰਘ ਰਾਮੂੰਵਾਲੀਆ**

ਗੁਰੂ ਨਾਨਕ ਸਾਹਿਬ ਦੇ ਦਰ ਘਰ ਦੇ ਖਿਦਮਤਦਾਰ ਪ੍ਰੋਫੈਸਰ ਪੂਰਨ ਸਿੰਘ ਵਰਗੇ ਵਿਰਲੇ ਹੀ ਵੇਖਣ ਨੂੰ ਮਿਲਦੇ ਹਨ। ਅਲਬੇਲਾ ਕਵੀ , ਉਚ ਕੋਟੀ ਦਾ ਵਾਰਤਾਕਾਰ , ਸਫਲ ਵਿਗਿਆਨੀ, ਧਰਮ ਵੇਤਾ , ਉਤਮ ਅਨੁਵਾਦਕ , ਚਿੰਤਕ , ਸੁਹਜ ਕਲਾਵਾਂ ਦਾ ਪ੍ਰੇਮੀ , ਪ੍ਰੋ.ਪੂਰਨ ਸਿੰਘ ਦਾ ਜਨਮ 17 ਫਰਵਰੀ 1881 ਨੂੰ ਸਰਦਾਰ ਕਰਤਾਰ ਸਿੰਘ ਕਾਨੂੰਗੋ ਦੇ ਘਰ ਮਾਤਾ ਪਰਮਾਦੇਵੀ ਦੀ ਕੁੱਖੋਂ , ਐਬਟਾਬਾਦ ਜਿਲ੍ਹੇ ਦੇ ਛੋਟੇ ਜਿਹੇ ਪਿੰਡ ਸਲਹੱਡ ਵਿੱਚ ਹੋਇਆ । ਮਾਤਾ ਜੀ ਦੀ ਧਾਰਮਿਕ ਸਖਸ਼ੀਅਤ , ਉੱਚ ਆਚਰਣ , ਸੁਹਜ ਸਿਆਣਪ ਦਾ ਅਸਰ ਪ੍ਰੋ.ਪੂਰਨ ਸਿੰਘ ਤੇ ਬੜਾ ਡੂੰਘਾ ਪਿਆ। ਪਿਤਾ ਦੀ ਸਰਕਾਰੀ ਮੁਲਾਜਮਤ ਕਾਰਨ ਹੁੰਦੀਆਂ ਬਦਲੀਆਂ ਨਾਲ ਬਚਪਨ ਵਿੱਚ ਹੀ ਸਾਰਾ ਗੰਧਾਰ ਦੇਸ਼ ਵੇਖ ਲਿਆ।

1886 ਵਿੱਚ ਹਵੇਲੀਆਂ ਪਿੰਡ ਵਿਚ ਆ ਵੱਸੇ।ਇਥੇ ਹੀ ਗੁਰਦੁਆਰੇ ਦੇ ਭਾਈ ਬੇਲਾ ਸਿੰਘ ਕੋਲੋਂ ਗੁਰਮੁਖੀ ਤੇ ਮਸੀਤ ਦੀ ਮੌਲਵੀ ਜੀ ਪਾਸੋਂ ਫਾਰਸੀ ਪੜ੍ਹਨੀ ਸ਼ੁਰੂ ਕੀਤੀ।ਫਿਰ ਇਹ 1890 ਵਿੱਚ ਹਰੀਪੁਰ ਆ ਗਏ।ਇਥੇ ਐਂਗਲੋ ਮਿਡਲ ਸਕੂਲ ਵਿਚੋਂ ਮਿਡਲ ਪਾਸ ਕੀਤੀ।ਇਥੇ ਸਕੂਲ ਦਾ ਮੁਖੀ ਇਸਾਈ ਸੀ।ਜੇ ਇਹ ਕਹਿ ਲਈਏ ਤਾਂ ਅਤਿ ਕਥਨੀ ਨਹੀਂ ਹੋਵੇਗੀ ਕਿ ਉਹਨਾਂ ਨੇ ਉਮਰ ਦੇ ਇਸ ਪੜਾਅ ਤੱਕ ਤਿਨ ਤਹਿਜੀਬਾਂ ਨੂੰ ਬਹੁਤ ਨੇੜੇ ਤੋਂ ਸਮਝਿਆ।1895 ਵਿੱਚ ਰਾਵਲਪਿੰਡੀ ਮਿਸ਼ਨ ਸਕੂਲ ਤੋਂ ਦਸਵੀਂ ਪਾਸ ਕੀਤੀ। ਇਥੇ ਹੀ ਉਹਨਾਂ ਦੇ ਪਰਿਵਾਰ ਵਿੱਚ ਵਾਪਰੀ ਇਕ ਘਟਨਾ ਨੇ ਇਹਨਾਂ ਦੇ ਕੋਮਲ ਮਨ ਵਿਚ ਇਸਤਰੀ ਜਾਤੀ ਲਈ ਅਥਾਹ ਹਮਦਰਦੀ ਭਰ ਦਿੱਤੀ, ਇਹਨਾਂ ਨੂੰ ਹਰੇਕ ਇਸਤਰੀ ਦਾ ਚਿਹਰਾ ਬੜਾ ਹੀ ਮਾਸੂਮ, ਨਾਜ਼ੁਕ ਤੇ ਮਜ਼ਲੂਮ ਨਜ਼ਰ ਆਇਆ, ਜੋ ਉਹਨਾਂ ਦੀ ਲਿਖਤ ਵਿੱਚ ਝਲਕਦਾ ਹੈ। ਅਗਲੀ ਪੜ੍ਹਾਈ ਲਈ ਡੀ.ਏ.ਵੀ ਕਾਲਜ ਲਾਹੌਰ ਦਾਖਲਾ ਲਿਆ। ਇਹ ਬਹੁਤ ਅਸਾਧਾਰਨ ਬੁਧਿ ਦੇ ਮਾਲਕ ਸਨ । ਇਕ ਪਾਸੇ ਵਿਗਿਆਨ ਪੜ੍ਹਦੇ ਤੇ ਦੂਏ ਪਾਸੇ ਸੰਸਕ੍ਰਿਤ। 1900 ਵਿੱਚ ਜਪਾਨ ਦੇ ਸ਼ਹਰ ਟੋਕੀਓ ਦੀ ਇੰਪੀਰੀਅਲ ਯੂਨੀਵਰਸਿਟੀ ਵਿਚ ਫ਼ਾਰਮਾਸਿਊਟੀਕਲ ਕੈਮਿਸਟਰੀ ਦੀ ਪੜਾਈ ਲਈ ਦਾਖਲਾ ਲਿਆ।ਇਥੇ ਜਾਪਾਨੀ ਤੇ ਜਰਮਨ ਭਾਸ਼ਾ ਤੇ ਆਬੂਰ ਹਾਸਲ ਕੀਤਾ।

ਪ੍ਰੋ.ਪੂਰਨ ਸਿੰਘ ਇੱਕਲਾ ਵਿਗਿਆਨੀ ਥੋੜਾ ਸੀ ,ਉਸਦਾ ਕੋਮਲ ਹਿਰਦਾ ਧਰਮ , ਚਿੰਤਨ , ਵਿਸ਼ਵ ਫਲਸਫ਼ੇ ਪ੍ਰਤੀ ਬੜਾ ਸੁਹਜ ਸੀ। ਜਾਪਾਨ ਵਿੱਚ ਬੁਧ ਧਰਮ ਦੀ ਛੁਹ ਤੋਂ ਪ੍ਰਭਾਵਿਤ ਹੋ ਕੇ , ਘੋਨ ਮੋਨ ਹੋ ਵੈਰਾਗ ਅਵਸਥਾ ਵਿੱਚ 'ਬੁਧ ਸ਼ਰਣੰ ਗੱਛਾਮਿ' ਦਾ ਜਾਪ ਕਰਨ ਲੱਗੇ। ਆਪ ਦੀ ਉੱਚ ਅਵਸਥਾ ਤੋਂ ਪ੍ਰਭਾਵਿਤ ਹੋ ਕੇ ਇਕ ਬੁਧ ਮੰਦਰ ਦੇ ਪੁਜਾਰੀ ਨੇ ਆਪ ਨੂੰ ਮੰਦਰ , ਜਾਗੀਰ ਆਦਿ ਗ੍ਰਹਿਣ ਕਰਨ ਲਈ ਆਖਿਆ ਤਾਂ ਆਪ ਨੇ ਬਹੁਤ ਪ੍ਰੇਮ ਪੂਰਵਕ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਆਪ ਦੀ ਮਹੱਤਤਾ ਇਥੋਂ ਹੀ ਜਾਣੀ ਜਾ ਸਕਦੀ ਹੈ , ਕਿ ਇਹਨਾਂ ਦਿਨਾਂ ਵਿੱਚ ਹੀ ਓਰੀਐਂਟਲ ਕਲੱਬ ਵਿਚ ਭਾਰਤੀ ਸੰਸਕ੍ਰਿਤੀ ਅਤੇ ਆਜ਼ਾਦੀ ਬਾਰੇ ਆਪ ਦੇ ਉਚੇਚੇ ਭਾਸ਼ਣ ਕਰਵਾਏ ਜਾਂਦੇ। ਜਾਪਾਨ ਦੇ ਮਹਾਨ ਫਿਲਾਸਫਰ ਉਕਾਕੂਰਾ ਨੇ ਆਪ ਨੂੰ ਉਚੇਚ ਨਾਲ ਆਪਣੇ ਘਰ ਬੁਲਾਇਆ । ਆਪ ਦਾ ਦੋਸਤ ਬਣ ਗਿਆ।ਜਾਪਾਨ ਦੇ ਵਿਦਵਾਨ ਤੇ ਸਾਇੰਸਵੇਤਾ ਨੋਹਾਚੀ, ਹੀਰਾਏ ਉਚੀਗਾਰਾ ਆਪ ਦੇ ਦੋਸਤਾਂ ਵਿੱਚ ਸਨ। ਇਥੇ ਹੀ ਇਕ ਦਿਨ ਹਿੰਦੁਸਤਾਨੀ ਜਾਪਾਨੀ ਕਲੱਬ ਵਿੱਚ 'ਸੁਆਮੀ ਰਾਮ ਤੀਰਥ' ਨਾਲ ਬੋਧੀ ਭਿਕਸ਼ੂ ਬਣੇ ਪੂਰਨ ਸਿੰਘ ਦਾ ਮਿਲਾਪ ਹੋ ਗਿਆ। ਇਹਨਾਂ ਦੀ ਸੰਗਤ ਨੇ ਬੋਧੀ ਤੋਂ ਵੇਦਾਂਤੀ ਸਾਧੂ ਬਣਾ ਦਿੱਤਾ । ਗੇਰੂ ਰੰਗ ਦੇ ਬਸਤਰ ਧਾਰਨ ਕਰ ਲਏ। ਇਕ ਬੰਨੇ ਲੈਬਾਰਟਰੀ ਵਿੱਚ ਕੈਮਿਸਟਰੀ ਦੇ ਪ੍ਰਯੋਗ ਕਰਦੇ ਤਾਂ ਦੂਜੇ ਬੰਨੇ ਜਾਪਾਨੀ ਤੇ ਭਾਰਤੀ ਲੋਕਾਂ ਨੂੰ ਆਜ਼ਾਦੀ ਤੇ ਪੂਰਬੀ ਫਲਸਫੇ ਤੋਂ ਜਾਣੂ ਕਰਵਾਉਣ ਲਈ 'ਥੰਡਰਿੰਗ ਡਾਅਨ' ਨਾਮ ਦਾ ਰਸਾਲਾ ਵੀ ਕੱਢ ਰਹੇ ਸਨ।

1903 ਈਸਵੀ ਵਿੱਚ ਪੂਰਨ ਸਿੰਘ ਵੇਦਾਂਤੀ ਸੰਨਿਆਸੀ ਸਾਧੂ ਦੇ ਰੂਪ ਵਿੱਚ ਵਾਪਸ ਕਲਕੱਤੇ ਆ ਗਏ। ਜਦ ਪਿਓ ਨੇ ਆਪਣੇ ਪੁਤ ਨੂੰ ਇਸ ਰੂਪ ਵਿੱਚ ਵੇਖਿਆ ਤਾਂ ਡਾਅਢੇ ਦੁਖੀ ਹੋਏ। ਹੋਈ ਮਾਂ ਵੀ ਬਹੁਤ ਦੁਖੀ , ਪਰ ਪੁਤ ਨੂੰ ਵੇਖ



ਪ੍ਰੋਫੈਸਰ ਪੂਰਨ ਸਿੰਘ ਜੀ

ਧਰਵਾਸ ਵੀ ਸੀ । ਇਸ ਸਮੇਂ ਪ੍ਰੋ.ਪੂਰਨ ਸਿੰਘ ਨੇ ਇਸ ਮਿਲਣੀ ਨੂੰ ਕੋਈ ਉਚੇਚਾ ਮਹੱਤਵ ਨ ਦਿੱਤਾ , ਕਿਉਂਕਿ ਸੰਨਿਆਸੀ ਬ੍ਰਿਤੀ ਭਾਰੂ ਸੀ , ਜਿਸਦਾ ਉਹਨਾਂ ਨੂੰ ਸਾਰੀ ਉਮਰ ਬਾਅਦ ਵਿਚ ਅਫ਼ਸੋਸ ਰਿਹਾ। ਮਾਂ ਆਪਣੇ ਪੁਤ ਨੂੰ ਨਾਲ ਲੈ ਕੇ ਆਈ ਘਰ , ਉਧਰ ਇਹਨਾਂ ਦੀ ਭੈਣ ਗੰਗਾ ਆਖ਼ਰੀ ਸਾਹਾਂ ਤੇ ਪਈ ਹੋਈ ਸੀ । ਆਪ ਨੇ ਉਸਦਾ ਸਿਰ ਆਪਣੀ ਗੋਦ ਵਿੱਚ ਲੈ ਕੇ ਪੁਛਿਆ , " ਗੰਗਾ! ਕੀ ਮੈਂ ਤੇਰੀ ਕੋਈ ਚਾਹ ਪੂਰੀ ਕਰ ਸਕਦਾ ਹਾਂ?" ਉਸਨੇ ਆਖਿਆ , " ਭਾਪਾ! ਜਿਸ ਕੁੜੀ ਨਾਲ ਤੂੰ ਮੰਗਿਆ ਹੋਇਆ ਹੈਂ ਉਸ ਨਾਲ ਵਿਆਹ ਕਰਵਾ ਲਈਂ।" ਪੂਰਨ ਸਿੰਘ ਹੁਣਾ ਦੇ ਹਾਂ ਕਹਿਣ ਦੀ ਦੇਰ ਸੀ ਕਿ ਗੰਗਾ ਸਦਾ ਲਈ ਅੱਖਾਂ ਮੀਟ ਗਈ।1904 ਵਿੱਚ ਆਪ ਦਾ ਵਿਆਹ ਮਾਯਾ ਦੇਵੀ ਨਾਲ ਹੋਇਆ।

ਭੈਣਾਂ ਦੇ ਪਿਆਰ , ਮਾਤਾ ਦੀ ਤੜਫ ਤੇ ਪਤਨੀ ਦੇ ਮੋਹ ਨੇ ਸੰਨਿਆਸੀ ਰੰਗ ਨੂੰ ਫਿਕਾ ਕਰਨਾ ਸ਼ੁਰੂ ਕਰ ਦਿੱਤਾ ਸੀ। ਜਜ਼ਬਾਤੀ ਬਹੁਤ ਸਨ , ਸੰਨਿਆਸੀ ਦਾ ਤ੍ਰਿਸਕਾਰ ਬਰਦਾਸ਼ਤ ਨਹੀਂ ਕਰ ਸਕਦੇ ਸਨ, ਕੋਮਲਚਿਤ ਇੰਨੇ ਸਨ ਕਿ ਇਕ ਵਾਰ ਸ਼ਿਕਾਰੀ ਟੋਕਰੀ ਤੇ ਜਾਲੀ ਵਿੱਚ ਫਾਹੀਆਂ ਚਿੜੀਆਂ ਨੂੰ ਛੱਡਣ ਲਈ 30 ਰੁਪਏ ਤਕ ਦਿੰਦੇ ਹਨ ਤੇ ਚਿੜੀਆਂ ਦੇ ਆਸਮਾਨ ਵਿੱਚ ਉਡਾਰੀ ਭਰਨ ਤੇ ਬਹੁਤ ਖੁਸ਼ ਹੁੰਦੇ ਹਨ।1906 ਤੱਕ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਕਾਲਜ ਦੇ ਪ੍ਰਿੰਸੀਪਲ ਰਹੇ।ਫਿਰ ਦੇਹਰਾਦੂਨ ਵਿੱਚ ਸਰਕਾਰ ਦੇ ਫ਼ੋਰੈਸਟ ਰੀਸਰਚ ਇਨਸਟੀਚਿਊਟ ਵਿਖੇ ਰਸਾਇਣੀ ਸਲਾਹਕਾਰ ਲੱਗ ਗਏ। ਇਸ ਸਮੇਂ ਵਿਚ ਉਹਨਾਂ ਦਾ ਮੇਲ ਪ੍ਰਸਿੱਧ ਗਾਇਕ ਵਿਸ਼ਨੂੰ ਦਿਗੰਬਰ , ਸ਼ਾਇਰ ਸਰ ਇਕਬਾਲ , ਡਾ.ਖੁਦਾਦਾਦ , ਪੰਡਿਤ ਹਰਦਿਆਲ ਆਦਿ ਨਾਲ ਹੋਇਆ ।ਇਹ ਸਾਂਝ ਉਮਰਾਂ ਤੋੜੀ ਨਿਭੀ।

1912 ਵਿੱਚ ਸਿਆਲਕੋਟ ਵਿਖੇ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਸੰਨਿਆਸੀ ਪੂਰਨ ਸਿੰਘ ਹੁਣੀ ਵੀ ਪੁੱਜੇ।ਇਥੇ ਹੀ ਆਪ ਦਾ ਪਹਿਲੀ ਵਾਰ ਮਿਲਾਪ ਸਿੱਖੀ ਵਹਿੜੇ ਦੇ ਸ਼ਾਨ ਭਾਈ ਵੀਰ ਸਿੰਘ ਨਾਲ ਹੋਇਆ । ਪੂਰਨ ਸਿੰਘ ਨੂੰ ਭਾਈ ਵੀਰ ਸਿੰਘ ਦੀ ਸਖ਼ਸ਼ੀਅਤ ਨੇ ਟੁੰਬਿਆ । ਤਕਰੀਬਨ ਛੇ ਘੰਟੇ ਇਕੋ ਕਮਰੇ ਵਿੱਚ ਵੇਦਾਂਤ ਤੇ ਗੁਰਮਤਿ ਉਪਰ ਦੋ ਰੂਹਾਂ ਵਿਚ ਹੋਈ ਵਾਰਤਾ ਤੋਂ ਬਾਅਦ ਜਦ ਬੂਹਾ ਖੁਲਿਆ ਤਾਂ ਗੇਰੂ ਬਸਤਰ ਉਤਾਰ ਪੂਰਨ ਸਿੰਘ ਦੁਬਾਰਾ ਪੂਰਾ ਹੋ , ਭਾਈ ਵੀਰ ਸਿੰਘ ਹੁਣਾ ਦੀ ਛੋਹ ਸਦਕਾ ਸਿੱਖੀ ਆਭਾ ਮੰਡਲ ਵਿੱਚ ਪ੍ਰਵੇਸ਼ ਕੀਤਾ ।ਸਹੀ ਅਰਥਾਂ ਵਿਚ ਹੁਣ ਉਹ 'ਪੂਰਨ' ਵੀ ਸਨ ਤੇ 'ਸਿੰਘ' ਵੀ।ਇਸ ਥਾਂ ਤੋਂ ਗੁਰੂ ਨਾਲ ਇਕ ਮਿਕ ਹੋਣ ਦੇ ਸ਼ੁਰੂ ਹੋਏ ਸਫ਼ਰ ਨੇ ਉਹਨਾਂ ਨੂੰ ਉਸ ਸਿਖਰ ਤੇ ਲੈ ਆਂਦਾ ਜਿਥੇ , ਖਾਲਸਾ ਮੇਰੋ ਰੂਪ ਹੈ ਖਾਸ ਹੋ ਜਾਈਦਾ ਹੈ।ਇਹਨਾਂ ਦਿਨਾਂ ਵਿੱਚ ਹੀ ਸਿੱਖ ਧਰਮ, ਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਰਬਿੰਦਰ ਨਾਥ ਟੈਗੋਰ ਦੀਆਂ ਮਾਡਰਨ ਰਵੀਊ ਵਿਚਲੀਆਂ ਘਟੀਆ ਟਿੱਪਣੀਆਂ ਦਾ ਠੋਕ ਵਜਾ ਕੇ ਜੁਆਬ ਦਿੱਤਾ।

ਜੇ ਇਹ ਕਹਿ ਲਿਆ ਜਾਵੇ ਤਾਂ ਦਰੁਸਤ ਹੈ ਕਿ ਆਪ ਨੂੰ ਗੁਰੂ ਬਾਬੇ ਦੀ ਉਹ ਆਸੀਸ ਹਾਸਲ ਸੀ , ਜਿਸਦਾ ਜ਼ਿਕਰ ਜਨਮ ਸਾਖੀ ਵਿਚ 'ਉਜੜ ਜਾਉ' ਦੇ ਰੂਪ ਵਿਚ ਆਉਦਾ ਹੈ ਤਾਂ ਕਿ ਚੰਗਿਆਈਆ ਫੈਲਦੀ ਰਹੇ। ਆਪ ਕਦੀ ਵੀ ਇਕ ਥਾਂ ਟਿਕ ਨਹੀਂ ਬੈਠੇ। 1918 ਵਿੱਚ ਪਟਿਆਲੇ ,1919 ਤੋਂ 1923 ਤੱਕ ਗਵਾਲੀਅਰ ਰਿਆਸਤ ਅਤੇ 1926 ਈਸਵੀ ਵਿਚ ਕਸ਼ਮੀਰ ਦੇ ਮਹਾਰਾਜਾ ਪਾਸ ਨੌਕਰੀ ਕੀਤੀ। ਪਰ ਮਾਹੌਲ ਰਾਸ ਨ ਆਉਣ ਕਾਰਨ ਆਪ ਅਗਲੇ ਸਫਰ ਤੇ ਤੁਰ ਪੈਂਦੇ। ਉਹ ਦੁਨਿਆਵੀ ਚੁਸਤੀਆਂ , ਚਲਾਕੀਆਂ , ਗਰਜਾ ਤੋ ਅਭਿੱਜ ਸਨ , ਨਿਰਵਾਣ ਤਕ ਪੁਜੀ ਹੋਈ ਰੂਹ। 1926 ਈਸਵੀ ਵਿੱਚ ਚੱਕ ਨੰਬਰ 73/19 ਜੜ੍ਹਾਂ ਵਾਲੇ , 15 ਮੁਰੱਬੇ ਲੈ ਕੇ ਰੋਸ਼ਾ ਘਾਹ ਬੀਜ ਕੇ ਤੇਲ ਕੱਢਣ ਦੀ ਸਕੀਮ ਬਣਾਈ । ਇਸ ਸਾਰੇ ਉਪਰ ਬਹੁਤ ਮਿਹਨਤ ਕੀਤੀ । ਪਰ ਰੱਬ ਦੀ ਕਰਨੀ , ਹੜ ਆਇਆ ਤੇ ਸਾਰੇ ਘਰ ਨੂੰ ਰੋੜ ਕੇ ਲੈ ਗਿਆ। ਕੇਵਲ ਆਪਣੀਆਂ ਲਿਖਤਾਂ ਤੇ ਪੁਸਤਕਾਂ ਦੇ ਭਰੇ ਟਰੰਕ ਨੂੰ ਉਚੀ ਥਾਂ ਤੇ ਸੰਭਾਲ ਕੇ ,ਇਸ ਸਾਰੇ ਉਜਾੜੇ ਨੂੰ ਵੇਖ ਕੇ ਮੁਰਝਾਉਣ ਦੀ ਬਜਾਇ , ਮੁਸਕਰਾ ਕੇ ਕਹਿਣ ਲੱਗੇ;

ਭਲਾ ਹੋਇਆ ਮੇਰਾ ਚਰਖ਼ਾ ਟੁੱਟਾ ਜਿੰਦ ਅਜ਼ਾਬੋ ਛੁਟੀਂ!

ਬਾਰ ਦੇ ਜੰਗਲਾਂ ਵਿਚ ਪ੍ਰੋਫੈਸਰ ਪੂਰਨ ਸਿੰਘ ਨੂੰ ਤਪਦਿਕ ਦੀ ਬਿਮਾਰੀ ਨੇ ਆਣ ਘੇਰਿਆ । ਇਲਾਜ ਵਾਸਤੇ ਇਹਨਾਂ ਨੂੰ ਦੇਹਰਾਦੂਨ ਲਿਆਂਦਾ ਗਿਆ। ਇਥੇ ਹੀ ਪੂਰਬ ਪੱਛਮ ਦਾ ਸੁਮੇਲ ਕਰਨ ਵਾਲਾ ਇਹ ਮਹਾਨ ਪੁਰਖ 31ਮਾਰਚ 1931ਨੂੰ ਇਸ ਦੁਨੀ ਸੁਆਵੇ ਬਾਗ ਵਿਚੋਂ ਰੁਖਸਤ ਹੋ ਗਿਆ। ਇਹ ਖ਼ਬਰ ਜਦ ਭਾਈ ਵੀਰ ਸਿੰਘ ਹੁਣਾ ਨੂੰ ਮਿਲੀ ਤਾਂ ਉਹਨਾਂ ਦੇ ਬੋਲ ਸਨ ;

ਤੇਰੇ ਸੂਰਤ ਉਛਾਲੇ ਤੈਨੂੰ ਖਿਦੂ ਜਿਉਂ ਥੁੜਕਾਵਨ,
ਫ਼ਰਸ਼ੋਂ ਚੁਕ ਅਰਸ਼ ਵੱਲ ਤੇਰੇ ਹੰਭਲੇ ਪਏ ਮਰਾਵਨ।
ਕਿਸੇ ਉਛਾਲੇ ਸਮੇਂ ਅਰਸ਼ ਦੇ ਆ ਗਈ ਹਥ ਕਲਾਈ,
ਖਿਚ ਉਤਾਂਹ ਲਿਆ ਤੁਧੇ ਨੂੰ ਬਾਗ਼ ਆਪਣੇ ਲਾਵਨ।

ਕਹਿੰਦੇ ਨੇ ਜਦ ਪ੍ਰੋਫੈਸਰ ਪੂਰਨ ਸਿੰਘ ਹੁਣਾ ਨੇ ਸਵਾਸ ਛੱਡੇ ਤਾਂ ਪੰਥ ਦੇ ਮਹਾਨ ਸੇਵਕ ਭਾਈ ਰਣਧੀਰ ਸਿੰਘ ਦਿੱਲੀ ਰਕਾਬਗੰਜ ਗੁਰਦੁਆਰੇ ਕੀਰਤਨ ਦੀ ਹਾਜਰੀ ਭਰ ਰਹੇ ਸਨ। ਅਚਾਨਕ ਆਪ ਨੇ ਵਾਜਾ ਛੱਡਿਆ ਤੇ ਖੜੋ ਕੇ ਅਰਦਾਸ ਕਰੀ ਗਏ। ਕੀਰਤਨ ਚੱਲਦਾ ਰਿਹਾ । ਜਦ ਸਮਾਪਤੀ ਤੇ ਸੰਗਤ ਨੇ ਕੀਰਤਨ ਵਿੱਚ ਖੜੇ ਹੋਣ ਦਾ ਕਾਰਨ ਪੁਛਿਆ ਤਾਂ ਆਪ ਕਹਿਣ ਲੱਗੇ ਕਿ ਪ੍ਰੋਫੈਸਰ ਪੂਰਨ ਸਿੰਘ ਹੁਣੀ ਪੂਰੇ ਹੋ ਗਏ ਹਨ, ਅਸੀਂ ਸਰੀਰਿਕ ਰੂਪ ਵਿਚ ਭਾਂਵੇ ਕਦੇ ਨਹੀਂ ਮਿਲੇ , ਪਰ ਰੂਹਾਂ ਦਾ ਮਿਲਾਪ ਹਮੇਸ਼ਾ ਰਿਹਾ।

ਪ੍ਰੋਫੈਸਰ ਪੂਰਨ ਸਿੰਘ ਰਹਿੰਦੀ ਦੁਨੀਆਂ ਤੱਕ ਆਪਣੀਆਂ ਲਿਖਤਾਂ ਦੇ ਜ਼ਰੀਏ ਅਮਰ ਰਹਿਣਗੇ ਤੇ ਆਤਮ ਜਗਿਆਸੂਆਂ ਦੀ ਅਗਵਾਈ ਕਰਦੇ ਰਹਿਣਗੇ ।ਉਹਨਾਂ ਦੀਆਂ ਲਿਖਤਾਂ ਅੰਗਰੇਜ਼ੀ , ਪੰਜਾਬੀ ਜ਼ੁਬਾਨ ਵਿੱਚ ਛਪੀਆਂ ਤੇ ਖਰੜਿਆਂ ਦੇ ਰੂਪ ਵਿੱਚ ਪਈਆਂ ਹਨ। ਥੱਲੇ ਦੋ ਤਸਵੀਰਾਂ ਵਿੱਚ ਉਹਨਾਂ ਰਚਨਾਵਾਂ ਦੇ ਨਾਮ ਨੇ ਜੋ ਛੱਪ ਚੁਕੀਆਂ ਹਨ ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ






NEWTON DENTURE CLINIC INC.
Web: www.newtowndentures.ca | Email: newtowndentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

ਲੇਖਕ : ਜੰਗੀਰ ਸਿੰਘ ਦਿਲਬਰ,
ਸੰਪਰਕ : 98770-33838

# ਪੰਜਾਬ ਦੀ ਬਰਬਾਦੀ ਦੇ ਅੱਡੇ ਆਈਲੈਟਸ ਕੇਂਦਰ




ਬਰਬਾਦੀ ਸ਼ਬਦ ਦੀ ਵਰਤੋਂ ਆਮ ਤੌਰ 'ਤੇ ਉਹਨਾਂ ਥਾਵਾਂ ਜਾਂ ਕਾਰੋਬਾਰਾਂ ਲਈ ਵਰਤਿਆ ਜਾਂਦਾ ਹੈ, ਜਿੱਥੇ ਕਿਸੇ ਚੀਜ਼ ਦੀ ਹੋਂਦ ਦਾ ਨਾਮੋ-ਨਿਸ਼ਾਨ ਮਿਟ ਗਿਆ ਹੋਵੇ ਜਾਂ ਮਿੱਟਣ ਵਾਲਾ ਹੋਵੇ। ਜੇਕਰ ਅੱਜ-ਕੱਲ੍ਹ ਪੰਜਾਬ ਦੀ ਧਰਤੀ ਅਤੇ ਇਸਦੇ ਪਿੰਡਾਂ-ਸ਼ਹਿਰਾਂ ਵੱਲ ਧਿਆਨ ਨਾਲ ਨਜ਼ਰ ਮਾਰੀਏ ਤਾਂ ਇਸ ਤਰ੍ਹਾਂ ਮਹਿਸੂਸ ਹੋਵੇਗਾ, ਜਿਵੇਂ ਅਖੋਤੀ ਰੰਗਲਾ ਪੰਜਾਬ ਹੁਣ ਬਹੁਤ ਹੀ ਤੇਜ਼ੀ ਨਾਲ ਕੰਗਲਾ ਜਾਂ ਅੱਧ ਉੱਜੜੇ ਪੰਜਾਬ ਦੀ ਝਲਕ ਪੇਸ਼ ਕਰ ਰਿਹਾ ਹੋਵੇ। ਜਿੱਧਰ ਵੀ ਨਜ਼ਰ ਮਾਰੋ, ਸਾਰੇ ਹੀ ਪਿੰਡ ਜਾਂ ਸ਼ਹਿਰ ਇਸ ਤਰ੍ਹਾਂ ਨਜ਼ਰ ਆਉਂਦੇ ਹਨ, ਜਿਵੇਂ ਬੇ-ਵਕਤੀ ਤੇਜ਼ ਬਾਰਸ਼ ਅਤੇ ਵੱਡੇ ਵੱਡੇ ਗੜਿਆਂ ਨੇ ਵਿੱਚੋਂ ਵਿੱਚੋਂ ਕਿਸਾਨਾਂ ਦੀਆਂ ਪੱਕੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹੋਣ। ਇਸ ਭਿਆਨਕ ਬਿਮਾਰੀ ਦਾ ਮੁੱਖ ਕਾਰਨ ਹੈ ਹਰ ਰੋਜ਼ ਖੁੰਬਾਂ ਦੀ ਤਰ੍ਹਾਂ ਉੱਗ ਰਹੇ ਜਾਂ ਕਹਿ ਲਵੋ ਖੁੱਲ੍ਹ ਗਏ ਅਣਗਿਣਤ ਆਈਲੈਟਸ ਕੇਂਦਰ। ਇਸ ਬਿਮਾਰੀ ਨੇ ਦੇਸ਼ ਅਤੇ ਖਾਸ ਕਰਕੇ ਸਾਰਾ ਪੰਜਾਬ ਘੇਰ ਲਿਆ। ਕਿਸੇ ਵੀ ਪਾਸੇ ਨਜ਼ਰ ਮਾਰੋ ਹਰ ਪਾਸੇ ਆਈਲੈਟਸ ਦੇ ਕੇਂਦਰ ਇਸ ਤਰ੍ਹਾਂ ਨਜ਼ਰ ਆਉਣਗੇ ਜਿਵੇਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਗਿਣਤੀ ਘਟ ਗਈ ਹੋਵੇ ਅਤੇ ਆਈਲੈਟਸ ਕੇਂਦਰਾਂ ਦੀ ਗਿਣਤੀ ਵਧ ਗਈ ਹੋਵੇ।

ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਆਈਲੈਟਸ ਕੇਂਦਰਾਂ ਦਾ ਇੱਕ ਹੜ੍ਹ ਜਿਹਾ ਆਇਆ ਜਾਪਦਾ ਹੈ। ਵਪਾਰਿਕ ਸੋਚ ਰੱਖਣ ਵਾਲੇ ਲੋਕਾਂ ਨੇ ਚੱਪੇ ਚੱਪੇ 'ਤੇ ਆਈਲੈਟਸ ਕੇਂਦਰ ਖੋਲ੍ਹਕੇ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਬਣਾ ਲਿਆ। ਇਸ ਤਰ੍ਹਾਂ ਇਹ ਇੱਕ ਕਮਾਊ ਧੰਦਾ ਬਣਨ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਸਮਾਜਿਕ ਗਿਰਾਵਟ ਵਾਲੇ ਖਤਰਨਾਕ ਕਾਰਨਾਮਿਆਂ ਦੇ ਅੱਡਿਆਂ ਦਾ ਰੂਪ ਵੀ ਧਾਰਨ ਕਰ ਚੁੱਕੇ ਹਨ, ਜਿੱਥੇ ਨੇੜਲੇ ਇਲਾਕੇ ਦੇ ਲੜਕੇ ਲੜਕੀਆਂ ਗਲਤ ਸੰਗਤ ਵਿੱਚ ਪੈ ਕੇ ਬੁਰੀਆਂ ਆਦਤਾਂ ਦੇ ਸ਼ਿਕਾਰ ਹੋ ਰਹੇ ਹਨ। ਇੱਥੇ ਹੀ ਬੱਸ ਨਹੀਂ, ਥਾਂ-ਥਾਂ ਇਹ ਵੀ ਚਰਚਾ ਸੁਣਨ ਨੂੰ ਮਿਲਦੀ ਹੈ ਕਿ ਇੱਥੇ ਆਉਣ ਵਾਲੇ 75 ਫੀਸਦੀ ਤੋਂ ਉੱਪਰ ਲੜਕੇ ਲੜਕੀਆਂ ਕੁਸੰਗਤ ਦੇ ਨਾਲ ਨਾਲ ਹਰ ਤਰ੍ਹਾਂ ਦੇ ਨਸ਼ਿਆਂ ਦੇ ਆਦੀ ਹੋਣ ਤੋਂ ਇਲਾਵਾ ਵੱਡੀ ਪੱਧਰ 'ਤੇ ਨਸ਼ੇ ਇੱਧਰ-ਉੱਧਰ ਭੇਜਣ ਦਾ ਧੰਦਾ ਵੀ ਕਰਦੇ ਨਜ਼ਰ ਆਉਂਦੇ ਹਨ। ਇਹ ਵੀ ਸੁਣਿਆ ਗਿਆ ਹੈ ਆਮ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਆਈਲੈਟਸ ਵਿੱਚੋਂ ਪਾਸ ਕਰਾਉਣ ਅਤੇ ਚੰਗੇ ਬੈਂਡ ਹਾਸਲ ਕਰਨ ਦੇ ਧੰਦੇ ਵਿੱਚ ਵੀ ਵਿਦਿਆਰਥੀਆਂ ਦਾ ਹਰ ਤਰ੍ਹਾਂ ਨਾਲ ਵੱਡੀ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਹ ਬਿਮਾਰੀ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਵੱਡੀ ਗਿਣਤੀ ਵਿੱਚ ਇਸ ਅੱਗ ਦੇ ਦਰਿਆ ਵਿੱਚ ਅਖੋਤੀ ਰੰਗਲੇ ਪੰਜਾਬ ਦੀ 75 ਫੀਸਦੀ ਅਬਾਦੀ ਨੇ ਅੱਖਾਂ ਬੰਦ ਕਰਕੇ ਛਾਲ ਮਾਰਕੇ ਆਪਣੇ ਪੁਰਖਿਆਂ ਦੀ ਖੂਨ ਪਸੀਨੇ ਨਾਲ ਬਣਾਈ ਜਾਇਦਾਦ ਬਰਬਾਦ ਕਰ ਦਿੱਤੀ।

ਅੱਜ ਕੱਲ੍ਹ ਪਿੰਡਾਂ ਦੀਆਂ ਸੱਥਾਂ ਵਿੱਚ ਆਮ ਖੁੰਡ ਚਰਚਾ ਸੁਣਨ ਨੂੰ ਮਿਲੇਗੀ ਕਿ ਫਲਾਣੇ ਲਾਣੇਦਾਰਾਂ ਦਾ ਮੁੰਡਾ ਫਲਾਣੇ ਦੇਸ਼ ਵਿੱਚ ਗਿਆ ਸੀ, ਉਸ ਨੇ ਉਸ ਪਰਿਵਾਰ ਦੀ ਗਰੀਬੀ ਧੋ ਦਿੱਤੀ। ਇਹੀ ਚਰਚਾ ਵੀ ਘਰਾਂ ਵਿੱਚ ਸੁਣਨ ਨੂੰ ਮਿਲਦੀ ਹੈ ਕਿ ਦਿਮਕੇ ਦਾ ਮੁੰਡਾ ਕੈਨੇਡਾ ਗਿਆ ਸੀ, ਸੁਣਿਆ ਹੈ, ਉੱਥੇ ਉਸ ਨੇ ਟਰਾਲੇ ਪਾ ਲਏ ਹਨ, ਕਰੋੜਾਂ ਦਾ ਮਾਲਕ ਹੈ। ਇਹ ਵੀ ਸੁਣਿਆ ਹੈ ਕਿ ਫਿੱਡਿਆਂ ਦੇ ਦੀਪੇ ਦਾ ਘੁੱਨਾ ਅਤੇ ਤੋਤੀ ਘੁਮਿਆਰ ਦਾ ਮੁੰਡਾ ਠੋਲ੍ਹੂ ਆਸਟਰੇਲੀਆ ਗਏ ਸਨ, ਉਨ੍ਹਾਂ ਨੇ ਮਾਪਿਆਂ ਦੀ ਜ਼ਿੰਦਗੀ ਸੁਧਾਰ ਦਿੱਤੀ ਹੈ। ਹੁਣ ਜਦੋਂ ਵੀ ਉਹ ਡਾਲਰਾਂ ਦੀਆਂ ਪੰਡਾਂ ਬੰਨ੍ਹ ਕੇ ਪਿੰਡ ਆਉਂਦੇ ਹਨ ਤਾਂ ਦੋ ਦੋ ਮਹੀਨੇ ਕਾਰਾਂ ਲੈ ਕੇ ਅਤੇ ਪੰਜ ਪੰਜ ਲੀਟਰਾਂ ਦੀਆਂ ਅੰਗਰੇਜ਼ੀ ਦਾਰੂ ਦੀਆਂ ਬੋਤਲਾਂ ਲੈ ਕੇ ਆਪਣੇ ਘਰ ਦੇ ਬਜ਼ੁਰਗਾਂ ਅਤੇ ਦੋਸਤਾਂ, ਮਿੱਤਰਾਂ ਦੇ ਨਾਲ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਮੌਜਾਂ ਦੇ ਝੂਟੇ ਦਿਵਾਉਂਦੇ ਨਜ਼ਰ ਆਉਂਦੇ ਹਨ।

ਇਹ ਖੁੰਡ ਚਰਚਾ ਦੀਆਂ ਗੱਲਾਂ ਅਤੇ ਰੀਸ ਦੀ ਅੱਗ ਦਾ ਸੇਕ ਆਮ ਘਰਾਂ ਦੀਆਂ ਦਹਿਲੀਜ਼ਾਂ ਦੀਆਂ ਵਿੱਥਾਂ ਵਿਚਦੀ ਦਾਖਲ ਹੋ ਕੇ ਹਜ਼ਾਰਾਂ ਘਰਾਂ ਨੂੰ ਆਪਣੇ ਬੱਚੇ ਬਾਹਰ ਭੇਜਣ ਲਈ ਮਜਬੂਰ ਕਰ ਦਿੰਦਾ ਹੈ। ਇਸ ਤੋਂ ਇਲਾਵਾ ਜੋ ਲੜਕੇ ਲੜਕੀਆਂ ਕੁਝ ਸਮਾਂ ਵਿਦੇਸ਼ਾਂ ਵਿੱਚ ਰਹਿਕੇ ਕਿਸੇ ਕਾਰਨ ਵਾਪਸ ਦੇਸ਼ ਆਉਂਦੇ ਹਨ, ਉਹ ਬਲਦੀ ਅੱਗ 'ਤੇ ਤੇਲ ਪਾਉਣ ਦਾ ਵਧੇਰੇ ਕੰਮ ਕਰਦੇ ਹਨ। ਉਹ ਜਦੋਂ ਵੀ ਦੇਸ਼ ਆਉਂਦੇ ਹਨ ਤਾਂ ਆਪਣੀ ਫੋਕੀ ਟੌਹਰ ਸਾਬਤ ਕਰਨ ਲਈ ਜਿਸ ਵੀ ਹਵਾਈ ਅੱਡੇ ਉੱਪਰ ਉੱਤਰਦੇ ਹਨ, ਹਵਾਈ ਅੱਡੇ ਦੇ ਬਾਹਰ ਖੁੱਲ੍ਹੀਆਂ ਨਕਲੀ ਵਿਦੇਸ਼ੀ ਕੱਪੜਿਆਂ ਦੀਆਂ ਦੁਕਾਨਾਂ ਤੋਂ ਵਿਦੇਸ਼ੀ ਮਾਰਕਾ ਚੀਜ਼ਾਂ ਸਸਤੀ ਕੀਮਤ 'ਤੇ ਖਰੀਦਕੇ ਬੈਗ ਭਰ ਲਿਆਉਂਦੇ ਹਨ, ਜਿਨ੍ਹਾਂ ਨੂੰ ਖੁਦ ਪਹਿਨਕੇ ਅਤੇ ਆਪਣੇ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਵਿੱਚ ਫੋਕੀ ਭੱਲ ਬਣਾਉਣ ਲਈ ਵੰਡਦੇ ਵੀ ਹਨ।

ਇੱਥੇ ਹੀ ਬੱਸ ਨਹੀਂ, ਬਹੁਤ ਸਾਰੇ ਬੱਚੇ ਤਾਂ ਵਿਦੇਸ਼ਾਂ ਵਿੱਚ ਆਪਣੇ ਵੱਲੋਂ ਡਾਲਰਾਂ ਦੇ ਰੂਪ ਕੀਤੀ ਜਾਂਦੀ ਕਮਾਈ ਜ਼ਾਹਰ ਕਰਨ ਲਈ ਹਵਾਈ ਅੱਡਿਆਂ ਦੇ ਬਾਹਰ ਨਕਲੀ ਸੋਨੇ ਅਤੇ ਹੀਰਿਆਂ ਦੀਆਂ ਦੁਕਾਨਾਂ ਤੋਂ ਸਸਤੇ ਰੇਟਾਂ ਤੇ ਖਰੀਦਕੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਜਗਤ ਵਿਖਾਵੇ ਦੇ ਡਰਾਮੇ ਕਰਕੇ ਗੁਮਰਾਹ ਵੀ ਕਰਦੇ ਹਨ। ਲੜਕੇ ਤਾਂ ਬਿਨਾਂ ਆਬਕਾਰੀ ਟੈਕਸ ਤੋਂ ਹਵਾਈ ਅੱਡਿਆਂ ਵਿੱਚ ਮਿਲਦੀ ਕੋਈ ਸਸਤੀ ਵਿਸਕੀ ਦੀ ਪੰਜ ਲੀਟਰ ਵਾਲੀ ਬੋਤਲ ਲੈਕੇ ਆਪਣੇ ਘਰੇ ਹੀ ਦੋ ਦਿਨਾਂ ਵਿੱਚ ਪੀ ਕੇ ਫਿਰ ਉਸੇ ਵਿਦੇਸ਼ੀ ਵਿਸਕੀ ਵਾਲੀ ਪੰਜ ਲੀਟਰ ਦੀ ਬੋਤਲ ਵਿੱਚ ਆਪਣੇ ਦੇਸ਼ ਦੀ ਬਣੀ ਘਟੀਆ ਤੋਂ ਘਟੀਆ ਵਿਸਕੀ ਭਰਕੇ, ਵਿਦੇਸ਼ੀ ਵਿਸਕੀ ਕਹਿਕੇ, ਕਿਰਾਏ 'ਤੇ ਲੈ ਕੇ ਜਾਂ ਕੋਈ ਆਪਣੀ ਘਰੇ ਖੜ੍ਹੀ ਖਟਕਾਰਾਂ ਜਿਹੀ ਕਾਰ ਵਿੱਚ ਬੈਠਕੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਖਾਸ ਕਰਕੇ ਉਨ੍ਹਾਂ ਲੋਕਾਂ ਪਾਸ ਚੱਕਰ ਲਾਉਂਦੇ ਹਨ, ਜਿਹੜੇ ਉਸ ਦੇ ਵਿਦੇਸ਼ ਜਾਣ 'ਤੇ ਈਰਖਾ ਕਰਦੇ ਸਨ ਜਾਂ ਮਖੌਲ ਉਡਾਉਂਦੇ ਸਨ। ਇਸ ਤਰ੍ਹਾਂ ਇਨ੍ਹਾਂ ਵਿਦੇਸ਼ੋਂ ਆਏ ਲੜਕੇ ਲੜਕੀਆਂ ਦੀ ਨਕਲੀ ਅਮੀਰੀ ਅਤੇ ਫੋਕੀ ਚਕਾਚੌਂਧ ਨੂੰ ਵੇਖਕੇ ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆ ਅੰਦਰ ਇੱਕ ਉਤਸੁਕਤਾ ਜਾਂ ਖ਼ਾਹਿਸ਼ ਪੈਦਾ ਹੁੰਦੀ ਹੈ। ਇਸ ਫੋਕੀ ਅਤੇ ਨਕਲੀ ਸ਼ੋਹਰਤ ਨੂੰ ਹਾਸਲ ਕਰਨ ਲਈ ਮਾਪੇ ਅਤੇ ਬੱਚੇ ਹਰ ਕੀਮਤ 'ਤੇ ਵਿਦੇਸ਼ ਜਾਣ ਲਈ ਆਪਣਾ ਅਤੇ ਆਪਣੇ ਮਾਪਿਆਂ ਦਾ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ। ਇੱਥੋਂ ਤਕ ਕਿ ਬੱਚੇ +2 (ਬਾਰ੍ਹਵੀਂ) ਪਾਸ ਕਰਦੇ ਹੀ ਆਈਲੈਟਸ ਦੇ ਅਗਨੀ ਦਰਿਆ ਵਿੱਚ ਛਾਲ ਮਾਰ ਦਿੰਦੇ ਹਨ ਅਤੇ ਪੁਰਖਿਆਂ ਦੀ ਖੂਨ ਪਸੀਨੇ ਨਾਲ ਬਣਾਈ ਜਾਇਦਾਦ ਅਤੇ ਹੋਰ ਘਰ ਦੀ ਹਰ ਕੀਮਤੀ ਚੀਜ਼ ਵੇਚ ਕੇ ਵਿਦੇਸ਼ ਭੇਜਣ ਲਈ ਤਿਆਰੀ ਕਰ ਲੈਂਦੇ ਹਨ। ਇੰਜ 70% ਬੱਚਿਆਂ ਅਤੇ ਪਰਿਵਾਰਾਂ ਦੀ ਬਰਬਾਦੀ ਦਾ ਮੁੱਢ ਬੱਝ ਜਾਂਦਾ ਹੈ।

ਅੱਜ ਲੋੜ ਹੈ ਸਾਨੂੰ ਉਪਰੋਕਤ ਹਾਲਾਤ ਦੇ ਪੈਦਾ ਹੋਣ ਦੇ ਮੁੱਖ ਕਾਰਨਾਂ ਦੀ ਗੰਭੀਰਤਾ ਨਾਲ ਪੜਤਾਲ ਅਤੇ ਘੋਖ ਕਰਨ ਦੀ ਕਿ ਪੰਜਾਬ ਵਰਗੀ ਦੁਨੀਆਂ ਦੀ ਸਭ ਤੋਂ ਉਪਜਾਊ ਅਤੇ ਹਰ ਤਰ੍ਹਾਂ ਦੇ ਜਲਵਾਯੂ ਦੀ ਵਿਲੱਖਣਤਾ ਨਾਲ ਭਰਭੂਰ ਧਰਤੀ ਦੇ ਲੋਕ ਇੰਨੀ ਤੇਜ਼ੀ ਅਤੇ ਬੇਸਬਰੀ ਨਾਲ ਇੱਥੋਂ ਦੌੜ ਕਿਉਂ ਰਹੇ ਹਨ। ਜਦੋਂ ਵੀ ਕੋਈ ਬੁੱਧੀਮਾਨ ਜਾਂ ਚਿੰਤਕ ਆਦਮੀ ਇਸ ਗੱਲ ਦੀ ਤਹਿ ਤਕ ਜਾ ਕੇ ਪੜਤਾਲ ਕਰੇਗਾ ਤਾਂ ਇਹ ਗੱਲ ਖੁੱਲ੍ਹਕੇ ਸਾਹਮਣੇ ਆਵੇਗੀ ਕਿ ਪੰਜਾਬ ਦੇ ਲੜਕੇ-ਲੜਕੀਆਂ ਦਾ ਇਸ ਤਰ੍ਹਾਂ ਤੇਜ਼ੀ ਨਾਲ ਵਿਦੇਸ਼ਾਂ ਵੱਲ ਦੌੜਨ ਦਾ ਮੁੱਖ ਕਾਰਨ ਸਾਡੀਆਂ ਹੁਣ ਤਕ ਦੀਆਂ ਸਰਕਾਰਾਂ ਦਾ ਆਪਣੇ ਨਿੱਜੀ ਹਿਤਾਂ ਲਈ ਰਾਜ ਗੱਦੀਆਂ 'ਤੇ ਬਿਰਾਜਮਾਨ ਹੋਣਾ ਅਤੇ ਬੇਰੁਜ਼ਗਾਰ ਬੱਚਿਆਂ ਦੇ ਭਵਿੱਖ ਵੱਲ ਧਿਆਨ ਹੀ ਨਾ ਦੇਣਾ, ਸਿਰਫ ਅਤੇ ਸਿਰਫ ਆਪਣੇ ਲਈ ਜਾਂ ਆਪਣੇ ਸਕੇ ਸੰਬੰਧੀਆਂ ਦੇ ਨਾਲ ਨਾਲ ਆਪਣੇ ਚਮਚਿਆਂ, ਚਹੇਤਿਆਂ ਦੀ ਮਦਦ ਨਾਲ ਸਰਕਾਰੀ ਪੈਸਾ ਹੜੱਪ ਕਰਨਾ ਹੈ। ਇਸ ਤੋਂ ਇਲਾਵਾ ਇੱਕ ਹੋਰ ਕਰਨ ਕੁਝ ਸਾਲਾਂ ਬਾਅਦ ਵਿਦੇਸ਼ੋਂ ਆਏ ਲੜਕੇ-ਲੜਕੀਆਂ ਵੱਲੋਂ ਵਿਦੇਸ਼ਾਂ ਬਾਰੇ ਉੱਥੋਂ ਦੇ ਰਹਿਣ ਸਹਿਣ, ਕਮਾਈ ਅਤੇ ਉੱਥੋਂ ਦੀ ਐਸ਼ਪ੍ਰਸਤ ਜ਼ਿੰਦਗੀ ਦੀਆਂ ਰੰਗੀਨੀਆਂ ਦੇ ਨਾਲ ਨਾਲ ਬਹੁਤ ਸਾਰੇ ਹੋਰ ਤੱਥਾਂ ਦੀਆਂ ਦਿਲਕਸ਼ ਗੱਲਾਂ ਨੂੰ ਵਧਾ ਚੜ੍ਹਾ ਕੇ ਗਲਤ ਤੱਥਾਂ ਨੂੰ ਵੀ ਚੰਗੇ ਕਹਿ ਕੇ ਪੇਸ਼ ਕਰਨਾ ਹੈ। ਉਨ੍ਹਾਂ ਵੱਲੋਂ ਖਰਚਿਆਂ ਅਤੇ ਆਪਣੇ ਕਾਰੋਬਾਰੀ ਕਿੱਤੇ, ਆਮਦਨ ਅਤੇ ਹੋਰ ਚੀਜ਼ਾਂ ਦੀ ਆਜ਼ਾਦੀ ਦੀਆਂ ਗੱਲਾਂ ਕੁਝ ਆਪਣੇ ਕੋਲੋਂ ਲਾ ਕੇ ਵੀ ਬੱਚਿਆਂ ਅੰਦਰ ਵਿਦੇਸ਼ਾਂ ਵਿੱਚ ਜਾਣ ਦੀ ਚਟਕ ਲਾਉਣਾ ਵੀ ਬੱਚਿਆਂ ਨੂੰ ਵਿਦੇਸ਼ਾਂ ਵੱਲ ਖਿੱਚ ਦਾ ਇੱਕ ਵੱਡਾ ਕਾਰਨ ਹੈ। ਬਾਹਰੋਂ ਆਏ ਬੱਚੇ ਜਦੋਂ ਇੱਧਰ ਆਕੇ ਆਪਣੀ ਫੋਕੀ ਟੌਹਰ ਦਾ ਵਿਖਾਵਾ ਕਰਦੇ ਹਨ ਤਾਂ ਇਹ ਚਮਕ ਦਮਕ ਜਾਂ ਚਕਾਚੌਂਧ ਵੇਖਕੇ ਵੀ ਬੱਚੇ ਇਸ ਅੱਗ ਦੇ ਦਰਿਆ ਵਿੱਚ ਆਪਣਾ ਜੀਵਨ ਪਾਰ ਲਾਉਣ ਵਾਲੀ ਕਿਸ਼ਤੀ ਨੂੰ ਠੇਲ੍ਹ ਦਿੰਦੇ ਹਨ। ਇਸ ਕੰਮ ਵਿੱਚ ਭੇਡਚਾਲ ਦੀ ਬਿਮਾਰੀ ਵੀ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਖਿੱਚ ਦਾ ਕਾਰਨ ਬਣਾ ਰਹੀ ਹੈ।

ਉਪਰੋਕਤ ਹਾਲਾਤ ਉੱਪਰ ਕਾਬੂ ਪਾਉਣ ਲਈ ਮੌਕੇ ਦੀਆਂ ਸਰਕਾਰਾਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ ਅਤੇ ਬੱਚਿਆਂ ਨੂੰ ਹਰ ਖੇਤਰ ਵਿੱਚ ਰੋਜ਼ਗਾਰ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਸੂਬੇ ਵਿੱਚ ਨਿੱਤ ਨਵੇਂ ਖੁੰਬਾਂ ਦੀ ਤਰ੍ਹਾਂ ਉੱਘ ਰਹੇ ਆਈਲੈਟਸ ਕੇਂਦਰਾਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਪਹਿਲਾਂ ਖੁੱਲ੍ਹ ਚੁੱਕਿਆਂ ਉੱਪਰ ਸਖ਼ਤ ਸ਼ਰਤਾਂ ਤਹਿਤ ਪਾਬੰਦੀਆਂ ਲਾ ਦੇਣੀਆਂ ਚਾਹੀਦੀਆਂ ਹਨ ਕਿ ਉਹ ਸਾਲ ਵਿੱਚ ਇਸ ਤੋਂ ਜ਼ਿਆਦਾ ਬੱਚੇ ਦਾਖ਼ਲ ਨਹੀਂ ਕਰ ਸਕਦੇ। ਜੇਕਰ ਇਸ ਤਰ੍ਹਾਂ ਜਲਦੀ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੰਝ ਨਜ਼ਰ ਆਵੇਗਾ ਜਿਵੇਂ ਬੇਮੌਸਮੀ ਬਾਰਸ਼ ਪੈਣ ਕਾਰਨ ਕਿਸਾਨ ਦੇ ਕਣਕ ਦੇ ਖੇਤ ਵਿੱਚ ਉਜਾੜੇ ਜਾਂ ਫਸਲ ਦੀ ਬਰਬਾਦੀ ਦੇ ਚਿੰਨ੍ਹ ਨਜ਼ਰ ਆਉਂਦੇ ਹਨ। ਮੇਰਾ ਸੁਝਾਉ ਜਲਦੀ ਧਿਆਨ ਮੰਗਦਾ ਹੈ। ਜੇ ਚਿੜੀਆਂ ਖੇਤ ਹੀ ਚੁਗ ਗਈਆਂ ਤਾਂ ਫਿਰ ਪਛਤਾਉਣ ਨਾਲ ਕੁਝ ਵੀ ਪੱਲੇ ਨਹੀਂ ਪਵੇਗਾ।

---

ਲਿਖਤ : ਗੁਰਬਿੰਦਰ ਸਿੰਘ ਮਾਣਕ,
ਸੰਪਰਕ: 98153-56086

# ਬਹੁਪੱਖੀ ਵਿਕਾਸ ਅਤੇ ਪੰਜਾਬ ਦਾ ਸਿੱਖਿਆ ਢਾਂਚਾ



ਕਿਸੇ ਵੀ ਸਮਾਜ ਦੇ ਲਗਾਤਾਰ ਤੇ ਬਹੁਪੱਖੀ ਵਿਕਾਸ ਲਈ ਸਿੱਖਿਆ ਢਾਂਚਾ ਮਜ਼ਬੂਤ ਹੋਣਾ ਜ਼ਰੂਰੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿੱਖਿਆ, ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਲੋਕਤੰਤਰੀ ਵਿਵਸਥਾ ਮਜ਼ਬੂਤ ਕਰਨ ਲਈ ਲੋਕਾਂ ਦੀ ਸਮਾਜਿਕ ਆਰਥਿਕ ਹਾਲਤ ਨੂੰ ਨਵੀਂ ਦਿਸ਼ਾ ਦੇਣ ਅਤੇ ਕਿਸੇ ਰਾਜ ਨੂੰ ਤਰੱਕੀ ਦੀਆਂ ਮੰਜ਼ਿਲਾਂ 'ਤੇ ਪਹੁੰਚਾਉਣ ਲਈ ਸਕੂਲੀ ਸਿੱਖਿਆ ਦਾ ਮਜ਼ਬੂਤ ਆਧਾਰ ਚਾਹੀਦਾ ਹੈ। ਆਜ਼ਾਦੀ ਤੋਂ ਬਾਅਦ ਸਿੱਖਿਆ ਦੇ ਖੇਤਰ ਵਿਚ ਬਹੁਤ ਤਬਦੀਲੀਆਂ ਆਈਆਂ ਹਨ। ਸਿੱਖਿਆ ਸੰਸਥਾਵਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਪਰ ਲਗਾਤਾਰ ਵਧ ਰਹੀ ਆਬਾਦੀ ਅਤੇ ਸਰਕਾਰਾਂ ਦੇ ਸਿੱਖਿਆ ਦੇ ਖੇਤਰ ਵੱਲ ਅਣਗਹਿਲੀ ਭਰੇ ਵਤੀਰੇ ਕਾਰਨ ਸਕੂਲੀ ਸਿੱਖਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਆਰਥਿਕ ਪੱਖੋਂ ਪਛੜੇ ਲੋਕ ਆਪਣੇ ਬੱਚਿਆਂ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਣ ਤੋਂ ਅਸਮਰਥ ਹਨ। ਇਸ ਲਈ ਜ਼ਰੂਰੀ ਹੈ ਕਿ ਸਮਾਜ ਦੀ ਸਾਂਝ ਸਦਕਾ ਚੰਗੇਰੀ ਸਿੱਖਿਆ ਦਾ ਸੁਫ਼ਨਾ ਸਾਕਾਰ ਕੀਤਾ ਜਾਵੇ।

ਜੇ ਕੋਈ ਅਧਿਆਪਕ ਆਪਣੇ ਕਾਰਜ ਪ੍ਰਤੀ ਸੇਵਾ ਭਾਵਨਾ ਜਿਹੀ ਦ੍ਰਿਸ਼ਟੀ ਰੱਖਦਾ ਹੈ ਤਾਂ ਇਹ ਕਿਸੇ ਦੇਸ਼ ਭਗਤੀ ਤੋਂ ਘੱਟ ਨਹੀਂ। ਸਮਾਂ ਬਦਲਣ ਨਾਲ ਅਜਿਹੀ ਭਾਵਨਾ ਭਾਵੇਂ ਲੋਪ ਹੋ ਰਹੀ ਹੈ ਪਰ ਜਾਗਦੀ ਜ਼ਮੀਰ ਵਾਲੇ ਬਹੁਤ ਸਾਰੇ ਚਾਨਣ-ਮੁਨਾਰੇ ਪ੍ਰਤੀਬੱਧਤਾ ਨਾਲ ਸਮਾਜ ਨੂੰ ਚਾਨਣ ਵੰਡ ਰਹੇ ਹਨ। ਉਂਝ ਵੀ ਚੰਗੇ ਮਾੜੇ ਬੰਦੇ ਹਰ ਖੇਤਰ ਵਿਚ ਹੁੰਦੇ ਹਨ। ਅਸਲ ਵਿਚ ਦੋਸ਼ੀ ਤਾਂ ਉਹ ਪ੍ਰਬੰਧ ਹੈ ਜਿਸ ਵਿਚ ਪਦਾਰਥਵਾਦ ਨੇ ਇਸ ਕਦਰ ਪ੍ਰਭਾਵ ਪਾਇਆ ਹੈ ਕਿ ਮਨੁੱਖ ਦੀ ਪਛਾਣ ਹੁਣ ਧਨ ਅਤੇ ਕੀਮਤੀ ਵਸਤਾਂ ਹੀ ਹੋ ਗਈਆਂ ਹਨ। ਸਮਾਜ ਨੇ ਅਧਿਆਪਕ ਦੇ ਮੋਢਿਆਂ 'ਤੇ ਜਿਹੜੀ ਜ਼ਿੰਮੇਵਾਰੀ ਪਾਈ ਹੈ, ਉਹ ਇੰਨੀ ਵੱਡੀ ਹੈ ਕਿ ਉਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਮਿਹਨਤ ਤੇ ਸਾਰਥਿਕ ਯਤਨਾਂ ਦੀ ਬਦੌਲਤ ਹੀ ਚੰਗੇ ਸਿੱਟਿਆਂ ਦੀ ਆਸ ਕੀਤੀ ਜਾ ਸਕਦੀ ਹੈ। ਸਰਕਾਰੀ ਸਕੂਲ ਬਣਾ ਤਾਂ ਦਿੱਤੇ ਜਾਂਦੇ ਹਨ ਪਰ ਬਹੁਤ ਸਾਰਿਆਂ ਘਾਟਾਂ ਕਾਰਨ ਚੰਗੀ ਸਿੱਖਿਆ ਦਾ ਸੁਫ਼ਨਾ ਅਧਵਾਟੇ ਹੀ ਦਮ ਤੋੜ ਜਾਂਦਾ ਹੈ। ਜੇ ਸਮਾਜ ਦੇ ਜਾਗਰੂਕ ਲੋਕਾਂ ਦਾ ਯੋਗਦਾਨ ਨਾ ਹੋਵੇ ਤਾਂ ਹੁਣ ਤੱਕ ਬਹੁਤੇ ਸਕੂਲ ਬੰਦ ਹੋ ਚੁੱਕੇ ਹੁੰਦੇ। ਬਹੁਤ ਸਾਰੇ ਪਰਵਾਸੀ ਪੰਜਾਬੀਆਂ ਨੇ ਖੁੱਲ੍ਹੇ ਦਿਲ ਨਾਲ ਮਦਦ ਕਰ ਕੇ ਆਪੋ-ਆਪਣੇ ਪਿੰਡਾਂ ਦੇ ਸਕੂਲਾਂ ਦੀ ਕਾਇਆ-ਕਲਪ ਕਰ ਕੇ ਭਰਵਾਂ ਯੋਗਦਾਨ ਦਿੱਤਾ ਹੈ। ਅਸਲ ਵਿਚ ਸਰਕਾਰਾਂ ਦੇ ਨਾਂਹ ਮੁਖੀ ਰਵੱਈਏ ਕਾਰਨ ਪੰਜਾਬ ਸਿੱਖਿਆ ਦੇ ਖੇਤਰ ਵਿਚ ਪਛੜ ਰਿਹਾ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਆਰਥਿਕ ਤੌਰ 'ਤੇ ਪਛੜੇ ਪਰਿਵਾਰਾਂ ਨੂੰ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਬੱਚੇ ਹੀ ਇਨ੍ਹਾਂ ਸਕੂਲਾਂ ਵਿਚ ਪੜ੍ਹ ਰਹੇ ਹਨ।

ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਸ਼ਾਨਦਾਰ ਧਾਰਮਿਕ ਸਥਾਨ ਬਣ ਚੁੱਕੇ ਹੈ ਅਤੇ ਹੋਰ ਵੀ ਬਣ ਰਹੇ ਹਨ। ਕਈ ਪਿੰਡਾਂ ਵਿਚ ਤਾਂ ਚੰਗੀ ਭਲੀ ਇਮਾਰਤ ਨੂੰ ਢਾਅ ਕੇ ਕਰੋੜਾਂ ਰੁਪਏ ਦੇ ਬਜਟ ਨਾਲ ਨਵੀਆਂ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਧਾਰਮਿਕ ਸਥਾਨਾਂ ਦੀ ਸਥਾਪਨਾ ਕਰਨ ਵਿਚ ਕੋਈ ਬੁਰਾਈ ਨਹੀਂ ਪਰ ਲੋੜ ਇਹ ਸੋਚਣ ਦੀ ਹੈ ਕਿ ਜੇ ਪਿੰਡਾਂ ਦੇ ਬੱਚੇ ਸੁਚੱਜੀ ਸਿੱਖਿਆ ਦੀ ਅਣਹੋਂਦ ਕਾਰਨ ਸਿੱਖਿਆ ਤੋਂ ਵਾਂਝੇ ਰਹਿ ਗਏ ਤਾਂ ਪਹਿਲਾਂ ਹੀ ਨਿੱਘਰ ਰਿਹਾ ਪੰਜਾਬ ਹੋਰ ਪਛੜ ਜਾਵੇਗਾ। ਪੰਜਾਬ ਪਹਿਲਾਂ ਹੀ ਨਸ਼ਿਆਂ ਵਿਚ ਰੁੜ੍ਹ ਰਿਹਾ ਹੈ। ਇਸ ਲਈ ਸਿੱਖਿਆ ਵਰਗੇ ਅਤਿ ਮਹੱਤਵਪੂਰਨ ਕਾਰਜ ਨੂੰ ਪਿੱਛੇ ਸੁੱਟਣਾ ਪੰਜਾਬ ਦੇ ਭਵਿੱਖ ਲਈ ਬਹੁਤ ਘਾਤਕ ਸਾਬਿਤ ਹੋ ਸਕਦਾ ਹੈ। ਸਰਕਾਰਾਂ ਦਾਅਵੇ ਬਹੁਤ ਵੱਡੇ ਕਰਦੀਆਂ ਹਨ ਪਰ ਅਮਲੀ ਰੂਪ ਵਿਚ ਬਹੁਤਾ ਕੁਝ ਨਜ਼ਰ ਨਹੀਂ ਆਉਂਦਾ। ਇਹ ਠੀਕ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਹੋਇਆ ਹੈ। ਸਕੂਲਾਂ ਨੂੰ ਲਿਸ਼ਕਾ-ਪੁਸ਼ਕਾ ਕੇ ਕਈ ਤਰ੍ਹਾਂ ਦੇ ਲੁਭਾਉਣੇ ਨਾਂ ਦਿੱਤੇ ਗਏ ਹਨ। ਕਿਤੇ ਮੈਰੀਟੋਰੀਅਸ ਸਕੂਲ ਹਨ, ਕਿਤੇ ਕੋਈ ਸਮਾਰਟ ਸਕੂਲ ਹੈ, ਕਿਤੇ ਸਕੂਲ ਆਫ ਐਮੀਨੈਂਸ ਹੈ। ਸਿੱਖਿਆ ਦੀ ਬਿਹਤਰੀ ਲਈ ਅਧਿਆਪਕਾਂ ਤੇ ਸਕੂਲ ਮੁਖੀਆਂ ਨੂੰ ਵਿਦੇਸ਼ੀ ਟੂਰ ਕਰਵਾਏ ਜਾ ਰਹੇ ਹਨ। ਹਰ ਸਰਕਾਰ ਸਿੱਖਿਆ ਨੂੰ ਮਿਆਰੀ ਬਣਾਉਣ ਦੇ ਬਿਆਨ ਦਾਗਦੀ ਹੈ। ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਲਈ ਕੋਈ ਯਤਨ ਕੀਤਾ ਹੀ ਨਹੀਂ। ਉਂਝ, ਇਮਾਰਤੀ ਢਾਂਚਾ ਬਣਾਉਣ ਨਾਲ ਹੀ ਕੋਈ ਸਕੂਲ 'ਸਮਾਰਟ' ਨਹੀਂ ਬਣ ਜਾਂਦਾ। ਸਕੂਲਾਂ ਵਿਚ ਵੱਡੀ ਪੱਧਰ 'ਤੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਬਹੁਤ ਸਕੂਲ, ਮੁਖੀਆਂ ਤੋਂ ਸੱਖਣੇ ਹਨ। ਸਿੱਖਿਆ ਦਾ ਬਹੁਤਾ ਦਾਰੋਮਦਾਰ ਅਧਿਆਪਕ ਉੱਤੇ ਨਿਰਭਰ ਕਰਦਾ ਹੈ ਪਰ ਦੁਖਦਾਈ ਸਥਿਤੀ ਇਹ ਹੈ ਕਿ ਸਕੂਲਾਂ ਵਿਚ ਅਨੇਕਾਂ ਵੰਨਗੀਆਂ ਦੇ ਅਧਿਆਪਕ ਹਨ। ਇਕੋ ਜਿਹਾ ਕੰਮ ਕਰ ਰਹੇ ਅਧਿਆਪਕਾਂ ਨੂੰ ਵੀ ਕਈ ਤਰ੍ਹਾਂ ਦੇ ਵਿਤਕਰੇ ਸਹਿਣੇ ਪੈ ਰਹੇ ਹਨ। ਤਨਖਾਹਾਂ ਵਿਚ ਵੱਡਾ ਵਿਤਕਰਾ ਹੈ।

ਪੰਜਾਬ ਦੇ ਬਹੁਤੇ ਪਿੰਡਾਂ ਵਿਚ ਮੁੱਖ ਸੜਕਾਂ ਉੱਤੇ ਵੱਡੇ-ਵੱਡੇ ਦਿਉ ਕੱਦ ਗੇਟਾਂ ਦੀ ਉਸਾਰੀ ਕੀਤੀ ਗਈ ਹੈ। ਲੱਖਾਂ ਰੁਪਏ ਇਨ੍ਹਾਂ 'ਤੇ ਖਰਚੇ ਗਏ ਹਨ। ਕੀ ਕਿਸੇ ਪਿੰਡ ਵਿਚ ਗੇਟ ਬਣਾਉਣ ਨਾਲ ਪਿੰਡ ਦੀ ਸ਼ਾਨ ਵਿਚ ਕੋਈ ਵਾਧਾ ਹੋ ਸਕਦਾ ਹੈ? ਜੇ ਪਿੰਡਾਂ ਦੇ ਬੱਚੇ ਸਿੱਖਿਆ ਵਰਗੀ ਨਹਾਇਤ ਜ਼ਰੂਰੀ ਲੋੜ ਤੋਂ ਵਿਰਵੇ ਰਹਿ ਗਏ ਤਾਂ ਉੱਚੇ ਉੱਚੇ ਗੇਟਾਂ ਦੀ ਸ਼ਾਨੋ-ਸ਼ੌਕਤ ਦਾ ਕੋਈ ਅਰਥ ਨਹੀਂ ਹੈ। ਪਿੰਡਾਂ ਵਿਚ ਬਹੁਤ ਕੁਝ ਕਰਨ ਗੋਚਰਾ ਹੈ। ਸਫਾਈ ਵਿਵਸਥਾ ਸੁਧਾਰ ਦੀ ਮੰਗ ਕਰਦੀ ਹੈ, ਚੰਗੇ ਖੇਡ ਮੈਦਾਨਾਂ ਦੀ ਲੋੜ ਹੈ, ਨੌਜਵਾਨਾਂ ਦੀ ਸੋਚ ਨੂੰ ਵਿਕਸਤ ਕਰਨ ਲਈ ਲਾਇਬ੍ਰੇਰੀਆਂ ਦੀ ਸਥਾਪਨਾ ਸਮੇਂ ਦੀ ਲੋੜ ਹੈ। ਜਾਗਰੂਕ ਲੋਕ ਅਜਿਹੇ ਉੱਦਮ ਕਰ ਵੀ ਰਹੇ ਹਨ। ਪੰਜਾਬ ਵਿਚ ਵਿਆਹ-ਸ਼ਾਦੀਆਂ ਅਤੇ ਹੋਰ ਸਮਾਗਮਾਂ 'ਤੇ ਅਥਾਹ ਧਨ ਵਹਾਇਆ ਜਾਂਦਾ ਹੈ। ਡੀਜੇ 'ਤੇ ਅਸ਼ਲੀਲ ਗੀਤਾਂ ਉੱਤੇ ਨੱਚਦੇ ਪੰਜਾਬੀ ਹਜ਼ਾਰਾਂ ਰੁਪਏ ਵਾਰ ਦਿੰਦੇ ਹਨ। ਜੇ ਇਹ ਸਭ ਕੁਝ ਸਾਦਗੀ ਨਾਲ ਹੋ ਜਾਵੇ ਤਾਂ ਬਚਾਇਆ ਪੈਸਾ ਪਿੰਡਾਂ ਦੀ ਬਿਹਤਰੀ ਲਈ ਖਰਚਿਆ ਜਾ ਸਕਦਾ ਹੈ। ਇਹ ਗੱਲਾਂ ਸਾਡੇ ਰਾਜ ਦੇ ਭਵਿੱਖ ਨਾਲ ਜੁੜੀਆਂ ਹੋਈਆਂ ਹਨ ਅਤੇ ਇਸ ਦੇ ਨਾਲ ਹੀ ਜੁੜਿਆ ਹੋਇਆ ਹੈ ਲੋਕਾਂ ਦਾ ਭਵਿਖ। ਇਸ ਲਈ ਸਰਕਾਰ ਨੂੰ ਦੀਰਘ-ਕਾਲੀ ਸਿੱਖਿਆ ਨੀਤੀ ਬਣਾਉਣ ਦੀ ਲੋੜ ਹੈ। ਇਹ ਪੰਜਾਬ ਦੇ ਲੱਖਾਂ ਗਰੀਬ ਪਰਿਵਾਰਾਂ ਦੇ ਬੱਚਿਆਂ ਦੇ ਭਵਿਖ ਦਾ ਸਵਾਲ ਹੈ। ਸਰਕਾਰ ਤੇ ਸਮਾਜ ਦੇ ਸਾਂਝੇ ਯਤਨਾਂ ਸਦਕਾ ਸਿੱਖਿਆ ਦੇ ਵੱਡਮੁੱਲੇ ਕਾਰਜ ਨੂੰ ਸਹੀ ਦਿਸ਼ਾ ਦਿੱਤੀ ਜਾ ਸਕਦੀ ਹੈ। ਅਧਿਆਪਕ ਨੂੰ ਵੀ ਆਪਣੀ ਜ਼ਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਣ ਦੀ ਲੋੜ ਹੈ। ਬੱਚੇ ਸਾਡਾ ਭਵਿੱਖ ਹਨ, ਉਨ੍ਹਾਂ ਦੇ ਬਿਹਤਰ ਭਵਿੱਖ ਦੀ ਸਿਰਜਣਾ ਲਈ ਚੰਗੀ ਸਿੱਖਿਆ ਮੁਹੱਈਆ ਕਰਾਉਣੀ ਸਮਾਜ ਦਾ ਫਰਜ਼ ਹੈ। ਜੇ ਸਿੱਖਿਆ ਦਾ ਢਾਂਚਾ ਹੀ ਖੇਰੂੰ-ਖੇਰੂੰ ਹੋਣ ਦੇ ਰਾਹ ਤੁਰਿਆ ਰਿਹਾ ਤਾਂ ਕਿਸੇ ਵੀ ਤਰ੍ਹਾਂ ਦੇ ਵਿਕਾਸ ਦੇ ਦਾਅਵੇ ਖੋਖਲੇ ਸਾਬਤ ਹੋਣਗੇ।

## ਭਾਰਤ ਗਹਿਰਾਉਂਦਾ
# ਬੇਰੁਜ਼ਗਾਰੀ ਦਾ ਸੰਕਟ

**ਡਾ. ਕੇਸਰ ਸਿੰਘ ਭੰਗੂ**
**ਸੰਪਰਕ:** 98154-27127




“ਦੁਨੀਆ ਭਰ ਵਿੱਚ 2021 ਵਿੱਚ ਨੌਜਵਾਨਾਂ ਭਾਵ 15-29 ਸਾਲ ਉਮਰ ਵਾਲਿਆਂ ਵਿੱਚ ਬੇਰੁਜ਼ਗਾਰੀ ਦੀ ਦਰ 15.6 ਪ੍ਰਤੀਸ਼ਤ ਸੀ ਜਿਹੜੀ ਬਾਲਗਾਂ, ਭਾਵ 30-59 ਸਾਲ ਉਮਰ ਵਾਲਿਆਂ ਵਿੱਚ ਬੇਰੁਜ਼ਗਾਰੀ ਤੋਂ ਤਿੰਨ ਗੁਣਾ ਜ਼ਿਆਦਾ ਸੀ। ਭਾਰਤ ਵਿੱਚ 2000-2019 ਦੇ ਸਮੇਂ ਦੌਰਾਨ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 5.7 ਪ੍ਰਤੀਸ਼ਤ ਤੋਂ ਵਯ ਕੇ 17.5 ਪ੍ਰਤੀਸ਼ਤ ’ਤੇ ਪਹੁੰਚ ਗਈ ਸੀ ਜਿਹੜੀ 2022 ਵਿੱਚ ਘਟ ਕੇ 12.4 ਪ੍ਰਤੀਸ਼ਤ ਰਹਿ ਗਈ ਸੀ। ਇਹ ਬਾਲਗਾਂ ਵਿੱਚ ਬੇਰੁਜ਼ਗਾਰੀ ਦੀ ਦਰ ਤੋਂ 12 ਗੁਣਾ ਜ਼ਿਆਦਾ ਸੀ।”

ਸਰਕਾਰੀ ਕੰਟਰੋਲ ਅਤੇ ਦਖ਼ਲ ਨੂੰ ਆਰਥਿਕ ਵਿਕਾਸ ਦੇ ਰਾਹ ਵਿੱਚ ਰੁਕਾਵਟਾਂ ਕਰਾਰ ਦਿੰਦਿਆਂ ਮੁਲਕ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ 1991 ਤੋਂ ਲਾਗੂ ਕੀਤੀਆਂ ਗਈਆਂ ਸਨ। ਇਨ੍ਹਾਂ ਨੂੰ ਆਰਥਿਕ ਸੁਧਾਰਾਂ ਦਾ ਨਾਂ ਵੀ ਦਿੱਤਾ ਗਿਆ ਅਤੇ ਇਹ ਸੁਧਾਰ ਅੱਜ ਵੀ ਜਾਰੀ ਹਨ। ਇਨ੍ਹਾਂ ਸੁਧਾਰਾਂ ਨੂੰ ਵੱਖ-ਵੱਖ ਨਾਵਾਂ ਨਾਲ ਪ੍ਰਚਾਰਿਆ ਗਿਆ ਜਿਵੇਂ ਪਹਿਲੀ ਪੀੜ੍ਹੀ ਦੇ ਸੁਧਾਰ, ਦੂਜੀ ਪੀੜ੍ਹੀ ਦੇ ਸੁਧਾਰ, ਤੀਜੀ ਪੀੜ੍ਹੀ ਦੇ ਸੁਧਾਰ, ਚੌਥੀ ਪੀੜ੍ਹੀ ਦੇ ਸੁਧਾਰ ਆਦਿ। ਇਨ੍ਹਾਂ ਨੀਤੀਆਂ ਅਤੇ ਸੁਧਾਰਾਂ ਦਾ ਮੁੱਖ ਮੰਤਵ ਆਰਥਿਕ ਵਿਕਾਸ ਦਾ ਰਾਹ ਮੋਕਲਾ ਕਰਨਾ, ਆਰਥਿਕ ਵਿਕਾਸ ਦੀ ਦਰ ਨੂੰ ਤੇਜ਼ੀ ਨਾਲ ਉੱਚਾ ਚੁੱਕਣਾ, ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰਨਾ ਅਤੇ ਅਰਥਚਾਰੇ ਵਿਚ ਮੁਕਾਬਲੇ ਦੀ ਭਾਵਨਾ ਨੂੰ ਹੁਲਾਰਾ ਦੇਣਾ ਸੀ। ਇਨ੍ਹਾਂ ਸੁਧਾਰਾਂ ਅਧੀਨ ਸਰਮਾਏਦਾਰਾਂ ਨੂੰ ਹੋਰ ਖੁੱਲ੍ਹਾਂ ਦੇਣ ਲਈ ਜਿੱਥੇ ਨਵੇਂ ਕਾਨੂੰਨ ਘੜੇ ਗਏ, ਉਥੇ ਪੁਰਾਣੇ ਕਾਨੂੰਨਾ ਵਿੱਚ ਸਰਮਾਏ ਪੱਖੀ ਸੋਧਾਂ ਕੀਤੀਆਂ ਗਈਆਂ, ਕਈ ਕਾਨੂੰਨ ਤਾਂ ਖ਼ਤਮ ਕਰ ਦਿੱਤੇ ਗਏ।

ਇਹ ਸਭ ਸਹੂਲਤਾਂ ਭਾਰਤੀ ਸਰਮਾਏ ਦੇ ਨਿਵੇਸ਼ ਦੇ ਨਾਲ-ਨਾਲ ਵਿਦੇਸ਼ੀ ਸਰਮਾਏ ਨੂੰ ਖਿੱਚਣ ਲਈ ਦਿੱਤੀਆਂ ਗਈਆਂ। ਇਨ੍ਹਾਂ ਨੀਤੀਆਂ ਦੇ ਮੱਦੇਨਜ਼ਰ ਸਰਕਾਰੀ ਅਦਾਰਿਆਂ ਦਾ ਰੋਲ ਘਟਾਇਆ ਗਿਆ, ਬਿਮਾਰ ਸਰਕਾਰੀ ਅਦਾਰੇ ਬੰਦ ਕੀਤੇ ਗਏ ਜਾਂ ਨਿੱਜੀ ਕੰਪਨੀਆਂ ਨੂੰ ਖਾਸ ਗਿਣਤੀ-ਮਿਣਤੀ ਤਹਿਤ ਕੌਡੀਆਂ ਦੇ ਭਾਅ ਵੇਚ ਦਿੱਤਾ ਗਿਆ ਤਾਂ ਜੋ ਸਰਮਾਏਦਾਰਾਂ ਦੇ ਹਿੱਤਾਂ ਦੀ ਪੂਰਤੀ ਹੋ ਸਕੇ। ਇਹ ਨੀਤੀਆਂ ਲਾਗੂ ਹੋਣ ਨਾਲ ਆਰਥਿਕ ਵਿਕਾਸ ਦੀ ਦਰ ਤਾਂ ਸੁਧਾਰਾਂ ਦੇ ਸਮੇਂ ਤੋਂ ਪਹਿਲਾਂ ਦੀ 3-4 ਪ੍ਰਤੀਸ਼ਤ ਤੋਂ ਵਧ ਕੇ 7-8 ਪ੍ਰਤੀਸ਼ਤ ਹੋ ਗਈ ਪਰ ਇਸ ਵਿਕਾਸ ਦਰ ਨੇ ਜ਼ਰੂਰੀ ਅਤੇ ਲੋੜੀਂਦੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ; ਭਾਵ, ਰੁਜ਼ਗਾਰ ਤੋਂ ਬਿਨਾਂ ਵਿਕਾਸ (ਜੋਬਲਇਸਸ ਗਰੋਟਹ) ਦਾ ਵਰਤਾਰਾ ਸਾਹਮਣੇ ਆ ਗਿਆ ਅਤੇ ਨਾਲ ਹੀ ਰੁਜ਼ਗਾਰ ਸਬੰਧੀ ਹੋਰ ਗੰਭੀਰ ਸਮੱਸਿਆਵਾਂ ਵੀ ਉਜਾਗਰ ਹੋ ਗਈਆਂ। ਦੇਸ਼ ਵਿੱਚ ਮੌਜੂਦਾ ਬੇਰੁਜ਼ਗਾਰੀ ਦੀ ਸਥਿਤੀ ਨੂੰ ਸਮਝਣ ਲਈ ਹੁਣੇ ਜਾਰੀ ‘ਇੰਡੀਆ ਐਂਪਲਾਇਮੈਂਟ ਰਿਪੋਰਟ-2024 ਧਿਆਨ ਦੇਣ ਯੋਗ ਹੈ।

ਇਸ ਰਿਪੋਰਟ ਵਿਚ 2000-2022 ਦੇ ਦੋ ਦਹਾਕਿਆਂ ਦੌਰਾਨ ਬੇਰੁਜ਼ਗਾਰੀ ਦੇ ਵੱਖ-ਵੱਖ ਪਹਿਲੂਆਂ ਅਤੇ ਸਮੱਸਿਆਵਾਂ ਦਾ ਵਿਸਤਾਰ ਸਹਿਤ ਅਧਿਐਨ ਕੀਤਾ ਗਿਆ ਹੈ। ਇਹ ਆਮ ਕਿਹਾ ਜਾਂਦਾ ਰਿਹਾ ਹੈ ਕਿ ਜਦੋਂ ਆਰਥਿਕ ਵਿਕਾਸ ਦਰ ਉੱਚੀ ਹੋਵੇਗੀ ਤਾਂ ਰੁਜ਼ਗਾਰ ਦੇ ਲੋੜੀਂਦੇ ਮੌਕੇ ਆਪਣੇ ਆਪ ਪੈਦਾ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ। ਸਾਲ 2000 ਤੋਂ 2012 ਦਰਮਿਆਨ ਵਿਕਾਸ ਦੀ ਦਰ ਤਾਂ ਪ੍ਰਤੀ ਸਾਲ 6.2 ਪ੍ਰਤੀਸ਼ਤ ਰਹੀ ਪਰ ਰੁਜ਼ਗਾਰ ਦੀ ਸਾਲਾਨਾ ਦਰ ਕੇਵਲ 1.6 ਪ੍ਰਤੀਸ਼ਤ ਹੀ ਰਹੀ। ਇਸੇ ਤਰ੍ਹਾਂ 2012 ਤੋਂ 2019 ਦੇ ਸਮੇਂ ਦੌਰਾਨ ਆਰਥਿਕ ਵਿਕਾਸ ਦੀ ਦਰ ਵਿੱਚ ਹੋਰ ਸੁਧਾਰ ਹੋ ਕੇ ਇਹ 6.7 ਪ੍ਰਤੀਸ਼ਤ ਸਾਲਾਨਾ ਹੋ ਗਈ ਪਰ ਰੁਜ਼ਗਾਰ ਦੇ ਮੌਕੇ ਸਾਲਾਨਾ ਮਹਿਜ਼ 0.01 ਪ੍ਰਤੀਸ਼ਤ ਹੀ ਵਧੇ। ਇਹ ਤੱਥ ਦੱਸਦੇ ਹਨ ਕਿ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੀ ਦਰ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਹੈ। ਦੇਸ਼ ਵਿੱਚ ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਦਰ 2000-2012 ਦੇ ਸਮੇਂ ਵਿੱਚ ਮਹਿਜ਼ 2-3 ਪ੍ਰਤੀਸ਼ਤ ਸੀ ਜਿਹੜੀ 2012-2019 ਦੇ ਸਮੇਂ ਵਿੱਚ ਕਾਫ਼ੀ ਜ਼ਿਆਦਾ ਵੱਧ ਕੇ 5.8 ਪ੍ਰਤੀਸ਼ਤ ’ਤੇ ਪਹੁੰਚ ਗਈ; ਮਗਰੋਂ ਥੋੜ੍ਹੀ ਘਟ ਕੇ 2022 ਵਿੱਚ 4.1 ਪ੍ਰਤੀਸ਼ਤ ਹੋ ਗਈ। ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਉੱਚੀ ਦਰ ਹੋਣ ਦਾ ਮੁੱਖ ਕਾਰਨ ਕਿਰਤ ਸ਼ਕਤੀ ਦੇ ਵਾਧੇ ਦੇ ਮੁਕਾਬਲੇ ਰੁਜ਼ਗਾਰ ਦੇ ਮੌਕਿਆਂ ਵਿੱਚ ਘੱਟ ਵਾਧਾ ਹੋਣਾ ਹੈ। ਇਕੱਲੇ ਰੁਜ਼ਗਾਰ ਦੇ ਮੌਕੇ ਹੀ ਨਹੀਂ ਘਟੇ, ਮਿਲਣ ਵਾਲੇ ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰ ਵੀ ਬਹੁਤ ਨੀਵੇਂ ਪੱਧਰ ਦੀ ਹੋ ਗਈ ਕਿਉਂਕਿ ਮਿਲ ਰਹੇ ਰੁਜ਼ਗਾਰ ਦੀਆਂ ਉਜਰਤਾਂ ਬਹੁਤ ਘੱਟ ਹਨ ਅਤੇ ਰੁਜ਼ਗਾਰ ਦੀ ਕਿਸੇ ਕਿਸਮ ਦੀ ਸੁਰੱਖਿਆ ਵੀ ਯਕੀਨੀ ਨਹੀਂ ਹੈ।

ਦੁਨੀਆ ਭਰ ਵਿੱਚ 2021 ਵਿੱਚ ਨੌਜਵਾਨਾਂ ਭਾਵ 15-29 ਸਾਲ ਉਮਰ ਵਾਲਿਆਂ ਵਿੱਚ ਬੇਰੁਜ਼ਗਾਰੀ ਦੀ ਦਰ 15.6 ਪ੍ਰਤੀਸ਼ਤ ਸੀ ਜਿਹੜੀ ਬਾਲਗਾਂ, ਭਾਵ 30-59 ਸਾਲ ਉਮਰ ਵਾਲਿਆਂ ਵਿੱਚ ਬੇਰੁਜ਼ਗਾਰੀ ਤੋਂ ਤਿੰਨ ਗੁਣਾ ਜ਼ਿਆਦਾ ਸੀ। ਭਾਰਤ ਵਿੱਚ 2000-2019 ਦੇ ਸਮੇਂ ਦੌਰਾਨ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 5.7 ਪ੍ਰਤੀਸ਼ਤ ਤੋਂ ਵਧ ਕੇ 17.5 ਪ੍ਰਤੀਸ਼ਤ ’ਤੇ ਪਹੁੰਚ ਗਈ ਸੀ ਜਿਹੜੀ 2022 ਵਿੱਚ ਘਟ ਕੇ 12.4 ਪ੍ਰਤੀਸ਼ਤ ਰਹਿ ਗਈ ਸੀ। ਇਹ ਬਾਲਗਾਂ ਵਿੱਚ ਬੇਰੁਜ਼ਗਾਰੀ ਦੀ ਦਰ ਤੋਂ 12 ਗੁਣਾ ਜ਼ਿਆਦਾ ਸੀ। ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਇੱਕ ਹੋਰ ਖ਼ਾਸੀਅਤ ਵਰਨਣਯੋਗ ਹੈ ਕਿ ਇਹ ਪੇਂਡੂ ਖੇਤਰਾਂ ਵਿੱਚ 10.6 ਪ੍ਰਤੀਸ਼ਤ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਵਿੱਚ 17.2 ਪ੍ਰਤੀਸ਼ਤ ਹੈ ਜੋ ਕਾਫੀ ਉੱਚੀ ਹੈ। ਦੇਸ਼ ਵਿੱਚ 2022 ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚ ਨੌਜਵਾਨ ਬੇਰੁਜ਼ਗਾਰਾਂ ਦਾ ਹਿੱਸਾ 82.9 ਪ੍ਰਤੀਸ਼ਤ ਸੀ। ਇਵੇਂ ਹੀ ਕੁੱਲ ਬੇਰੁਜ਼ਗਾਰਾਂ ਵਿੱਚ ਪੜ੍ਹੇ ਲਿਖੇ ਨੌਜਵਾਨਾਂ ਦਾ ਹਿੱਸਾ 2000 ਵਿੱਚ 54.2 ਪ੍ਰਤੀਸ਼ਤ ਤੋਂ ਵਧ ਕੇ 2022 ਵਿੱਚ 65.7 ਪ੍ਰਤੀਸ਼ਤ ਹੋ ਗਿਆ। ਦੱਸਣਾ ਬਣਦਾ ਹੈ ਕਿ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਬਾਲਗ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੇ ਮੁਕਾਬਲੇ ਜ਼ਿਆਦਾ ਹੈ। ਮੌਜੂਦਾ ਸਮਿਆਂ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆਂ ਪੜ੍ਹੇ ਲਿਖੇ ਨੌਜਵਾਨਾਂ ਵਿੱਚ ਬਹੁਤ ਜ਼ਿਆਦਾ ਹੈ ਅਤੇ ਦੇਸ਼ ਦੀ ਬੇਰੁਜ਼ਗਾਰੀ ਨੂੰ ਹੁਣ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਵੀ ਕਿਹਾ ਜਾ ਸਕਦਾ ਹੈ ਜਿਹੜੀ ਆਉਣ ਵਾਲੇ ਸਮੇਂ ਵਿੱਚ ਬਹੁਤ ਗੰਭੀਰ ਮਸਲਾ ਹੋਵੇਗਾ।

ਦੇਸ਼ ਵਿੱਚ ਪ੍ਰਚਲਿਤ ਬੇਰੁਜ਼ਗਾਰੀ ਦੇ ਕੁਝ ਹੋਰ ਪਹਿਲੂ ਵੀ ਮਹੱਤਵਪੂਰਨ ਹਨ ਜਿਵੇਂ ਪਹਿਲਾਂ ਹੀ ਖੇਤੀ ਤੋਂ ਗੈਰ-ਖੇਤੀ ਧੰਦਿਆਂ ਵਿੱਚ ਕਿਰਤੀਆਂ ਦੀ ਤਬਦੀਲੀ ਬਹੁਤ ਧੀਮੀ ਸੀ, ਹੁਣ ਹੋਰ ਧੀਮੀ ਹੋ ਗਈ ਹੈ। ਜਿਹੜੇ ਵੀ ਕਿਰਤੀ ਖੇਤੀ ਵਿੱਚੋਂ ਗੈਰ-ਖੇਤੀ ਧੰਦਿਆਂ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਮੁੱਖ ਤੌਰ ’ਤੇ ਨਿਰਮਾਣ ਕਾਰਜਾਂ ਜਾਂ ਸੇਵਾਵਾਂ ਦੇ ਖੇਤਰ ਵਿੱਚ ਹੀ ਰੁਜ਼ਗਾਰ ਮਿਲਦਾ ਹੈ ਕਿਉਂਕਿ ਸਨਅਤੀ (ਮੈਨੂਫੈਕਚਰਿੰਗ) ਖੇਤਰ ਵਿੱਚ ਰੁਜ਼ਗਾਰ ਦੇ ਮੌਕਿਆਂ ਵਿੱਚ ਖੜੋਤ ਹੈ। 2000-2019 ਦੌਰਾਨ ਇਸ ਖੇਤਰ ਦੇ ਉਤਪਾਦ ਦੀ ਕੁੱਲ ਕੀਮਤ ਵਿੱਚ ਵਾਧਾ 7.5 ਪ੍ਰਤੀਸ਼ਤ ਸਾਲਾਨਾ ਦੇ ਹਿਸਾਬ ਨਾਲ ਹੋਇਆ; ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਮਹਿਜ਼ 1.7 ਪ੍ਰਤੀਸ਼ਤ ਸਾਲਾਨਾ ਹੀ ਹੋਇਆ। ਦੇਸ਼ ਵਿੱਚ ਮੌਜੂਦਾ ਪ੍ਰਚਲਿਤ ਰੁਜ਼ਗਾਰ ਮੁੱਖ ਤੌਰ ਤੇ ਗੈਰ-ਸੰਗਠਿਤ ਖੇਤਰ ਵਿੱਚ ਹੀ ਹੈ ਜਿਸ ਦੀ ਗੁਣਵੱਤਾ ਬਹੁਤ ਗੈਰ-ਮਿਆਰੀ ਤੇ ਨੀਵੇਂ ਪੱਧਰ ਦੀ ਹੈ। ਦੇਸ਼ ਦੇ ਰੁਜ਼ਗਾਰ ਪ੍ਰਾਪਤ ਲੋਕਾਂ ਦਾ ਲੱਗਭਗ 82-90 ਪ੍ਰਤੀਸ਼ਤ ਜਾਂ ਤਾਂ ਆਪਣਾ ਕੰਮ ਕਰਦੇ ਹਨ ਜਾਂ ਆਮ ਮਜ਼ਦੂਰੀ (ਚਓਸੁਓਲ ਏਮਪਲੋਮਏਨਟ) ਕਰਦੇ ਹਨ। ਪਿਛਲੇ ਸਮੇਂ ਵਿੱਚ ਇਸ ਕਿਸਮ ਦੇ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਹੋਇਆ ਹੈ। ਅਜਿਹੇ ਰੁਜ਼ਗਾਰ ਪ੍ਰਾਪਤ ਲੋਕਾਂ/ਕਿਰਤੀਆਂ ਨੂੰ ਬਹੁਤ ਘੱਟ ਤਨਖਾਹਾਂ/ਉਜਰਤਾਂ ਦਿੱਤੀਆਂ ਜਾਂਦੀਆਂ ਹਨ। ਇਹ ਵੀ ਦੇਖਿਆ ਗਿਆ ਹੈ ਕਿ ਜਾਂ ਤਾਂ ਉਜਰਤਾਂ ਵਿਚ ਖੜੋਤ ਰਹੀ ਹੈ ਜਾਂ ਇਹ ਮਾੜੀਆਂ ਹਨ ਅਤੇ ਬਹੁਤ ਧੰਦਿਆਂ ਖ਼ਾਸ ਕਰ ਕੇ ਖੇਤੀ ਅਤੇ ਨਿਰਮਾਣ ਕਾਰਜਾਂ ਵਿੱਚ ਘੱਟੋ-ਘੱਟ ਉਜਰਤਾਂ ਵੀ ਨਹੀਂ ਮਿਲਦੀਆਂ। ਦੇਸ਼ ਵਿੱਚ ਰੁਜ਼ਗਾਰ ਦੇ ਸਬੰਧ ਵਿੱਚ ਇੱਕ ਹੋਰ ਮਹੱਤਵਪੂਰਨ ਅਤੇ ਗੰਭੀਰ ਸਮੱਸਿਆ ਇਹ ਹੈ ਕਿ ਅਰਧ-ਬੇਰੁਜ਼ਗਾਰੀ/ਘੱਟ-ਰੁਜ਼ਗਾਰ (ਜਦੋਂ ਕਿਰਤੀਆਂ ਨੂੰ ਪੂਰੇ ਦਿਨਾਂ ਲਈ ਪੂਰਨ ਰੁਜ਼ਗਾਰ ਨਾ ਮਿਲੇ) ਵੱਡੇ ਪੱਧਰ ’ਤੇ ਹੈ। ਅਰਧ-ਬੇਰੁਜ਼ਗਾਰੀ ਦੀ ਦਰ 2012 ਵਿੱਚ 8.1 ਪ੍ਰਤੀਸ਼ਤ, 2019 ਵਿੱਚ 9.1 ਪ੍ਰਤੀਸ਼ਤ ਅਤੇ 2022 ਵਿੱਚ 7.5 ਪ੍ਰਤੀਸ਼ਤ ਸੀ। ਰੁਜ਼ਗਾਰ ਦੀ ਅਜਿਹੀ ਸਥਿਤੀ ਲਈ ਨਵੀਆਂ ਸਨਅਤਾਂ ਦਾ ਜ਼ਿਆਦਾ ਕੈਪੀਟਲ ਇੰਟੈਸਿਵ, ਨਵੀਆਂ ਤਕਨੀਕਾਂ ਅਤੇ ਜ਼ਿਆਦਾ ਮਸ਼ੀਨੀਕਰਨ ਆਧਾਰਿਤ ਹੋਣਾ ਵੀ ਹੈ ਜਿਹੜੀਆਂ ਰੁਜ਼ਗਾਰ ਦੇ ਢੁਕਵੇਂ ਤੇ ਲੋੜੀਂਦੀ ਮੌਕੇ ਪੈਦਾ ਨਹੀਂ ਕਰਦੀਆਂ।

ਸਪੱਸ਼ਟ ਹੈ ਕਿ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਕਾਫੀ ਗੰਭੀਰ ਹੈ ਅਤੇ ਸਮੇਂ ਦੇ ਨਾਲ-ਨਾਲ ਹੋਰ ਗੰਭੀਰ ਹੋ ਰਹੀ ਹੈ। ਇਸ ਲਈ ਸਮਾਂ ਅਤੇ ਸਮੱਸਿਆ ਦੀ ਗੰਭੀਰਤਾ ਮੰਗ ਕਰਦੇ ਹਨ ਕਿ ਬੇਰੁਜ਼ਗਾਰੀ ਦੇ ਹੱਲ ਲਈ ਆਰਥਿਕ ਨੀਤੀਆਂ ਵਿੱਚ ਤਬਦੀਲੀਆਂ ਹੋਣ। ਸਭ ਤੋਂ ਪਹਿਲਾਂ ਦੇਸ਼ ਵਿੱਚ ਹੋਣ ਵਾਲੇ ਨਿਵੇਸ਼ ਅਤੇ ਆਰਥਿਕ ਵਿਕਾਸ ਦੀ ਪਹਿਲੀ ਤਰਜੀਹ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਰਤ ਨੀਤੀਆਂ ਅਤੇ ਕਿਰਤ ਮਿਆਰਾਂ ਵਿੱਚ ਕਿਰਤੀ ਪੱਖੀ ਤਬਦੀਲੀਆਂ ਲਿਆ ਕੇ ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰਾਂ ਵਿੱਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਹੈ। ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰ ਵਿੱਚ ਸੁਧਾਰ ਲਿਆਉਣ ਦੇ ਨਾਲ-ਨਾਲ ਕਿਰਤ ਮੰਡੀ ਵਿੱਚ ਵੱਡੇ ਪੱਧਰ ’ਤੇ ਨਾ-ਬਰਾਬਰੀ ਨੂੰ ਘਟਾਉਣ/ਖ਼ਤਮ ਕਰਨ ਦੀ ਲੋੜ ਹੈ ਤਾਂ ਕਿ ਹੇਠਲੇ ਤਬਕੇ ਦੇ ਲੋਕਾਂ ਅਤੇ ਔਰਤਾਂ ਨੂੰ ਵੀ ਬਰਾਬਰ ਦੇ ਹੱਕ ਤੇ ਮੌਕੇ ਮਿਲ ਸਕਣ। ਤਕਨੀਕੀ ਅਤੇ ਹੁਨਰ ਵਾਲੇ ਕੋਰਸਾਂ ਵਿੱਚ ਸਮੇਂ ਦੇ ਹਾਣ ਦੀਆਂ ਅਤੇ ਮੌਜੂਦਾ ਲੋੜਾਂ ਮੁਤਾਬਿਕ ਤਬਦੀਲੀਆਂ ਕਰ ਕੇ ਲੋਕਾਂ ਖ਼ਾਸ ਕਰ ਕੇ ਨੌਜਵਾਨਾਂ ਵਿਚ ਰੁਜ਼ਗਾਰ ਯੋਗਤਾ ਵਧਾਈ ਜਾਣੀ ਚਾਹੀਦੀ ਹੈ ਕਿਉਂਕਿ ਹੁਨਰ ਸਿਖਲਾਈ ਦੀ ਮੰਗ ਅਤੇ ਪੂਰਤੀ ਵਿੱਚ ਕਾਫ਼ੀ ਅਸੰਤੁਲਨ ਹੈ।






ਲੇਖਕ : ਕ੍ਰਿਸ਼ਨਾ ਰਾਜ

# ਵਿਕਸਤ ਦੇ ਸੁਫ਼ਨੇ ਦੀ ਹਕੀਕਤ



ਭਾਰਤ ਸਾਲ 2047 ਤੱਕ ਉਚ ਆਮਦਨ ਵਾਲਾ ਵਿਕਸਤ ਮੁਲਕ ਬਣਨ ਦੀ ਲੋਚਾ ਰੱਖਦਾ ਹੈ। ਇਸ ਵਿਆਪਕ ਦ੍ਰਿਸ਼ਟੀ ਯੋਜਨਾ ਦੇ ਅਨੁਰੂਪ, ਅਰਥਚਾਰੇ ਨੂੰ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿਕਾਸ ਦਰ ਨੂੰ ਹੁਲਾਰਾ ਦੇਣ ਅਤੇ ਅਗਲੇ 23 ਸਾਲਾਂ ਦੌਰਾਨ ਇਸ ਸਮੇਂ ਜੀਡੀਪੀ ਨੂੰ 3.73 ਖਰਬ ਡਾਲਰ ਤੋਂ 30 ਖਰਬ ਡਾਲਰ ਤੱਕ ਦੀ ਜ਼ਬਰਦਸਤ ਬੁਲੰਦੀ 'ਤੇ ਪਹੁੰਚਾਉਣ ਲਈ ਬੇਪਨਾਹ ਸ਼ਕਤੀ ਦੀ ਲੋੜ ਹੈ। ਵਿਹਾਰਕ ਲਿਹਾਜ਼ ਤੋਂ ਦੁਨੀਆ ਦੇ ਪੰਜਵੇਂ ਸਭ ਤੋਂ ਵੱਡੇ ਅਰਥਚਾਰੇ ਨੂੰ ਹਰ ਸਾਲ 1.14 ਖਰਬ ਡਾਲਰ ਦਾ ਜ਼ਬਰਦਸਤ ਇਜ਼ਾਫ਼ਾ ਦਰਸਾਉਣ ਦੀ ਲੋੜ ਪਵੇਗੀ ਤਾਂ ਕਿਤੇ ਜਾ ਕੇ ਦੋ ਦਹਾਕਿਆਂ ਵਿਚ ਇਹ 26.14 ਖਰਬ ਡਾਲਰ ਦੇ ਸਿਖਰਲੇ ਮੁਕਾਮ ਤੱਕ ਪਹੁੰਚ ਸਕੇਗੀ। ਜੇ 7.6 ਫ਼ੀਸਦ ਦੀ ਵਿਕਾਸ ਦਰ ਦੇ ਹਿਸਾਬ ਨਾਲ ਲੇਖਾ ਜੋਖਾ ਕੀਤਾ ਜਾਵੇ ਤਾਂ ਪਿਛਲੇ ਸਾਲ 2023-24 ਦੌਰਾਨ ਜੀਡੀਪੀ 38.78 ਲੱਖ ਕਰੋੜ ਰੁਪਏ ਤੋਂ ਵਧ ਕੇ 41.74 ਲੱਖ ਕਰੋੜ ਰੁਪਏ ਹੋਈ ਹੈ। ਇਹ ਵਾਧਾ ਮਹਿਜ਼ 2.96 ਲੱਖ ਕਰੋੜ ਰੁਪਏ ਦਾ ਹੈ; ਵਾਧਾ 81 ਲੱਖ ਕਰੋੜ ਰੁਪਏ ਦਾ ਦਰਕਾਰ ਸੀ। 2047 ਤੱਕ ਵਿਕਸਤ ਭਾਰਤ ਦਾ ਦਰਜਾ ਹਾਸਲ ਕਰਨ ਲਈ ਇਹ ਮਾਮੂਲੀ ਵਾਧਾ ਹੈ ਅਤੇ ਇਸ ਲਈ ਜੀਡੀਪੀ ਵਿਚ ਵਾਧੇ ਦੀ ਦਰ ਸਾਲਾਨਾ 15 ਫ਼ੀਸਦ ਦਰਕਾਰ ਹੋਵੇਗੀ।

ਅਮਰੀਕਾ, ਚੀਨ, ਜਰਮਨੀ, ਜਪਾਨ ਅਤੇ ਭਾਰਤ ਦੀ ਜੀਡੀਪੀ ਕ੍ਰਮਵਾਰ 26.95 ਖਰਬ ਡਾਲਰ, 17.78 ਖਰਬ ਡਾਲਰ, 4.43 ਖਰਬ ਡਾਲਰ, 4.23 ਖਰਬ ਡਾਲਰ ਅਤੇ 3.73 ਖਰਬ ਡਾਲਰ ਹੈ। ਇਨ੍ਹਾਂ ਮੁਲਕਾਂ ਦੀ ਪ੍ਰਤੀ ਜੀਅ ਜੀਡੀਪੀ ਅੰਦਾਜ਼ਨ ਕ੍ਰਮਵਾਰ 80410 ਡਾਲਰ, 12540 ਡਾਲਰ, 52820 ਡਾਲਰ, 33950 ਡਾਲਰ ਅਤੇ 2610 ਡਾਲਰ ਹੈ। ਭਾਰਤ ਦਾ ਸ਼ੁਮਾਰ ਇਸ ਸਮੇਂ ਘੱਟ ਆਮਦਨ ਵਾਲੇ ਮੁਲਕਾਂ ਵਿਚ ਹੁੰਦਾ ਹੈ। ਇਸ ਨੂੰ ਅਗਲੇ 23 ਸਾਲਾਂ ਵਿਚ ਘੱਟ ਆਮਦਨ ਤੋਂ ਦਰਮਿਆਨੀ ਆਮਦਨ ਅਤੇ ਉੱਚ ਆਮਦਨ ਵਾਲੇ ਮੁਲਕਾਂ ਦੇ ਵਰਗ ਵਿਚ ਪਹੁੰਚਣ ਲਈ ਵੱਖ-ਵੱਖ ਪੜਾਵਾਂ ਵਿਚੋਂ ਲੰਘਣਾ ਪੈਣਾ ਹੈ। ਉਚ ਆਮਦਨ ਵਾਲੇ ਮੁਲਕ ਦਾ ਦਰਜਾ ਹਾਸਲ ਕਰਨ ਲਈ ਭਾਰਤ ਦੀ ਪ੍ਰਤੀ ਜੀਅ ਜੀਡੀਪੀ 2047 ਤੱਕ ਵਧ ਕੇ 12055 ਡਾਲਰ ਤੱਕ ਹੋਣੀ ਚਾਹੀਦੀ ਹੈ।

ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕਾਂ ਵਿਚ ਖੇਤੀਬਾੜੀ, ਸਨਅਤੀ ਅਤੇ ਸੇਵਾਵਾਂ ਦੇ ਖੇਤਰ ਸ਼ਾਮਲ ਹਨ। ਸਾਲ 2023 ਵਿਚ ਜੀਡੀਪੀ ਵਾਧੇ ਵਿਚ ਸੇਵਾਵਾਂ ਖੇਤਰ ਦੀ ਹਿੱਸੇਦਾਰੀ 53.34 ਫ਼ੀਸਦ ਹੈ; ਸਨਅਤੀ ਤੇ ਖੇਤੀਬਾੜੀ ਖੇਤਰਾਂ ਦਾ ਯੋਗਦਾਨ ਕ੍ਰਮਵਾਰ 28.25 ਫ਼ੀਸਦ ਅਤੇ 18.42 ਫ਼ੀਸਦ ਹੈ। ਉਂਝ, ਦੁਨੀਆ ਦੇ ਪ੍ਰਮੁੱਖ ਅਰਥਚਾਰਿਆਂ ਜਿਵੇਂ ਅਮਰੀਕਾ, ਚੀਨ, ਜਪਾਨ ਤੇ ਜਰਮਨੀ ਵਿਚ ਇਨ੍ਹਾਂ ਦੀ ਜੀਡੀਪੀ ਵਿਚ ਸੇਵਾਵਾਂ ਅਤੇ ਸਨਅਤੀ ਖੇਤਰਾਂ ਦਾ ਯੋਗਦਾਨ 95-98 ਫ਼ੀਸਦ ਹੈ ਅਤੇ ਖੇਤੀਬਾੜੀ ਉਪਰ ਨਿਰਭਰਤਾ ਮਹਿਜ਼ ਇੱਕ ਫ਼ੀਸਦ ਹੈ; ਸਿਰਫ਼ ਚੀਨ ਵਿਚ ਖੇਤੀਬਾੜੀ ਦਾ ਯੋਗਦਾਨ 6.9 ਫ਼ੀਸਦ ਹੈ। ਭਾਰਤ ਦੀ ਜੀਡੀਪੀ 'ਚ ਇਨ੍ਹਾਂ ਦੋਵੇਂ ਖੇਤਰਾਂ ਦਾ ਯੋਗਦਾਨ 82 ਫ਼ੀਸਦ ਹੈ।

***ਅਮਰੀਕਾ, ਚੀਨ, ਜਰਮਨੀ, ਜਪਾਨ ਅਤੇ ਭਾਰਤ ਦੀ ਜੀਡੀਪੀ ਕ੍ਰਮਵਾਰ 26.95 ਖਰਬ ਡਾਲਰ, 17.78 ਖਰਬ ਡਾਲਰ, 4.43 ਖਰਬ ਡਾਲਰ, 4.23 ਖਰਬ ਡਾਲਰ ਅਤੇ 3.73 ਖਰਬ ਡਾਲਰ ਹੈ। ਇਨ੍ਹਾਂ ਮੁਲਕਾਂ ਦੀ ਪ੍ਰਤੀ ਜੀਅ ਜੀਡੀਪੀ ਅੰਦਾਜ਼ਨ ਕ੍ਰਮਵਾਰ 80410 ਡਾਲਰ, 12540 ਡਾਲਰ, 52820 ਡਾਲਰ, 33950 ਡਾਲਰ ਅਤੇ 2610 ਡਾਲਰ ਹੈ। ਭਾਰਤ ਦਾ ਸ਼ੁਮਾਰ ਇਸ ਸਮੇਂ ਘੱਟ ਆਮਦਨ ਵਾਲੇ ਮੁਲਕਾਂ ਵਿਚ ਹੁੰਦਾ ਹੈ। ਇਸ ਨੂੰ ਅਗਲੇ 23 ਸਾਲਾਂ ਵਿਚ ਘੱਟ ਆਮਦਨ ਤੋਂ ਦਰਮਿਆਨੀ ਆਮਦਨ ਅਤੇ ਉੱਚ ਆਮਦਨ ਵਾਲੇ ਮੁਲਕਾਂ ਦੇ ਵਰਗ ਵਿਚ ਪਹੁੰਚਣ ਲਈ ਵੱਖ-ਵੱਖ ਪੜਾਵਾਂ ਵਿੱਚੋਂ ਲੰਘਣਾ ਪੈਣਾ ਹੈ। ਉਚ ਆਮਦਨ ਵਾਲੇ ਮੁਲਕ ਦਾ ਦਰਜਾ ਹਾਸਲ ਕਰਨ ਲਈ ਭਾਰਤ ਦੀ ਪ੍ਰਤੀ ਜੀਅ ਜੀਡੀਪੀ 2047 ਤੱਕ ਵਧ ਕੇ 12055 ਡਾਲਰ ਤੱਕ ਹੋਣੀ ਚਾਹੀਦੀ ਹੈ।***

ਭਾਰਤ ਦੀਆਂ ਆਰਥਿਕ ਵਿਕਾਸ ਦੀਆਂ ਉਮੀਦਾਂ ਦੇ ਰਾਹ ਦਾ ਇਕ ਰੋੜਾ ਇਹ ਹੈ ਕਿ ਖੇਤੀਬਾੜੀ ਅਤੇ ਸਨਅਤੀ ਖੇਤਰਾਂ ਦਾ ਵਿਕਾਸ ਮੱਠਾ ਹੈ। ਵਿਕਸਤ ਅਰਥਚਾਰੇ ਦਾ ਇਕ ਹੋਰ ਖ਼ਾਸ ਲੱਛਣ ਇਹ ਹੈ ਕਿ ਇਹ ਆਪਣੀਆਂ ਵਸਤਾਂ ਅਤੇ ਸੇਵਾਵਾਂ ਦੀਆਂ ਆਪਣੀਆਂ ਦਰਾਮਦਾਂ ਨਾਲੋਂ ਜ਼ਿਆਦਾ ਬਰਾਮਦਾਂ ਕਰਦਾ ਹੈ। ਭਾਰਤੀ ਅਰਥਚਾਰੇ ਦੇ ਦੁਨੀਆ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰਨ ਦੇ ਤੱਥ ਦੇ ਬਾਵਜੂਦ ਅਜੇ ਵੀ ਇਸ ਦੀ ਦਰਾਮਦਾਂ 'ਤੇ ਨਿਰਭਰਤਾ ਜਿਉਂ ਦੀ ਤਿਉਂ ਹੈ ਜੋ ਇਸ ਦੀ ਵੱਡੀ ਕਮਜ਼ੋਰੀ ਹੈ। ਇਸ ਦਾ ਚਲੰਤ ਖਾਤਾ ਘਾਟਾ ਜੀਡੀਪੀ ਦਾ 2 ਫ਼ੀਸਦ ਹੈ ਜੋ ਕਾਫ਼ੀ ਜ਼ਿਆਦਾ ਹੈ। ਦੂਜੇ ਬੰਨੇ ਅਮਰੀਕਾ, ਚੀਨ, ਜਪਾਨ ਤੇ ਜਰਮਨੀ ਦਾ ਚਲੰਤ ਖਾਤਾ ਆਪੋ-ਆਪਣੀ ਜੀਡੀਪੀ ਦਾ 5-10 ਫ਼ੀਸਦ ਵਾਧੇ ਵਿਚ ਹੈ। ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਵਿਚ ਵਿਦੇਸ਼ੀ ਸਿੱਧੇ ਨਿਵੇਸ਼ ਦਾ ਵਹਾਓ ਤੇਜ਼ੀ ਨਾਲ ਘਟਿਆ ਹੈ ਅਤੇ ਕਰਜ਼ੇ ਵਿਚ 625 ਅਰਬ ਡਾਲਰ ਦਾ ਇਜ਼ਾਫ਼ਾ ਹੋ ਗਿਆ ਹੈ।

ਵਡੇਰੇ ਅਰਥਚਾਰੇ ਦੇ ਇਹ ਅੰਕੜੇ ਸਾਫ਼ ਦਰਸਾਉਂਦੇ ਹਨ ਕਿ ਆਪਣਾ ਸੁਫ਼ਨੇ ਸਾਕਾਰ ਕਰਨ ਲਈ ਭਾਰਤੀ ਅਰਥਚਾਰੇ ਨੂੰ ਆਪਣੀ ਬਰਾਮਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ, ਦਰਾਮਦਾਂ ਘਟਾਉਣ, ਅਹਿਮ ਖੇਤਰਾਂ ਵਿਚ ਵਿਦੇਸ਼ੀ ਸਿੱਧੇ ਨਿਵੇਸ਼ ਵਧਾਉਣ ਅਤੇ ਸਨਅਤੀ ਖੇਤਰ ਨੂੰ ਵਿਕਸਤ ਕਰਨ ਦੀ ਲੋੜ ਹੈ। ਭਾਰਤ ਦੇ ਅਰਥਚਾਰੇ ਵਿਚ ਵਾਧਾ ਤਾਂ ਹੋ ਰਿਹਾ ਹੈ ਪਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ; ਇਸ ਕਰ ਕੇ ਆਮਦਨ ਅਤੇ ਦੌਲਤ ਵਿਚ ਨਾ-ਬਰਾਬਰੀ ਛੜੱਪੇ ਮਾਰ ਕੇ ਵਧ ਰਹੀ ਹੈ। 20-24 ਸਾਲ ਅਤੇ 25-29 ਸਾਲ ਦੀ ਉਮਰ ਦੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦਰ ਕ੍ਰਮਵਾਰ 44.49 ਫ਼ੀਸਦ ਅਤੇ 14.33 ਫ਼ੀਸਦ ਹੋ ਗਈ ਹੈ। ਦੇਸ਼ ਦੀ ਕੁੱਲ 22.6 ਆਮਦਨ ਅਤੇ 40.1 ਫ਼ੀਸਦ ਦੌਲਤ ਉਪਰਲੇ ਇਕ ਫ਼ੀਸਦ ਲੋਕਾਂ ਦੇ ਹੱਥਾਂ ਵਿਚ ਚਲੀ ਗਈ ਹੈ। ਸਾਲ 2022-23 ਵਿਚ ਪਾਣੀ ਦੀ ਪ੍ਰਤੀ ਜੀਅ ਉਪਲਬਧਤਾ ਘਟ ਕੇ 1486 ਘਣ ਮੀਟਰ ਰਹਿ ਗਈ।

ਇਸੇ ਦੌਰਾਨ ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ (1 ਅਰਬ 42 ਕਰੋੜ) ਵਾਲਾ ਮੁਲਕ ਬਣ ਗਿਆ ਹੈ। ਇਸ ਦਾ ਮਤਲਬ ਹੈ ਕਿ ਦੁਨੀਆ ਦੀ 17.5 ਫ਼ੀਸਦ ਆਬਾਦੀ ਸਿਰਫ਼ 2.4 ਫ਼ੀਸਦ ਜ਼ਮੀਨ 'ਤੇ ਰਹਿ ਰਹੀ ਹੈ। ਸਮਾਜਿਕ-ਆਰਥਿਕ ਅਤੇ ਵਾਤਾਵਰਨ ਮੁਹਾਜ਼ਾਂ 'ਤੇ ਇਨ੍ਹਾਂ ਗਤੀਸ਼ੀਲ ਤਬਦੀਲੀਆਂ ਨੇ ਭਾਰਤ ਦੇ ਵਿਕਾਸ ਕਰਨ ਦੇ ਆਸਾਰ ਨੂੰ ਨੱਪ ਲਿਆ ਹੈ। ਇਨ੍ਹਾਂ ਤੋਂ ਇਲਾਵਾ ਆਰਥਿਕ ਨੀਤੀਆਂ ਅਤੇ ਕਿਰਤ ਕਾਨੂੰਨਾਂ ਦੇ ਲਿਹਾਜ਼ ਤੋਂ ਢਾਂਚਾਗਤ ਤਬਦੀਲੀਆਂ ਨੇ ਕਾਰਪੋਰੇਟ ਕੰਪਨੀਆਂ ਅਤੇ ਵਿੱਤੀ ਸੰਸਥਾਵਾਂ ਦੇ ਹਿੱਤ ਪੂਰੇ ਹਨ। ਰੁਜ਼ਗਾਰ ਮੰਡੀ ਵਿਚ ਗ਼ਰੀਬਾਂ ਅਤੇ ਨੌਜਵਾਨਾਂ ਨੂੰ ਬਰਾਬਰ ਦੇ ਮੌਕੇ ਨਹੀਂ ਮਿਲਦੇ। ਦੁਨੀਆ ਵਿਚ ਭਾਰਤ ਦੇ ਮਨੁੱਖੀ ਅਤੇ ਵਾਤਾਵਰਨਕ ਸੂਚਕ ਅੰਕ ਅਤੇ ਦਰਜਾਬੰਦੀਆਂ ਬਦ ਤੋਂ ਬਦਤਰ ਹੋ ਰਹੀਆਂ ਹਨ। ਦੇਸ਼ ਦੇ ਸਨਅਤੀ ਅਤੇ ਖੇਤੀਬਾੜੀ ਖੇਤਰ ਉਤਪਾਦਨ ਅਤੇ ਉਤਪਾਦਕਤਾ ਦੇ ਲਿਹਾਜ਼ ਤੋਂ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਕਰਨ ਦੇ ਯੋਗ ਨਹੀਂ ਹਨ।

ਭਾਰਤ ਨੂੰ ਵਿਕਸਤ ਮੁਲਕ 'ਚ ਬਦਲਣ ਦੇ ਅਗਲੇ ਕਦਮਾਂ ਵਜੋਂ ਸਰਕਾਰ ਨੇ ਛੇ ਸੂਤਰੀ ਰਣਨੀਤੀ ਦੀ ਤਜਵੀਜ਼ ਰੱਖੀ ਹੈ- ਢਾਂਚਾਗਤ ਪਰਿਵਰਤਨ, ਬਿਹਤਰ ਮੁਕਾਬਲੇਬਾਜ਼ੀ, ਵਿੱਤੀ ਤੇ ਸਮਾਜਿਕ ਘੇਰੇ 'ਚ ਵਾਧਾ, ਪ੍ਰਸ਼ਾਸਕੀ ਸੁਧਾਰ, ਤਕਨੀਕ ਨਾਲ ਲੈਸ ਦੂਜੀ ਹਰੀ ਕ੍ਰਾਂਤੀ ਅਤੇ ਕਿਰਤ ਸੁਧਾਰ। ਇਨ੍ਹਾਂ ਨੀਤੀਆਂ ਦਾ ਮੰਤਵ ਵਿਕਾਸ ਦੀ ਰਫ਼ਤਾਰ ਤੇਜ਼ ਕਰਨ ਲਈ ਸਾਧਨਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਵੱਖ-ਵੱਖ ਖੇਤਰਾਂ ਦੀ ਉਤਪਾਦਕਤਾ ਵਧਾਉਣਾ ਹੈ ਤਾਂ ਕਿ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ ਤੇ ਗਰੀਬੀ ਘਟਾਈ ਜਾ ਸਕੇ।

ਭਾਰਤ ਦੇ ਇਹ ਟੀਚੇ ਕਈ ਬੁਨਿਆਦੀ ਸਵਾਲ ਖੜ੍ਹੇ ਕਰਦੇ ਹਨ। ਕੀ ਇਸ ਨੀਤੀ 'ਚੋਂ ਭਾਰਤ ਦੇ ਲੋਕਾਂ ਦੀਆਂ ਖ਼ਾਹਸ਼ਾਂ, ਕਦਰਾਂ-ਕੀਮਤਾਂ ਤੇ ਭਾਵਨਾਵਾਂ ਝਲਕਦੀਆਂ ਹਨ? ਕੀ ਪ੍ਰਤੀ ਜੀਅ ਆਮਦਨ ਵਿੱਚ ਵਾਧਾ ਤੇ ਜੀਡੀਪੀ ਹੀ ਅਜਿਹੇ ਦੋ ਸੂਚਕ ਹਨ ਜੋ ਭਾਰਤ ਨੂੰ 2047 ਤੱਕ ਵਿਕਸਤ ਮੁਲਕ ਬਣਾਉਣਗੇ? ਕੁਦਰਤੀ ਸਰੋਤਾਂ ਦੀ ਲੁੱਟ ਦੇ ਮੱਦੇਨਜ਼ਰ ਕੀ ਉੱਚੀ ਵਿਕਾਸ ਦਰ ਵਾਤਾਵਰਨ ਦੇ ਪੱਖ ਤੋਂ ਟਿਕਾਊ ਹੈ? ਕੀ ਵਿਕਾਸ ਦਰ ਦੇ ਉੱਚੇ ਅੰਕੜੇ ਆਮਦਨ ਨੂੰ ਲੋਕਾਂ ਵਿਚਾਲੇ ਵਾਜਬ ਢੰਗ ਨਾਲ ਵੰਡ ਸਕਣਗੇ?

ਇਹ ਸਾਰੇ ਇਕ ਸਵਾਲ ਦਾ ਜਵਾਬ ਮੰਗਦੇ ਹਨ: ਵਿਕਾਸ ਆਖ਼ਰ ਕਿੰਨੀ ਅਤੇ ਕੀਹਦੀ ਕੀਮਤ 'ਤੇ ਹੋਵੇਗਾ? ਕਈ ਮਾਹਿਰਾਂ ਦਾ ਮੰਨਣਾ ਹੈ ਕਿ ਦੇਸ਼ ਦੀ ਵੰਨ-ਸਵੰਨਤਾ, ਸਮਾਜਿਕ, ਆਰਥਿਕ ਤੇ ਕੁਦਰਤੀ ਹਾਲਾਤ ਦੇ ਮੱਦੇਨਜ਼ਰ ਭਾਰਤ ਨੂੰ ਪੱਛਮੀ ਅਰਥਚਾਰਿਆਂ ਜਾਂ ਚੀਨ ਵਾਲੇ ਰਾਹਾਂ 'ਤੇ ਹੀ ਚੱਲਣ ਦੀ ਕਾਹਲੀ ਨਹੀਂ ਕਰਨੀ ਚਾਹੀਦੀ ਬਲਕਿ ਆਪਣੇ ਵਿਕਾਸ ਲਈ ਵੱਖਰਾ ਰਾਹ ਫੜਨਾ ਚਾਹੀਦਾ ਹੈ। ਇਸ ਲਈ 2047 ਤੱਕ 'ਵਿਕਸਤ ਮੁਲਕ' ਦਾ ਦਰਜਾ ਹਾਸਲ ਕਰਨ ਲਈ ਦੇਸ਼ ਨੂੰ ਆਪਣੇ ਵਿਰਾਸਤੀ ਵਡੇਰੇ ਅਰਥਚਾਰੇ ਦੀਆਂ ਸ਼ਕਤੀਆਂ ਤੇ ਕਮਜ਼ੋਰੀਆਂ ਨੂੰ ਪਛਾਨਣਾ ਪਏਗਾ। ਸੁਧਾਰਾਂ ਖ਼ਾਤਰ ਅਤੇ ਟਿਕਾਊ ਤੇ ਵਿਆਪਕ ਤਰੱਕੀ ਲਈ ਸਰਕਾਰ ਨੂੰ ਫ਼ੌਰੀ ਤੌਰ 'ਤੇ ਆਪਣੀਆਂ ਆਰਥਿਕ ਵਿਕਾਸ ਦੀਆਂ ਨੀਤੀਆਂ ਦੀ ਸਮੀਖਿਆ ਦੀ ਲੋੜ ਹੈ। ਵਿਨਾਸ਼ਕਾਰੀ ਅਤੇ ਦੂਰ-ਅੰਦੇਸ਼ੀ ਤੋਂ ਵਿਹੂਣੀਆਂ ਆਰਥਿਕ ਨੀਤੀਆਂ ਕਾਰਨ ਵਧ ਰਹੀਆਂ ਜਲਵਾਯੂ ਤਬਦੀਲੀ ਦੀਆਂ ਘਟਨਾਵਾਂ ਕਾਰਨ ਸੰਸਾਰ ਨਿਰਾਸ਼ਾਜਨਕ ਢੰਗ ਨਾਲ ਸੰਘਰਸ਼ ਕਰ ਰਿਹਾ ਹੈ। ਭਾਰਤ ਵਿੱਚ ਅਜਿਹਾ ਟਿਕਾਊ ਵਿਕਾਸ ਲੋੜੀਂਦਾ ਹੈ ਜਿਸ ਦਾ ਧੁਰਾ ਕੁਦਰਤ ਅਤੇ ਮਨੁੱਖਤਾ ਹੋਣ।

---

ਲਿਖਤ : ਜਗਜੀਤ ਸਿੰਘ ਲੋਹਟਬੱਦੀ,
ਸੰਪਰਕ: 89684-33500

# ਨੰਬਰਾਂ 'ਚ ਕੀ ਰੱਖਿਆ...









ਪੰਜਾਬੀਆਂ ਦੀ ਸ਼ਾਨ ਵੱਖਰੀ ਹੈ ਤੇ ਸ਼ੌਕ ਅਵੱਲੇ ਨੇ। ਇਹ ਲੱਖਾਂ ਦੀ ਭੀੜ ਵਿੱਚੋਂ ਪਛਾਣੇ ਜਾਂਦੇ ਹਨ ਕਿਉਂਕਿ ਇਨ੍ਹਾਂ ਦਾ ਹਰ ਜਗ੍ਹਾ ਆਪਣਾ ਹੀ ਝੰਡਾ ਗੱਡਿਆ ਹੁੰਦਾ ਹੈ। ਅਖੌਤੀ ਪੰਜਾਬੀ ਗਾਇਕਾਂ ਮੁਤਾਬਿਕ ਕਚਹਿਰੀਆਂ 'ਚ ਚੱਲਦੇ ਕੇਸਾਂ ਤੋਂ 'ਸਟੇਟਸ' ਦਾ ਪਤਾ ਲੱਗਦਾ ਹੈ। ਅਸਲਾ ਰੱਖਣਾ ਘਰ ਦਾ ਸ਼ਿੰਗਾਰ ਹੈ, ਕਿਤਾਬ ਟਾਵੇਂ ਟਾਵੇਂ ਘਰਾਂ ਵਿੱਚ ਹੀ ਲੱਭਦੀ ਹੈ। ਪੰਜਾਬੀ ਗੱਭਰੂਆਂ ਨੇ ਦੁੱਧ ਚਿੱਟੇ ਮੁਕਤਸਰੀ ਕੁੜਤੇ ਪਜਾਮੇ ਮਹਿੰਗੇ ਕੀਤੇ ਹੋਏ ਹਨ। ਇਹ ਗੱਭਰੂ ਜਿਹੜੇ ਪਾਸੇ ਉਲਾਰ ਹੁੰਦੇ ਹਨ, ਧੂਹ ਪਾ ਦਿੰਦੇ ਹਨ। ਵੱਡੀਆਂ ਗੱਡੀਆਂ, ਮਹਿੰਗੇ ਪੈਲੇਸ ਸਾਡਾ 'ਟਰੇਡ ਮਾਰਕ' ਬਣਿਆ ਹੋਇਆ ਹੈ। ਆਈਲੈਟਸ ਨਵੀਂ ਸਿੱਖਿਆ ਯੋਗਤਾ ਹੈ ਤੇ ਕੈਨੇਡਾ ਸਾਡਾ 'ਬਾਹਰਲਾ ਘਰ' ਹੈ। ਪੰਜਾਬੀ ਨੰਬਰਾਂ ਨਾਲ ਬੜਾ ਮੋਹ ਕਰਦੇ ਹਨ। ਖੁੰਢਾਂ 'ਤੇ ਬੈਠੇ ਬਾਬੇ ਪੈੜ ਚਾਲ ਦੇਖ ਕੇ 'ਰੈਂਕਿੰਗ' ਕਰ ਧਰਦੇ ਹਨ। ਕੋਈ ਪੜ੍ਹਾਕੂ 'ਸਤਿ ਸ੍ਰੀ ਅਕਾਲ' ਬੁਲਾ ਕੇ ਲੰਘਿਆ ਤਾਂ ਕਹਿਣਗੇ: "ਇੱਕ ਲੰਬਰ ਚੋਬਰ ਆ। ਬਈ ਸਿਆਣੇ ਧੀ-ਪੁੱਤ ਦਾ ਐਥੋਂ ਪਤਾ ਲੱਗਦਾ ਹੈ।" ਨਹੀਂ ਦਾ ਮਸਾਲਾ ਤਿਆਰ ਹੁੰਦੈ, "ਇਹ ਤਾਂ ਸਾਲਾ ਟੱਬਰ ਈ ਦਸ ਨੰਬਰੀਆਂ ਦਾ ਹੈ।" ਥਾਰ ਅਤੇ ਬੁਲੇਟ 'ਤੇ ਤਾਂ ਸਾਡਾ ਜਿਵੇਂ ਪੈਦਾਇਸ਼ੀ ਹੱਕ ਹੀ ਹੋਵੇ। ਲੋਕੀਂ 13 ਨੰਬਰ ਨੂੰ 'ਬਦਕਿਸਮਤੀ' ਵਾਲਾ ਸਮਝਦੇ ਹਨ। ਇਸੇ ਕਰ ਕੇ ਚੰਡੀਗੜ੍ਹ ਵਿੱਚ ਸੈਕਟਰ 13 ਨਹੀਂ ਬਣਾਇਆ ਪਰ ਸਾਡੇ ਆਲੇ ਤਾਂ ਬਾਬੇ ਨਾਨਕ ਦੇ 'ਤੇਰਾਂ ਤੇਰਾਂ' ਦੇ ਸ਼ੁਦਾਈ ਹਨ, ਭਾਵੇਂ ਉਹ ਕਿਸੇ ਵੀ ਮੁੱਲ ਮਿਲ ਜਾਵੇ। ਗੱਡੀਆਂ ਦੇ ਨੰਬਰਾਂ 'ਤੇ ਬੋਲੀ ਦੀ ਅੜੀ-ਭੜੀ ਲੱਗ ਜਾਵੇ ਤਾਂ ਘਰ ਫੂਕ ਕੇ ਤਮਾਸ਼ਾ ਦੇਖਦੇ ਹਨ। ਚੰਡੀਗੜ੍ਹ ਵਿੱਚ ਐਕਟਿਵਾ ਦਾ 1 ਨੰਬਰ ਲੈਣ ਲਈ ਸਾਢੇ ਤਿੰਨ ਲੱਖ ਦੀ ਬੋਲੀ ਲੱਗੀ। 'ਧੇਲੇ ਦੀ ਬੁੜ੍ਹੀ, ਟਕਾ ਸਿਰ ਮੁਨਾਈ।' ਮਿਲਣੀ ਹੈ ਕਿਤੋਂ ਅਜਿਹੀ ਬਹਾਦਰੀ ਦੀ ਮਿਸਾਲ? ਇੱਧਰ ਆਪਣੇ ਹੈਪੀ ਬਾਈ ਨੇ ਕਿਸੇ ਤੋਂ 90 ਨੰਬਰ ਵਾਲਾ ਪੁਰਾਣਾ ਚੇਤਕ ਲੈਣ ਬਦਲੇ ਆਪਣੀ ਨਵੀਂ ਐਕਟਿਵਾ ਦੀ 'ਬਲੀ' ਦੇ ਦਿੱਤੀ। ਕੈਨੇਡਾ ਆ ਕੇ ਪਤਾ ਲੱਗਦਾ ਹੈ ਕਿ ਪੰਜਾਬੀ ਸੁਭਾਅ ਇੱਥੇ ਵੀ ਗੂੜ੍ਹਾ ਹੈ। ਇਨ੍ਹਾਂ ਦੇ ਨੰਬਰਾਂ ਦਾ ਜਨੂੰਨ ਸਿਰ ਚੜ੍ਹ ਕੇ ਬੋਲਦਾ ਹੈ। ਇੱਥੋਂ ਦਾ ਕਾਨੂੰਨ ਆਪਣੀ ਮਰਜ਼ੀ ਦਾ ਨੰਬਰ ਗੱਡੀ 'ਤੇ ਲਾਉਣ ਦੀ ਖੁੱਲ੍ਹ ਦਿੰਦਾ ਹੈ। ਤਾਂ ਹੀ ਤਾਂ ਸਿਮਰ ਗੱਡੀ ਤੇ 'ਸਰਾਂ-90' ਲਿਖਾਈ ਫਿਰਦਾ ਹੈ। ਸੈਂਡੀ ਕਿਹੜਾ ਪਿੱਛੇ ਹੈ। ਉਸ ਨੇ ਕਰੂਜ਼ ਦੀ ਨੰਬਰ ਪਲੇਟ 'ਤੇ 'ਮਾਨਿਤ' ਦਰਜ ਕਰਵਾਇਆ ਹੈ। ਗੱਭਰੂ ਝੱਲੇ ਹੋਏ ਪਏ ਹਨ। ਕਈਆਂ ਨੇ ਨੰਬਰ ਪਲੇਟ ਵਾਲੇ 'ਡਾਲੇ' 'ਤੇ ਗੋਤ ਲਿਖਾਏ ਹੋਏ ਹਨ। 'ਗਿੱਲ ਬਾਈ', 'ਮਝੈਲ', 'ਵਾਰਿਸ-2,' 'ਪੀਬੀ13', 'ਸ਼ੌਕ', 'ਮਲਵਈ', '22 ਵਿਰਕ', 'ਗਰਾਰੀ', 'ਖਾਲਸਾ' ਅਤੇ 'ਅੜਬ' ਆਦਿ ਦੀ ਨੰਬਰ ਪਲੇਟ ਦੇਖਣ ਨੂੰ ਮਿਲਦੀ ਹੈ। ਗੁਜਰਾਤੀਆਂ ਦਾ 'ਗੁੱਜੂ' ਮਨਪਸੰਦੀਦਾ ਹੈ। ਇੱਕ ਪਾਕਿਸਤਾਨੀ ਦੀ ਗੱਡੀ 'ਤੇ ਨੰਬਰ ਪਲੇਟ ਲੱਗੀ ਹੈ 'ਜ਼ੁਲਮੀ'। ਜਦੋਂ ਉਸ ਨੂੰ ਪੁੱਛਿਆ ਕਿ ਇਹ ਕਿਉਂ? ਤਾਂ ਕਹਿੰਦਾ, "ਰੋਹਬ ਜਿਹਾ ਪੈਂਦਾ। ਲੱਗਦੈ ਬੰਦਾ ਬਹੁਤ ਕੱਬਾ ਸੁਭਾਅ ਚੁੱਕੀ ਫਿਰਦੈ!" ਬਾਹਰਲਾ ਬੰਦਾ ਤਾਂ ਐਵੇਂ ਹੀ ਬੌਂਦਲ ਜਿਹਾ ਜਾਂਦਾ, ਜਦੋਂ ਕਈ 'ਖ਼ਤਰਨਾਕ' ਜਿਹੇ ਨੰਬਰ ਦੇਖਣ ਨੂੰ ਮਿਲਦੇ ਹਨ। ਜਿਵੇਂ 'ਪਿਸਟਲ', 'ਬੰਦੂਕ', '32 ਬੋਰ', 'ਅਸਲਾ' ਵਗੈਰਾ! ਇਉਂ ਲੱਗਦੈ, ਜਿਵੇਂ ਪੰਜਾਬੀ ਗਾਇਕਾਂ ਦੀ ਰੂਹ ਕੈਨੇਡਾ ਵਿੱਚ ਵੱਸਦੀ ਹੋਵੇ!



# ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ

ਲੇਖਕ : ਡਾ. ਜਗਮੇਲ ਸਿੰਘ ਭਾਠੂਆਂ, ਸੰਪਰਕ 98713-12541

ਸਿੱਖ ਧਰਮ ਵਿਚਲੇ ਜੀਵਨ ਦੇ ਉਦੇਸ਼ ਅਤੇ ਗੁਰਬਾਣੀ ਦੇ ਡੂੰਘੇ ਰਹੱਸ ਦੀ ਵਿਆਖਿਆ ਲਈ ਅਨੇਕ ਵਿਦਵਾਨ ਅਤੇ ਵਿਆਖਿਆਕਾਰ ਹੋਏ ਹਨ, ਪਰ ਭਾਈ ਗੁਰਦਾਸ ਜੀ ਤੋਂ ਬਾਅਦ ਸਿੱਖ ਵਿਆਖਿਆਕਾਰਾਂ ਅਤੇ ਵਿਦਵਾਨਾਂ ਦੀ ਜੇਕਰ ਸੂਚੀ ਬਣਾ ਲਈ ਜਾਵੇ ਤਾਂ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ (ਮਹਾਨਕੋਸ਼) ਦੇ ਕਰਤਾ ਲਈ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਅਸਮਾਨ ਵਿਚਲੇ ਤਾਰਿਆਂ ਵਿਚ ਚੰਦਰਮਾ ਦੀ ਤਰ੍ਹਾਂ ਸਭ ਤੋਂ ਉੱਪਰ ਆਉਂਦਾ ਹੈ। ਉਹ ਅਪਣੇ ਸਮੇਂ (1861-1938) ਦੀਆਂ ਸ਼੍ਰੋਮਣੀ ਸ਼ਖ਼ਸੀਅਤਾਂ ਵਿਚੋਂ ਪ੍ਰਮੁੱਖ ਸਨ। ਉਨ੍ਹਾਂ ਦਾ ਜੱਦੀ ਪਿੰਡ ਪਿਥੋ (ਜ਼ਿਲ੍ਹਾ ਬਠਿੰਡਾ) ਦੇ ਸਨ।

30 ਅਗੱਸਤ 1861 ਨੂੰ ਪਿੰਡ ਬਨੇਰਾ ਖੁਰਦ ਰਿਆਸਤ ਪਟਿਆਲਾ ਮਾਤਾ ਹਰਿ ਕੌਰ ਅਤੇ ਪਿਤਾ ਨਾਰਾਇਣ ਸਿੰਘ ਜੀ ਦੇ ਗ੍ਰਹਿ ਵਿਖੇ ਪੈਦਾ ਹੋਏ, ਇਸ ਚਾਨਣ ਮੁਨਾਰੇ ਦੀ ਖ਼ਾਨਦਾਨੀ ਪਰੰਪਰਾ ਮਹਾਰਾਜਾ ਰਣਜੀਤ ਸਿੰਘ ਦੇ ਮੁਸਾਹਿਬ ਬਾਬਾ ਨੌਧ ਸਿੰਘ ਜੀ ਨਾਲ ਜਾ ਮਿਲਦੀ ਹੈ। ਆਪ ਦੇ ਪਿਤਾ ਬਾਬਾ ਨਾਰਾਇਣ ਸਿੰਘ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸਾਰਾ ਪਾਠ ਕੰਠ ਸੀ। ਤਿੰਨ ਵਾਰ ਆਪ ਨੇ ਇਕੱਲਿਆਂ ਬੈਠ ਕੇ 'ਅਤਿ ਅਖੰਡ' ਪਾਠ ਕੀਤਾ। ਇਕ ਵਾਰ ਇਕ ਪਾਠ ਮਹਾਰਾਜਾ ਹੀਰਾ ਸਿੰਘ (ਨਾਭਾ ਰਿਆਸਤ) ਨੇ ਪ੍ਰੇਮ ਭਾਵ ਨਾਲ ਸੁਣਿਆ।

ਪਾਠ ਦੇ ਭੋਗ ਉਪਰੰਤ ਜਦੋਂ ਬਾਬਾ ਜੀ ਪਾਲਕੀ ਵਿਚ ਬੈਠ ਡੇਰੇ ਜਾਣ ਲੱਗੇ ਤਾਂ ਮਹਾਰਾਜਾ ਹੀਰਾ ਸਿੰਘ ਨੇ ਪਾਲਕੀ ਦੇ ਇਕ ਕਹਾਰ ਨੂੰ ਹਟਾ ਕੇ ਅਪਣੇ ਮੋਢੇ ਉੱਤੇ ਪਾਲਕੀ ਉਠਾਈ, ਜਿਸ ਤੇ ਮਹਾਰਾਜੇ ਦੇ ਦਿਲ ਵਿਚ ਬਾਬਾ ਜੀ ਲਈ ਅਥਾਹ ਸ਼ਰਧਾ ਦਾ ਪਤਾ ਲਗਦਾ ਹੈ। ਭਾਈ ਕਾਨ੍ਹ ਸਿੰਘ ਦਾ ਨਾਭਾ ਦਾ ਵਿਆਹ ਪਿੰਡ ਰਾਮਗੜ੍ਹ ਰਿਆਸਤ ਪਟਿਆਲਾ ਵਿਚ ਹਰਦਮ ਸਿੰਘ ਦੀ ਸਪੁੱਤਰੀ ਬੀਬੀ ਬਸੰਤ ਕੌਰ ਨਾਲ ਹੋਇਆ। ਇਨ੍ਹਾਂ ਦੀ ਕੁੱਖੋਂ ਆਪ ਦੇ ਇਕਲੌਤੇ ਸਪੁੱਤਰ ਸਵਰਗੀ ਭਾਈ ਭਗਵੰਤ ਸਿੰਘ (ਹਰੀ ਜੀ) ਦਾ ਜਨਮ 1892 ਵਿਚ ਹੋਇਆ।

ਸਾਹਿਤਕ ਦ੍ਰਿਸ਼ਟੀ ਤੋਂ ਉਹ ਇਕ ਦੇਸ਼ਭਗਤ ਸਨ। ਉਨ੍ਹਾਂ ਦੇ ਵਿਚਾਰਾਂ 'ਤੇ ਭਾਰਤੀ ਪਰੰਪਰਾ ਅਤੇ ਆਧੁਨਿਕਤਾ ਦਾ ਪ੍ਰਭਾਵ ਇਕ ਸਮਾਨ ਸੀ। ਆਪ ਨੇ ਵਿਅਕਤੀਗਤ ਪੱਧਰ ਉੱਤੇ ਐਨਾ ਕਾਰਜ ਕੀਤਾ ਹੈ ਜਿੰਨਾ ਕਿ ਕਿਸੇ ਸੰਸਥਾ ਵਲੋਂ ਕੀਤਾ ਗਿਆ ਹੁੰਦਾ ਹੈ। ਉਹ ਪੰਜਾਬੀ ਦੇ ਪ੍ਰਤਿਭਾਵਾਨ ਅਤੇ ਸ੍ਰੇਸ਼ਟ ਸਾਹਿਤਕਾਰ, ਗੁਰਮਤਿ ਖੋਜੀ, ਵਿਦਵਾਨ ਵਿਆਖਿਆਕਾਰ, ਵਿਗਿਆਨਕ ਕੋਸ਼ਕਾਰ, ਟੀਕਾਕਾਰ, ਭਾਸ਼ਾ ਵਿਗਿਆਨੀ, ਕਾਵਿ ਅਚਾਰੀਆ ਤੇ ਸੁਚੱਜੇ ਸੰਪਾਦਕ ਸਨ। ਭਾਈ ਭੂਪ ਸਿੰਘ, ਭਾਈ ਭਗਵਾਨ ਸਿੰਘ ਦੁੱਗ, ਜਵਾਹਰ ਸਿੰਘ ਤੇ ਬਾਵਾ ਕਲਿਆਣ ਦਾਸ ਵਰਗੇ ਪ੍ਰਸਿੱਧ ਵਿਦਵਾਨਾਂ ਪਾਸੋਂ ਸੰਸਕ੍ਰਿਤ, ਫਾਰਸੀ,

ਗੁਰਮਤ ਕਾਵਯ, ਇਤਿਹਾਸ, ਨਿਆਏ ਤੇ ਵੇਦਾਂਤ ਦੀ ਸਿਖਿਆ ਗ੍ਰਹਿਣ ਕੀਤੀ। ਉਹ ਸ਼ਿਕਾਰ ਦੇ ਸ਼ੌਕੀਨ ਤੇ ਸੰਗੀਤ ਪ੍ਰੇਮੀ ਵੀ ਸਨ। ਨਾਭੇ ਦੇ ਪ੍ਰਸਿੱਧ ਸੰਗੀਤਾਚਾਰਯ ਮਹੰਤ ਗੱਜਾ ਸਿੰਘ ਪਾਸੋਂ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ।ਭਾਈ ਸਾਹਿਬ ਨੇ ਨਾਭਾ ਰਿਆਸਤ ਦੀ 1886-1923 ਤਕ ਵੱਖ-ਵੱਖ ਅਹੁਦਿਆਂ 'ਤੇ ਸੇਵਾ ਕੀਤੀ, ਜਿਵੇਂ ਕਿ ਪ੍ਰਾਈਵੇਟ ਸਕੱਤਰ, ਸਿਟੀ ਮੈਜਿਸਟਰੇਟ, ਨਹਿਰ-ਨਾਜ਼ਮ, ਨਾਜ਼ਮ (ਡਿਪਟੀ ਕਮਿਸ਼ਨਰ), ਮੀਰ-ਮੁਨਸ਼ੀ, ਫ਼ਾਰਨ ਮਨਿਸਟਰ, ਹਾਈ ਕੋਰਟ ਦੇ ਜੱਜ ਅਤੇ ਜੁਡੀਸ਼ਲ ਕੌਂਸਲ ਦੇ ਮੈਂਬਰ ਆਦਿ। ਪਟਿਆਲਾ ਰਿਆਸਤ ਦੀ ਪੋਲੀਟੀਕਲ ਏਜੰਸੀ ਦੇ ਵਕਾਲਤ ਦੇ ਅਹੁਦੇ 'ਤੇ 1915-1917 ਤਕ ਕੰਮ ਕੀਤਾ। ਪ੍ਰਸਿੱਧ ਵਿਦਵਾਨ ਮਿਸਟਰ ਮੈਕਾਲਿਫ਼ (ਇੰਗਲੈਂਡ), ਮਹਾਰਾਜਾ ਰਿਪੁਦਮਨ ਸਿੰਘ (ਨਾਭਾ ਰਿਆਸਤ) ਅਤੇ ਉਨ੍ਹਾਂ ਦੀ ਮਹਾਰਾਣੀ ਸਰੋਜਨੀ ਦੇਵੀ ਭਾਈ ਸਾਹਿਬ ਦੇ ਪ੍ਰਮੁੱਖ ਸ਼ਿਸ਼ ਸਨ।

ਭਾਈ ਸਾਹਿਬ ਪੁਰਾਤਨ ਵਿਸ਼ਿਆਂ ਦੇ ਪੁੰਜ ਹੁੰਦੇ ਹੋਏ ਵੀ ਆਧੁਨਿਕ ਯੁਗ ਦੇ ਵਸਨੀਕ ਸਨ ਅਤੇ ਵਿਦਿਆ ਦੇ ਆਧੁਨਿਕ ਮਾਪਾਂ ਤੇ ਮਿਆਰਾਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਉਨ੍ਹਾਂ ਦੀਆਂ ਪ੍ਰਕਾਸ਼ਤ/ਅਪ੍ਰਕਾਸ਼ਤ ਰਚਨਾਵਾਂ ਦੀ ਗਿਣਤੀ ਦੋ ਦਰਜਨ ਤੋਂ ਉਪਰ ਬਣਦੀ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਲੇਖਕ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕੋਈ ਵਿਸ਼ੇਸ਼ ਥਾਂ ਨਹੀਂ ਦਿਤੀ ਗਈ ਅਤੇ ਸਾਹਿਤ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪੂਰੀਆਂ ਲਿਖਤਾਂ ਦੇ ਨਾਂ ਤਕ ਵੀ ਪਤਾ ਨਹੀਂ। ਪੰਜਾਬ ਦੇ ਹੁਣ ਤਕ ਦੇ ਪ੍ਰਵਾਨਤ ਵਿਦਵਾਨ ਵੀ ਭਾਈ ਸਾਹਿਬ ਦੀ ਸਮੁੱਚੀ ਸਾਹਿਤਕ ਦੇਣ ਦੇ ਅਧਿਐਨ ਵਲ ਬਹੁਤਾ ਧਿਆਨ ਨਹੀਂ ਦੇ ਸਕੇ।

ਭਾਈ ਸਾਹਿਬ ਨੇ ਪਹਿਲਾਂ ਪਰੰਪਰਾਵਾਦੀ ਰਿਵਾਜ ਦੇ ਅਨੁਸਾਰ ਬ੍ਰਜੀ ਅਤੇ ਦੇਵਨਾਗਰੀ ਭਾਸ਼ਾ ਦੇ ਅਸਰ ਅਧੀਨ ਉਂਨ੍ਹੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ 'ਰਾਜ ਧਰਮ', 'ਟੀਕਾ ਜੈਮਨੀ ਅਸ਼ਵੇਧ' ਤੇ 'ਨਾਟਕ ਭਾਵਾਰਥ ਦੀਪਕਾ' ਆਦਿ ਪੁਸਤਕਾਂ ਦੇ ਰੂਪ ਵਿਚ ਸਾਹਿਤਕ ਰਚਨਾ ਅਰੰਭੀ। ਗੁਰਮਤਿ ਪ੍ਰਚਾਰ ਹਿਤ ਸਿੰਘ ਸਭਾ ਲਹਿਰ ਦੇ ਅਸਰ ਅਧੀਨ 'ਹਮ ਹਿੰਦੂ ਨਹੀਂ', 'ਗੁਰਮਤ ਸੁਧਾਕਰ', 'ਗੁਰਮਤ ਪ੍ਰਭਾਕਰ', 'ਗੁਰੁ-ਗਿਰ੍ਰਾ ਕਸੌਟੀ' ਅਤੇ ਗੁਰਬਾਣੀ ਦਾ ਸਾਹਿਤਕ ਪੱਖ ਰੋਸ਼ਨ ਕਰਨ ਲਈ 'ਗੁਰਛੰਦ ਦਿਵਾਕਰ' ਤੇ 'ਗੁਰਸ਼ਬਦਾਲੰਕਾਰ' ਪੁਸਤਕਾਂ ਦੀ ਰਚਨਾ ਕਰ ਕੇ ਛੰਦ-ਸ਼ਾਸਤਰੀ ਅਤੇ ਅਲੰਕਾਰ ਸ਼ਾਸਤਰੀ ਹੋਣ ਦਾ ਗੌਰਵਮਈ ਸਬੂਤ ਦਿਤਾ।

'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਸਿੱਖ ਸੰਸਾਰ ਦਾ ਇਕ ਪ੍ਰਕਾਰ ਦਾ ਵਿਸ਼ਵ ਕੋਸ਼ ਅਥਵਾ ਇਨਸਾਈਕਲੋਪੀਡੀਆ ਭਾਈ ਸਾਹਿਬ ਦੀ ਪੂਰੀ ਜ਼ਿੰਦਗੀ ਦੀ ਮਿਹਨਤ ਦਾ ਸਿੱਟਾ ਕਿਹਾ ਜਾ ਸਕਦਾ ਹੈ, ਜਿਸ ਨੂੰ ਹਿਜ਼ ਹਾਈਨੈਸ ਮਹਾਰਾਜਾ ਭੁਪਿੰਦਰ ਸਿੰਘ ਰਿਆਸਤ ਪਟਿਆਲਾ ਨੇ ਦਰਬਾਰ ਪਟਿਆਲਾ ਵਲੋਂ 1930 ਵਿਚ ਪ੍ਰਕਾਸ਼ਤ ਕਰਵਾਇਆ। ਇਹ ਸਿਰਫ਼ ਗੁਰਬਾਣੀ ਅਤੇ ਸਿਖ ਧਰਮ ਤਕ ਹੀ ਸੀਮਤ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਨੂੰ ਸਮਝਣ ਲਈ ਵੀ ਇਕ ਅਨੁਪਮ ਗ੍ਰੰਥ ਹੈ। ਕੋਸ਼ਕਾਰੀ ਦੇ ਖੇਤਰ ਵਿਚ ਭਾਈ ਸਾਹਿਬ ਨੂੰ ਪੱਥ-ਪ੍ਰਦਰਸ਼ਕ ਵੀ ਮੰਨਿਆ ਜਾ ਸਕਦਾ ਹੈ ਅਤੇ ਆਦਰਸ਼ ਵੀ।

ਜਿਵੇਂ ਜੌਹਨਸਨ ਨੇ ਅੰਗਰੇਜ਼ੀ ਡਿਕਸ਼ਨਰੀ ਨੂੰ ਸਥਾਪਤ ਕੀਤਾ, ਉਵੇਂ ਭਾਈ ਕਾਨ੍ਹ ਸਿੰਘ ਨੇ ਸਿੱਖ ਮਹਾਨ ਕੋਸ਼ ਨੂੰ ਸਥਾਪਤ ਕਰ ਕੇ ਸਿੱਖਾਂ ਅਤੇ ਪੰਜਾਬੀਆਂ ਨੂੰ, ਦੁਨੀਆਂ ਭਰ ਵਿਚ ਪਹਿਲੇ ਨੰਬਰ 'ਤੇ ਖੜਾ ਕਰ ਦਿਤਾ ਕਿਉਂ ਜੋ ਦੁਨੀਆਂ ਭਰ ਦੀਆਂ ਡਿਕਸ਼ਨਰੀਆਂ ਵਿਚ ਮਹਾਨਕੋਸ਼ ਦੀ ਗਿਣਤੀ ਬਾਰ੍ਹਵੇਂ ਨੰਬਰ 'ਤੇ ਆਉਂਦੀ ਹੈ।

ਪ੍ਰਸਿੱਧ ਵਿਦਵਾਨ ਮਿਸਟਰ ਮੈਕਾਲਫ਼ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਸਿੱਖ ਰਿਲੀਜਨ' ਨੂੰ ਸੰਪੂਰਨ ਕਰਨ ਲਈ ਭਾਈ ਸਾਹਿਬ ਨੇ ਨਿਰੰਤਰ ਪ੍ਰੇਰਨਾ ਅਤੇ ਨਿਸ਼ਕਾਮ ਸੇਵਾ ਪ੍ਰਦਾਨ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਵਿਚ ਅਤੇ ਉਸ ਨੂੰ ਪੱਕੇ ਪੈਰੀਂ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਰਾਜਨੀਤੀ ਦੇ ਖੇਤਰ ਵਿਚ ਆਪ ਦੀ ਯੋਗਤਾ ਨੂੰ ਮੁੱਖ ਰਖਦੇ ਹੋਏ ਮਹਾਰਾਜਾ ਹੀਰਾ ਸਿੰਘ ਨੇ ਆਪ ਦਾ 'ਉਪਨਾਮ' ਨੀਤੀ ਜੀ ਰਖਿਆ ਹੋਇਆ ਸੀ। ਆਪ ਨੂੰ ਸਰਬਪੱਖੀ ਵਿਦਵਤਾ ਅਤੇ ਸਰਬਾਂਗੀ ਸ਼ਖ਼ਸੀਅਤ ਕਰ ਕੇ ਸਿੱਖ ਕੌਮ ਵਿਚ 'ਭਾਈ ਸਾਹਿਬ', ਪੰਥ ਰਤਨ ਅਤੇ ਸਰਦਾਰ ਬਹਾਦਰ ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ। ਭਾਈ ਸਾਹਿਬ ਦੇ ਘਰਾਣੇ ਵਿਚੋਂ ਉਨ੍ਹਾਂ ਦੇ ਪੁੱਤਰ ਭਗਵੰਤ ਸਿੰਘ (ਹਰੀ ਜੀ), ਭਾਈ ਸਾਹਿਬ ਦੀ ਨੂੰਹ ਬੀਬੀ ਹਰਨਾਮ ਕੌਰ ਅਤੇ ਪੋਤ ਨੂੰਹ ਡਾ. ਰਛਪਾਲ ਕੌਰ ਨੇ ਵੀ ਅਪਣੀਆਂ ਸੇਵਾਵਾਂ ਦੁਆਰਾ ਪੰਜਾਬੀ ਸਾਹਿਤ ਭੰਡਾਰ ਵਿਚ ਵਡਮੁੱਲਾ ਯੋਗਦਾਨ ਪਾਇਆ।

ਨਾਭੇ ਦੇ ਇਸ ਵਿਦਵਾਨ ਘਰਾਣੇ ਵਿਚੋਂ ਹੀ ਹੁਣ ਅੱਗੇ ਭਾਈ ਸਾਹਿਬ ਦੇ ਪੜਪੋਤੇ ਮੇਜਰ ਆਦਰਸ਼ਪਾਲ ਸਿੰਘ ਅਤੇ ਮੇਜਰ ਸਾਹਿਬ ਦੀ ਹੋਣਹਾਰ ਸਪੁੱਤਰੀ ਬੀਬੀ ਰੁਪਿਕਾ ਵੀ ਸਾਹਿਤਕ ਰੁਚੀਆਂ ਦੇ ਧਾਰਨੀ ਹਨ। ਭਾਈ ਸਾਹਿਬ ਦੀ ਦ੍ਰਿਸ਼ਟੀ ਵਿਸ਼ਵਵਿਆਪੀ, ਆਦਰਸ਼ਵਾਦੀ ਅਤੇ ਵਿਗਿਆਨਕ ਹੈ। ਸੁਧਾਰਵਾਦੀ ਰੁਚੀ ਅਧੀਨ ਆਪ ਦਾ ਮੁੱਖ ਮੰਤਵ ਭਾਰਤੀ ਲੋਕਾਂ ਦਾ ਉਥਾਨ, ਸੁਧਾਰ ਅਤੇ ਕਲਿਆਣ ਕਰਨਾ ਸੀ। ਉਨ੍ਹਾਂ ਵਲੋਂ ਰਚਿਆ ਸਾਹਿਤ ਸਦੀਆਂ ਤਕ ਮਾਰਗ ਦਰਸ਼ਨ ਕਰਨ ਦੀ ਸਮਰਥਾ ਰਖਦਾ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANARY
ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।
408-8318-120 ਸਟਰੀਟ ਸਰੀ ਬੀ.ਸੀ.
ਫੋਨ : 604-594-0616, ਫੈਕਸ : 604 594 0611
ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਅਤੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ। ਕੰਮ ਲਗਾਤਾਰ ਦੋ ਸ਼ਿਫ਼ਟਾਂ ਵਿੱਚ ਚੱਲ ਰਿਹਾ ਹੈ।
ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ। ਯੋਗ ਸਟੂਡੈਂਟ ਵੀ ਸੰਪਰਕ ਸਕਦੇ ਹਨ।
ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਸੰਪਰਕ ਕਰੋ : 604-594-0616

# ਆਮਦਨ ਨਾ-ਬਰਾਬਰੀ ਵਿਕਾਸ ਦੇ ਰਾਹ ਦਾ ਰੋੜਾ

ਲੇਖਕ : ਡਾ. ਸ. ਸ. ਛੀਨਾ

ਜਿੰਨਾ ਚਿਰ ਭਾਰਤ ਵਿਚ ਆਮਦਨ ਨਾ-ਬਰਾਬਰੀ ਰਹੇਗੀ, ਓਨਾ ਚਿਰ ਲਗਾਤਾਰ ਚੱਲਣ ਵਾਲਾ ਵਿਕਾਸ ਨਹੀਂ ਹੋ ਸਕਦਾ। ਹੁਣੇ ਆਈ ਰਿਪੋਰਟ ਅਨੁਸਾਰ, ਇਹ ਨਾ-ਬਰਾਬਰੀ ਇਸ ਹੱਦ ਤੱਕ ਵਧ ਗਈ ਹੈ ਕਿ ਉਪਰਲੀ ਇਕ ਫੀਸਦੀ ਆਬਾਦੀ ਕੋਲ ਕੁੱਲ ਆਮਦਨ ਦਾ 40.1 ਫੀਸਦੀ ਹਿੱਸਾ ਹੈ; ਭਾਵੇਂ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਦੇਸ਼ ਵਿਚ ਸਮਾਜਵਾਦੀ ਸਮਾਜ ਬਣਾਉਣ ਦੀ ਗੱਲ ਕੀਤੀ ਗਈ ਹੈ। ਸਮਾਜਵਾਦੀ ਸਮਾਜ ਦਾ ਅਰਥ ਹੈ, ਆਮਦਨ ਬਰਾਬਰੀ ਪੈਦਾ ਕਰਨੀ। ਆਮਦਨ ਨਾ-ਬਰਾਬਰੀ ਬਾਲ ਮਜ਼ਦੂਰੀ, ਸ਼ੋਸ਼ਣ ਵਰਗੀਆਂ ਸਮਾਜਿਕ ਬੁਰਾਈਆਂ ਹੀ ਨਹੀਂ ਪੈਦਾ ਕਰਦੀ ਸਗੋਂ ਦੇਸ਼ ਦੇ ਵਿਕਾਸ ਤੇ ਖੁਸ਼ਹਾਲੀ ਦੀ ਸਭ ਤੋਂ ਵੱਡੀ ਰੁਕਾਵਟ ਹੈ। ਭਾਰਤ ਵਿਚ ਪ੍ਰਤੀ ਜੀਅ ਆਮਦਨ 87000 ਰੁਪਏ ਹੈ ਪਰ ਉੱਪਰ ਦੀ ਆਮਦਨ ਵਾਲੀ 10 ਫੀਸਦੀ ਵਸੋਂ ਦੀ ਪ੍ਰਤੀ ਜੀਅ ਆਮਦਨ 11.67 ਲੱਖ ਰੁਪਏ ਹੈ; ਇਸੇ ਤਰ੍ਹਾਂ ਹੇਠਾਂ ਦੀ 10 ਫੀਸਦੀ ਵਸੋਂ ਦੀ ਪ੍ਰਤੀ ਜੀਅ ਆਮਦਨ 53000 ਰੁਪਏ ਹੈ। ਇਉਂ ਉੱਪਰ ਦੀ ਆਮਦਨ ਹੇਠਾਂ ਦੀ ਆਮਦਨ ਵਾਲੇ ਗਰੁੱਪ ਤੋਂ 20 ਗੁਣਾ ਜ਼ਿਆਦਾ ਹੈ। ਇਹ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ; 1991 ਤੋਂ ਬਾਅਦ ਇਸ ਵਿਚ ਵੱਡਾ ਵਾਧਾ ਹੋਇਆ ਹੈ।

ਦੇਸ਼ ਦੀ ਆਜ਼ਾਦੀ ਪਿੱਛੋਂ ਸਮਾਜਵਾਦੀ ਨੀਤੀਆਂ ਅਪਨਾਉਣ ਕਰ ਕੇ ਇਸ ਨਾ-ਬਰਾਬਰੀ ਵਿਚ ਕੁਝ ਫਰਕ ਪਿਆ। 1940 ਵਿਚ ਉੱਪਰ ਦੀ ਆਮਦਨ ਵਾਲੇ 10 ਫੀਸਦੀ ਲੋਕਾਂ ਕੋਲ ਕੁੱਲ ਆਮਦਨ ਦਾ 50 ਫੀਸਦੀ ਹਿੱਸਾ ਸੀ ਜਿਹੜਾ 1980 ਵਿਚ ਘਟ ਕੇ 30 ਫੀਸਦੀ ਹੋ ਗਿਆ। ਇਸੇ ਸਮੇਂ ਦੌਰਾਨ ਹੇਠਾਂ ਵਾਲੀ ਆਮਦਨ ਦੇ 50 ਫੀਸਦੀ ਲੋਕਾਂ ਕੋਲ 20 ਫੀਸਦੀ ਹਿੱਸਾ ਸੀ ਜਿਹੜਾ ਵਧ ਕੇ 30 ਫੀਸਦੀ ਹੋ ਗਿਆ। ਜੇ ਇਹ ਰੁਝਾਨ ਇਵੇਂ ਹੀ ਰਹਿੰਦਾ ਤਾਂ ਤਸੱਲੀਬਖ਼ਸ਼ ਸਿੱਟੇ ਨਿਕਲ ਸਕਦੇ ਸਨ ਪਰ 1991 ਵਿਚ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਵਾਲੀਆਂ ਨੀਤੀਆਂ ਨਾਲ ਇਸ ਨਾ-ਬਰਾਬਰੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਵੀਹਵੀਂ ਸਦੀ ਦੇ ਅੰਤ ਤੱਕ ਉੱਪਰ ਦੀ ਆਮਦਨ ਦੇ 10 ਫੀਸਦੀ ਵਰਗ ਦੀ ਆਮਦਨ ਦਾ ਹਿੱਸਾ ਵਧ ਕੇ 57 ਫੀਸਦੀ ਹੋ ਗਿਆ; ਇੱਥੋਂ ਤੱਕ ਕਿ ਉੱਪਰ ਵਾਲੀ ਸਿਰਫ਼ ਇਕ ਫੀਸਦੀ ਵਸੋਂ ਕੋਲ ਕੁੱਲ ਆਮਦਨ ਦਾ 22 ਫੀਸਦੀ ਹਿੱਸਾ ਹੋ ਗਿਆ। ਹੇਠਾਂ ਵਾਲੀ ਆਮਦਨ ਦੇ 50 ਫੀਸਦੀ ਹਿੱਸੇ ਦੀ ਆਮਦਨ 13 ਫੀਸਦੀ ਹੋ ਗਈ।

ਬੇਰੁਜ਼ਗਾਰੀ ਦੇ ਭਾਵੇਂ ਹੋਰ ਵੀ ਕਈ ਕਾਰਨ ਹਨ ਪਰ ਆਮਦਨ ਨਾ-ਬਰਾਬਰੀ ਇਸ ਦਾ ਸਭ ਤੋਂ ਵੱਡਾ ਕਾਰਨ ਹੈ। ਮੋਨੀਟਰਿੰਗ ਸੈਂਟਰ ਆਫ ਇੰਡੀਅਨ ਇਕੋਨੋਮੀ ਅਨੁਸਾਰ, 2021 ਵਿਚ ਬੇਰੁਜ਼ਗਾਰੀ ਦਰ 7.9 ਫੀਸਦੀ ਸੀ ਜੋ ਪਿਛਲੇ ਸਮੇਂ ਵਿਚ ਸਭ ਤੋਂ ਜ਼ਿਆਦਾ ਸੀ। ਇਹ ਸ਼ਹਿਰੀ ਖੇਤਰਾਂ ਵਿਚ 9.3 ਅਤੇ ਪੇਂਡੂ ਖੇਤਰ ਵਿਚ 7.3 ਫੀਸਦੀ ਸੀ। ਕੌਮਾਂਤਰੀ ਕਿਰਤ ਸੰਸਥਾ (ਆਈਐੱਲਓ) ਅਤੇ ਇੰਸਟੀਚਿਊਟ ਆਫ ਡਿਵੈਲਪਮੈਂਟ (ਨਵੀਂ ਦਿੱਲੀ) ਦੀ ਰਿਪੋਰਟ ਅਨੁਸਾਰ, 2022 ਵਿਚ ਜਵਾਨ ਮਰਦਾਂ



ਵਿਚ ਜਿਹੜੀ ਬੇਰੁਜ਼ਗਾਰੀ ਸਾਲ 2000 ਵਿਚ 6.2 ਫੀਸਦੀ ਸੀ, ਉਹ 2022 ਵਿਚ 12.6 ਫੀਸਦੀ ਹੋ ਗਈ। ਔਰਤਾਂ ਦੀ ਬੇਰੁਜ਼ਗਾਰੀ ਜਿਹੜੀ ਸਾਲ 2000 ਵਿਚ 4.4 ਫੀਸਦੀ ਸੀ, 2022 ਵਿਚ ਵਧ ਕੇ 11.8 ਫੀਸਦੀ ਹੋ ਗਈ। ਇਸੇ ਤਰ੍ਹਾਂ ਕੁਲ ਬੇਰੁਜ਼ਗਾਰੀ ਜਿਹੜੀ ਸਾਲ 2000 ਵਿਚ 5.7 ਫੀਸਦੀ ਸੀ, 2022 ਵਿਚ 12.4 ਫੀਸਦੀ ਹੋ ਗਈ।

ਇਸ ਦਾ ਅਰਥ ਹੈ ਕਿ ਜਿਵੇਂ-ਜਿਵੇਂ ਆਰਥਿਕ ਨਾ-ਬਰਾਬਰੀ ਵਧ ਰਹੀ ਹੈ, ਉਸੇ ਹਿਸਾਬ ਨਾਲ ਆਮਦਨ ਨਾ-ਬਰਾਬਰੀ ਵਧ ਗਈ ਹੈ। ਇਸ ਵਕਤ ਭਾਰਤ ਭਾਵੇਂ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਬਣ ਗਿਆ ਹੈ ਅਤੇ ਇੰਗਲੈਂਡ ਤੇ ਹੋਰ ਵਿਕਸਤ ਦੇਸ਼ਾਂ ਨੂੰ ਪਿਛਾੜ ਕੇ ਦੁਨੀਆ ਦੀ ਪੰਜਵੀਂ ਵੱਡੀ ਆਰਥਿਕਤਾ ਬਣ ਗਿਆ ਹੈ (ਛੇਤੀ ਹੀ ਤੀਜੀ ਵੱਡੀ ਆਰਥਿਕਤਾ ਵਾਲਾ ਦੇਸ਼ ਵੀ ਬਣ ਜਾਵੇਗਾ) ਪਰ ਇਹ ਵਿਕਾਸ ਉਪਰਲੇ ਵਰਗ ਦਾ ਹੀ ਹੋ ਰਿਹਾ ਹੈ, ਵਿਕਾਸ ਆਮ ਬੰਦੇ ਤੱਕ ਨਹੀਂ ਪਹੁੰਚ ਰਿਹਾ। ਨਵੇਂ ਵਿਕਾਸ ਵਿਚ ਕਿਰਤੀਆਂ ਦੀ ਜਗ੍ਹਾ ਆਟੋਮੇਸ਼ਨ, ਰਿਮੋਟ ਕੰਟਰੋਲ ਅਤੇ ਵੱਡੀਆਂ ਆਟੋਮੈਟਿਕ ਮਸ਼ੀਨਾਂ ਦੀ ਪੂੰਜੀ ਲਾਈ ਜਾ ਰਹੀ ਹੈ, ਕਿਰਤੀਆਂ ਨੂੰ ਵਿਹਲੇ ਕੀਤਾ ਜਾ ਰਿਹਾ ਹੈ, ਲਗਾਤਾਰ ਤੇ ਪੱਕੇ ਕਿਰਤੀਆਂ ਦੀ ਜਗ੍ਹਾ ਠੇਕੇ 'ਤੇ ਭਰਤੀ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਮਹੀਨੇ ਵਿਚ ਕਈ-ਕਈ ਦਿਨ ਵਿਹਲੇ ਰਹਿਣਾ ਪੈਂਦਾ ਹੈ।

ਉੱਪਰਲੇ ਵਰਗ ਕੋਲ ਇੰਨੀ ਆਮਦਨ ਹੈ ਕਿ ਉਹ ਥੋੜ੍ਹੀ ਜਿਹੀ ਆਮਦਨ ਨਾਲ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਲੈਂਦੇ ਹਨ। ਇਉਂ ਬਾਕੀ ਬਚਤ ਜਮ੍ਹਾਂ ਰਹਿੰਦੀ ਹੈ। ਜਦੋਂ ਸਾਰੀ ਆਮਦਨ ਖ਼ਰਚ ਨਹੀਂ ਹੁੰਦੀ, ਉਹ ਕਿਸੇ ਦੀ ਆਮਦਨ ਨਹੀਂ ਬਣਦੀ। ਹੇਠਲੀ ਆਮਦਨ ਵਾਲੇ ਬਹੁਗਿਣਤੀ ਗਰੁੱਪ ਕੋਲ ਆਮਦਨ ਇੰਨੀ ਘੱਟ ਹੈ ਕਿ ਉਹ ਆਪਣੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰ ਸਕਦਾ। ਜਦੋਂ ਉਨ੍ਹਾਂ ਦੀ ਖਰੀਦ ਸ਼ਕਤੀ ਹੀ ਨਹੀਂ ਤਾਂ ਉਹ ਕੁਝ ਵੀ ਨਹੀਂ ਖਰੀਦਦੇ। ਜਦੋਂ ਉਹ ਖਰੀਦਦੇ ਹੀ ਨਹੀਂ ਤਾਂ ਨਵੀਆਂ ਵਸਤੂਆਂ ਤੇ ਸੇਵਾਵਾਂ ਦੀ ਜ਼ਰੂਰਤ ਹੀ ਨਹੀਂ। ਇਸ ਸੂਰਤ ਵਿੱਚ ਹੋਰ ਕਿਰਤੀ ਕੀ ਲਾਉਣੇ, ਪਹਿਲੇ ਵੀ ਕੱਢੇ ਜਾਂਦੇ ਹਨ ਕਿਉਂ ਜੋ ਕੰਮ ਘਟਾਉਣਾ ਪੈਂਦਾ ਹੈ। ਇਸ ਤਰ੍ਹਾਂ ਬਦਹਾਲੀ ਜਾਰੀ ਰਹਿੰਦੀ ਹੈ।

ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਆਸਟਰੇਲੀਆ, ਜਰਮਨੀ ਆਦਿ ਵਿਚ ਕਈ ਮੰਤਰੀ ਵੀ ਆਪਣੀ ਕਾਰ ਆਪ ਚਲਾਉਂਦੇ ਹਨ। ਉਹ ਡਰਾਈਵਰ ਇਸ ਕਰ ਕੇ ਨਹੀਂ ਰੱਖਦੇ ਕਿਉਂਕਿ ਡਰਾਈਵਰ ਦੀ ਤਨਖ਼ਾਹ ਵੀ ਉਨ੍ਹਾਂ ਦੀ ਤਨਖ਼ਾਹ ਦੇ ਬਰਾਬਰ ਹੈ। ਉਹ ਘਰਾਂ ਵਿਚ ਨੌਕਰ ਵੀ ਨਹੀਂ ਰੱਖਦੇ ਕਿਉਂ ਜੋ ਨੌਕਰ ਦੀ ਤਨਖ਼ਾਹ ਵੀ ਉਨ੍ਹਾਂ ਦੀ ਤਨਖ਼ਾਹ ਦੇ ਬਰਾਬਰ ਹੈ। ਉੱਥੇ ਵਿਕਾਸ ਹਰ ਬੰਦੇ ਤੱਕ ਪਹੁੰਚਦਾ ਹੈ। ਇਸ ਦੇ ਉਲਟ ਭਾਰਤ ਵਿਚ ਘਰੇਲੂ ਨੌਕਰ ਤਾਂ ਕੀ, ਬਾਲ ਮਜ਼ਦੂਰ ਦੁਨੀਆ ਵਿਚ ਸਭ ਤੋਂ ਵੱਧ ਹਨ।

ਵਿਕਸਤ ਦੇਸ਼ਾਂ ਦੀ ਟੈਕਸ ਪ੍ਰਣਾਲੀ ਇੰਨੀ ਨਿਪੁੰਨ ਹੈ ਕਿ ਉੱਥੇ ਉੱਚੀ ਆਮਦਨ ਦੀਆਂ ਸਲੈਬਾਂ 'ਤੇ ਵੱਡੇ ਟੈਕਸ ਲਗਦੇ ਹਨ ਜਿਸ ਨਾਲ ਆਮਦਨ ਬਰਾਬਰੀ ਪੈਦਾ ਕੀਤੀ ਹੋਈ ਹੈ। ਇਸ ਆਮਦਨ ਬਰਾਬਰੀ ਨੇ ਉਸ ਦੇਸ਼ ਵਿਚ ਸਮਾਜਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੀ ਬਰਾਬਰੀ ਪੈਦਾ ਕੀਤੀ ਹੈ। ਉਨ੍ਹਾਂ ਪੱਛਮੀ ਦੇਸ਼ਾਂ ਵਿਚ ਸਮਾਜਵਾਦ ਨਾ ਹੋਣ ਦੇ ਬਾਵਜੂਦ ਸਮਾਜਵਾਦੀ ਸਮਾਜ ਹੈ, ਆਮਦਨ ਬਰਾਬਰੀ ਹੈ ਅਤੇ ਉਹ ਵਿਕਾਸ ਲਗਾਤਾਰ ਚੱਲਣ ਵਾਲਾ ਹੈ; ਆਮਦਨ ਨਾ-ਬਰਾਬਰੀ ਕਰ ਕੇ ਭਾਰਤ ਦਾ ਵਿਕਾਸ ਕਦੀ ਵੀ ਲਗਾਤਾਰ ਚੱਲਣ ਵਾਲਾ ਵਿਕਾਸ ਨਹੀਂ ਬਣ ਸਕਦਾ।

ਬਹੁਗਿਣਤੀ ਵਰਗ ਦੀ ਆਮਦਨ ਘੱਟ ਹੋਣ ਕਰ ਕੇ ਨਵੀਆਂ ਵਸਤੂਆਂ ਬਣਾਉਣ ਦੀ ਲੋੜ ਹੀ ਨਹੀਂ ਰਹਿੰਦੀ। 1929 ਵਿਚ ਦੁਨੀਆ ਭਰ ਵਿਚ ਫੈਲੀ ਬੇਰੁਜ਼ਗਾਰੀ ਸਾਬਿਤ ਕਰਦੀ ਹੈ ਕਿ ਜੇ ਦੇਸ਼ ਦੀ ਸਮੁੱਚੀ ਮੰਗ ਘਟੇਗੀ ਤਾਂ ਬੇਰੁਜ਼ਗਾਰੀ ਵਧੇਗੀ। ਉਸ ਵਕਤ ਦੁਨੀਆ ਭਰ ਵਿਚ ਮੰਦੀ ਆਈ ਸੀ। ਵਸਤੂਆਂ ਵਿਕ ਨਹੀਂ ਸਨ ਰਹੀਆਂ। ਕਾਰਖਾਨੇ ਬੰਦ ਹੋ ਰਹੇ ਸਨ। ਇਸ ਦਾ ਪ੍ਰਭਾਵ ਖੇਤੀ ਵਸਤੂਆਂ ਦੀ ਵਿਕਰੀ 'ਤੇ ਵੀ ਪੈ ਰਿਹਾ ਸੀ। ਉਸ ਵਕਤ ਦੁਨੀਆ ਵਿਚ ਸਮਾਜਵਾਦੀ ਦੇਸ਼ ਸੋਵੀਅਤ ਯੂਨੀਅਨ ਹੀ ਅਜਿਹਾ ਦੇਸ਼ ਸੀ ਜਿੱਥੇ ਮੰਗ ਨਹੀਂ ਸੀ ਘਟੀ ਅਤੇ ਉਹ ਲਗਾਤਾਰ ਵਿਕਾਸ ਕਰ ਰਿਹਾ ਸੀ। ਦੁਨੀਆ ਭਰ ਦੇ ਦੇਸ਼ਾਂ ਦੀ ਆਰਥਿਕਤਾ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਦੇਸ਼ਾਂ ਵਿਚ ਆਮਦਨ ਦੀ ਬਰਾਬਰੀ ਹੈ, ਉੱਥੇ ਖੁਸ਼ਹਾਲੀ ਹੈ; ਜਿੱਥੇ ਆਮਦਨ ਨਾ-ਬਰਾਬਰੀ ਹੈ, ਉੱਥੇ ਖੁਸ਼ਹਾਲੀ ਨਹੀਂ; ਉਹ ਮੁਲਕ ਬੇਰੁਜ਼ਗਾਰੀ, ਮਹਿੰਗਾਈ, ਹੜਤਾਲਾਂ ਅਤੇ ਸਮਾਜਿਕ ਬੁਰਾਈਆਂ ਵਿਚ ਘਿਰੇ ਰਹਿੰਦੇ ਹਨ।

ਕਿਸੇ ਦੇਸ਼ ਦੀ ਖੁਸ਼ਹਾਲੀ ਵਸੋਂ ਵੱਲੋਂ ਵਰਤੀਆਂ ਜਾ ਰਹੀਆਂ ਵਸਤੂਆਂ ਅਤੇ ਸੇਵਾਵਾਂ ਦੀ ਮਾਤਰਾ 'ਤੇ ਨਿਰਭਰ ਕਰਦੀ ਹੈ। ਜੇ ਬਹੁਗਿਣਤੀ ਕੋਲ ਆਮਦਨ ਹੀ ਨਹੀਂ, ਉਹ ਵਸਤੂਆਂ ਅਤੇ ਸੇਵਾਵਾਂ ਕਿਵੇਂ ਖ਼ਰੀਦ ਸਕਦੇ ਹਨ; ਇਸ ਤਰ੍ਹਾਂ ਉਹ ਗਰੀਬੀ ਵਿਚ ਘਿਰੇ ਰਹਿੰਦੇ ਹਨ। ਭਾਰਤ ਮਨੁੱਖੀ ਸਾਧਨਾਂ ਦੀ ਬਹੁਤਾਤ ਵਾਲਾ ਦੇਸ਼ ਹੈ ਪਰ ਜੇ ਉਹ ਮਨੁੱਖੀ ਸਾਧਨ ਬੇਰੁਜ਼ਗਾਰ ਹਨ ਤਾਂ ਉਹ ਨਾ ਵਸਤੂਆਂ ਅਤੇ ਨਾ ਸੇਵਾਵਾਂ ਪੈਦਾ ਕਰ ਸਕਦੇ ਹਨ। ਭਾਰਤ ਵਿਚ ਕਰੋੜਾਂ ਲੋਕ ਵਿਹਲੇ ਰਹਿਣ ਕਰ ਕੇ ਮਨੁੱਖੀ ਸਾਧਨ ਫਜ਼ੂਲ ਜਾਂਦੇ ਹਨ।

ਪ੍ਰਤੱਖ ਬੇਰੁਜ਼ਗਾਰੀ ਤੋਂ ਇਲਾਵਾ ਭਾਰਤ ਵਿਚ ਅਰਧ ਬੇਰੁਜ਼ਗਾਰੀ ਅਤੇ ਲੁਕੀ ਬੇਰੁਜ਼ਗਾਰੀ ਹੈ। ਪੂਰਨ ਰੁਜ਼ਗਾਰ ਲਈ ਸਾਲ ਵਿਚ 300 ਦਿਨ ਅਤੇ ਦਿਨ ਵਿਚ 8 ਘੰਟੇ ਕੰਮ ਕਰਨਾ ਚਾਹੀਦਾ ਹੈ ਪਰ ਭਾਰਤ ਦੀ ਕੋਈ 60 ਫੀਸਦੀ ਵਸੋਂ ਖੇਤੀ ਵਿਚ ਲੱਗੀ ਹੋਈ ਹੈ। ਇਸ ਵਸੋਂ ਵਿਚ ਅਰਧ ਬੇਰੁਜ਼ਗਾਰੀ ਵੀ ਹੈ ਅਤੇ ਲੁਕੀ ਬੇਰੁਜ਼ਗਾਰੀ ਵੀ। ਖੇਤੀ ਕਰਨ ਵਾਲਾ ਖ਼ੁਦ ਨੂੰ ਰੁਜ਼ਗਾਰ 'ਤੇ ਲੱਗਾ ਸਮਝਦਾ ਹੈ, ਭਾਵੇਂ ਉਸ ਦਾ ਦਿਨ ਭਰ ਦਾ ਕੰਮ ਇਕ ਘੰਟਾ ਹੀ ਹੋਵੇ। ਇਸ ਬੇਰੁਜ਼ਗਾਰੀ ਕਾਰਨ ਹੀ ਖੇਤੀ ਵਾਲੀ 60 ਫੀਸਦੀ ਵਸੋਂ ਦਾ ਦੇਸ਼ ਦੀ ਕੁਲ ਆਮਦਨ ਵਿਚ ਸਿਰਫ਼ 14 ਫੀਸਦੀ ਹਿੱਸਾ ਹੈ। ਹੋਰ ਬਦਲਵਾਂ ਕੰਮ ਹੈ ਨਹੀਂ ਜਿਸ ਦੀ ਵੱਡੀ ਵਜ੍ਹਾ ਵੀ ਆਮਦਨ ਨਾ-ਬਰਾਬਰੀ ਹੈ। ਭਾਰਤ ਨੇ ਵਿਕਾਸ ਲਈ ਪੰਜ ਸਾਲਾ ਯੋਜਨਾਵਾਂ ਅਪਨਾਈਆਂ, ਉਨ੍ਹਾਂ ਯੋਜਨਾਵਾਂ ਵਿਚ ਖੇਤੀ ਨੂੰ ਤਰਜੀਹ ਦਿੱਤੀ ਗਈ ਸੀ। ਉਦੋਂ ਖੇਤੀ ਦਾ ਵਿਕਾਸ ਵੀ ਹੋਇਆ ਪਰ ਖੇਤੀ ਤੋਂ ਵਿਹਲੀ ਹੋਈ ਵਸੋਂ ਨੂੰ ਹੋਰ ਪੇਸ਼ਿਆਂ ਵਿਚ ਲਾਉਣਾ ਚਾਹੀਦਾ ਸੀ ਜਿਸ ਤਰ੍ਹਾਂ ਵਿਕਸਤ ਦੇਸ਼ਾਂ ਵਿਚ ਹੋਇਆ ਸੀ ਪਰ ਭਾਰਤ ਵਿਚ ਅਜਿਹਾ ਨਾ ਹੋ ਸਕਿਆ ਸਗੋਂ ਖੇਤੀ ਵਿਚ ਹੋਰ ਵਸੋਂ ਲੱਗਦੀ ਰਹੀ। 1991 ਤੋਂ ਬਾਅਦ ਠੇਕੇ 'ਤੇ ਕਿਰਤੀ ਰੱਖਣ ਕਰ ਕੇ ਕਈ ਕਿਰਤੀਆਂ ਨੂੰ ਸਾਲ ਵਿਚ ਕਾਫ਼ੀ ਸਮਾਂ ਵਿਹਲਾ ਰਹਿਣਾ ਪੈਂਦਾ ਹੈ।

ਇਸ ਦਾ ਹੀ ਸਿੱਟਾ ਹੈ ਕਿ 2015-16 ਤੋਂ ਲੈ ਕੇ 2020-21 ਤੱਕ ਉੱਪਰ ਦੀ ਆਮਦਨ ਵਾਲੀ 20% ਵਸੋਂ ਦੀ ਆਮਦਨ 'ਚ 39% ਦਾ ਵਾਧਾ ਹੋਇਆ ਪਰ ਹੇਠਾਂ ਦੀ ਆਮਦਨ ਵਾਲੀ 20 ਫੀਸਦੀ ਵਸੋਂ ਦੀ ਆਮਦਨ ਵਿਚ 53 ਫੀਸਦੀ ਕਮੀ ਆਈ। ਭਾਰਤ ਵਿਚ ਸਿੱਧਾ ਟੈਕਸ ਦੇਣ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਸ ਦੌਰਾਨ ਕਾਰਪੋਰੇਟ ਆਮਦਨ ਟੈਕਸ ਨੂੰ 30 ਫੀਸਦੀ ਤੋਂ ਘਟਾ ਕੇ 25 ਫੀਸਦੀ ਕਰ ਦਿੱਤਾ ਗਿਆ। ਅਜਿਹੀਆਂ ਸਹੂਲਤਾਂ ਹੋਰ ਆਮਦਨ ਨਾ-ਬਰਾਬਰੀ ਪੈਦਾ ਕਰਦੀਆਂ ਹਨ। ਸੋ, ਜਿੰਨਾ ਚਿਰ ਤੱਕ ਆਮਦਨ ਨਾ-ਬਰਾਬਰੀ ਰਹੇਗੀ, ਨਾ ਵਿਕਾਸ ਹੋ ਸਕੇਗਾ, ਨਾ ਖ਼ੁਸ਼ਹਾਲੀ ਪੈਦਾ ਹੋ ਸਕੇਗੀ।

# ਖ਼ਰਚ ਕਰਨ ਦੀ ਬਦਲਦੀ ਬਿਰਤੀ

ਲੇਖਕ : ਡਾ. ਸੁਰਜੀਤ ਸਿੰਘ

ਬੀਤੇ ਦਿਨੀਂ ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ (ਐਨਐੱਸਐੱਸਓ) ਦੁਆਰਾ ਜਾਰੀ ਘਰੇਲੂ ਖਪਤ ਖ਼ਰਚਾ ਸਰਵੇਖਣ, 2022-23 ਦੇ ਮੁੱਢਲੇ ਅੰਕੜੇ ਬਦਲਦੇ ਭਾਰਤੀ ਅਰਥਚਾਰੇ ਦੀ ਤਸਵੀਰ ਪੇਸ਼ ਕਰਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਦਿਹਾਤੀ ਤੇ ਸ਼ਹਿਰੀ ਘਰੇਲੂ ਇਸਤੇਮਾਲ ਦੇ ਖ਼ਰਚੇ ਦੌਰਾਨ ਫ਼ਰਕ ਕੁਝ ਘੱਟ ਹੁੰਦਾ ਜਾ ਰਿਹਾ ਹੈ ਜਿਸ ਨਾਲ ਦਿਹਾਤੀ ਭਾਰਤ ਵਿਚ ਵੀ ਮੱਧ ਵਰਗ ਵਧਣ ਲੱਗਾ ਹੈ।

ਇਹ ਸਰਵੇਖਣ ਜਿੱਥੇ ਇਸ ਗੱਲ ਦਾ ਜ਼ਿਕਰ ਕਰਦਾ ਹੈ ਕਿ ਲੋਕਾਂ ਦੇ ਭੋਜਨ ਖ਼ਰਚੇ ਵਿਚ ਪ੍ਰੋਟੀਨ ਤੇ ਪੋਸ਼ਕ ਤੱਤਾਂ ਦੀ ਹਿੱਸੇਦਾਰੀ ਵਧ ਰਹੀ ਹੈ, ਉੱਥੇ ਹੀ ਇਸ ਚਿੰਤਾ ਨੂੰ ਵੀ ਵਧਾਉਂਦਾ ਹੈ ਕਿ ਲੋਕਾਂ ਦੁਆਰਾ ਨਸ਼ੇ ਆਦਿ 'ਤੇ ਖ਼ਰਚਾ ਪਹਿਲਾਂ ਨਾਲੋਂ ਜ਼ਿਆਦਾ ਕੀਤਾ ਜਾ ਰਿਹਾ ਹੈ। ਦੇਸ਼ ਭਰ ਦੇ 2.5 ਲੱਖ ਤੋਂ ਜ਼ਿਆਦਾ ਪਰਿਵਾਰਾਂ 'ਤੇ ਕੀਤਾ ਗਿਆ ਸਰਵੇਖਣ ਸਪਸ਼ਟ ਕਰਦਾ ਹੈ ਕਿ ਪਿਛਲੇ ਇਕ ਦਹਾਕੇ ਵਿਚ ਲੋਕਾਂ ਦੀ ਖਪਤ ਬਿਰਤੀ ਵਿਚ ਬਦਲਾਅ ਆਇਆ ਹੈ। ਹੁਣ ਲੋਕ ਭੋਜਨ 'ਤੇ ਜ਼ਿਆਦਾ ਖ਼ਰਚ ਕਰਨ ਦੀ ਥਾਂ ਟਿਕਾਊ ਵਸਤਾਂ 'ਤੇ ਵੱਧ ਖ਼ਰਚਾ ਕਰ ਰਹੇ ਹਨ।

ਸਰਵੇਖਣ ਮੁਤਾਬਕ ਵਿੱਤੀ ਸਾਲ 2011-12 ਤੋਂ 2022-23 ਤੱਕ ਦੇ ਦਹਾਕੇ ਵਿਚ ਸ਼ਹਿਰੀ ਖ਼ਰਚੇ ਦੀ ਤੁਲਨਾ ਵਿਚ ਦਿਹਾਤੀ ਪ੍ਰਤੀ ਵਿਅਕਤੀ ਖਪਤ ਖ਼ਰਚੇ ਵਿਚ ਜ਼ਿਆਦਾ ਵਾਧਾ ਹੋਇਆ ਹੈ। ਗ੍ਰਾਮੀਣ ਖੇਤਰਾਂ ਦਾ ਖ਼ਰਚਾ 1,430



ਰੁਪਏ ਤੋਂ ਵਧ ਕੇ 3,773 ਰੁਪਏ ਅਤੇ ਸ਼ਹਿਰੀ ਖੇਤਰ ਦਾ ਖ਼ਰਚਾ 2,630 ਤੋਂ ਵਧ ਕੇ 6,459 ਰੁਪਏ ਹੋ ਗਿਆ ਹੈ। ਇਸ ਦੇ ਨਤੀਜੇ ਵਜੋਂ ਦਿਹਾਤੀ ਤੇ ਸ਼ਹਿਰੀ ਇਲਾਕਿਆਂ ਵਿਚ ਖਪਤਕਾਰਾਂ ਦੀਆਂ ਤਰਜੀਹਾਂ 'ਚ ਬਦਲਾਅ ਆਉਣ ਕਾਰਨ ਲੋਕਾਂ ਦੀ ਜੀਵਨ-ਸ਼ੈਲੀ ਵਿਚ ਵੀ ਤਬਦੀਲੀ ਆ ਰਹੀ ਹੈ। ਲੋਕ ਖਾਣ-ਪੀਣ ਦੀਆਂ ਵਸਤਾਂ ਦੀ ਤੁਲਨਾ ਵਿਚ ਗ਼ੈਰ-ਖੁਰਾਕੀ ਵਸਤਾਂ ਜਿਵੇਂ ਕਾਰ, ਏਸੀ, ਕੱਪੜੇ, ਜੁੱਤੀਆਂ, ਮਨੋਰੰਜਨ ਆਦਿ 'ਤੇ ਜ਼ਿਆਦਾ ਖ਼ਰਚਾ ਕਰਨ ਲੱਗੇ ਹਨ ਜੋ ਦੇਸ਼ ਦੀ ਵਧਦੀ ਮੰਗ ਦਾ ਵਾਹਕ ਬਣ ਕੇ ਦੇਸ਼ ਦੀ ਜੀਡੀਪੀ 'ਚ ਵਾਧੇ ਦਾ ਕਾਰਨ ਵੀ ਬਣ ਰਿਹਾ ਹੈ।

ਘਰੇਲੂ ਖਪਤ ਖ਼ਰਚਾ ਸਰਵੇਖਣ ਮੁਤਾਬਕ ਪੇਂਡੂ ਇਲਾਕਿਆਂ ਦਾ ਭੋਜਨ 'ਤੇ ਹੋਣ ਵਾਲਾ ਖ਼ਰਚਾ 2011-12 ਦੀ ਤੁਲਨਾ ਵਿਚ 2022-23 ਵਿਚ 53 ਫ਼ੀਸਦੀ ਤੋਂ ਘਟ ਕੇ 46% ਹੋ ਗਿਆ ਹੈ ਜਦਕਿ ਸ਼ਹਿਰੀ ਖੇਤਰਾਂ ਵਿਚ ਇਹ 43 ਪ੍ਰਤੀਸ਼ਤ ਤੋਂ ਘਟ ਕੇ 39% ਹੋ ਗਿਆ ਹੈ। ਇਹ ਸਰਵੇਖਣ ਭੋਜਨ ਦੀ ਥਾਲੀ ਵਿਚ ਹੋਣ ਵਾਲੇ ਪਰਿਵਰਤਨਾਂ ਵੱਲ ਵੀ ਕਾਫ਼ੀ ਆਕਰਸ਼ਿਤ ਕਰਦਾ ਹੈ। ਪੇਂਡੂ ਪਰਿਵਾਰਾਂ ਵਿਚ ਅਨਾਜ 'ਤੇ ਕੀਤੇ ਜਾਣ ਵਾਲੇ ਖ਼ਰਚੇ ਦਾ ਹਿੱਸਾ 2011-12 ਦੀ ਤੁਲਨਾ ਵਿਚ 2022-23 'ਚ 11% ਤੋਂ ਘਟ ਕੇ ਪੰਜ ਪ੍ਰਤੀਸ਼ਤ ਰਹਿ ਗਿਆ ਹੈ ਜਦਕਿ ਸ਼ਹਿਰੀ ਖੇਤਰਾਂ ਵਿਚ ਇਹ 6.67% ਤੋਂ ਘਟ ਕੇ 3.64% ਰਹਿ ਗਿਆ ਹੈ। ਇਸ ਦਾ ਸਿੱਧਾ ਅਰਥ ਹੈ ਕਿ ਲੋਕ ਹੁਣ ਅਨਾਜ ਤੇ ਦਾਲਾਂ 'ਤੇ ਹੋਣ ਵਾਲੇ ਖ਼ਰਚੇ ਨਾਲੋਂ ਜ਼ਿਆਦਾ ਪੀਣ ਵਾਲੇ ਪਦਾਰਥਾਂ ਅਤੇ ਪ੍ਰੋਸੈਸਡ ਭੋਜਨ 'ਤੇ ਖ਼ਰਚ ਕਰ ਰਹੇ ਹਨ। ਇਹ ਬਿਰਤੀ ਸ਼ਹਿਰੀ ਪਰਿਵਾਰਾਂ ਦੀ ਤੁਲਨਾ ਵਿਚ ਗ੍ਰਾਮੀਣ ਪਰਿਵਾਰਾਂ ਵਿਚ ਜ਼ਿਆਦਾ ਦਿਖਾਈ ਦਿੱਤੀ ਹੈ।

# ਦਵਾਈਆਂ ਦੀਆਂ ਕੰਪਨੀਆਂ ਦੀ ਅਥਾਹ ਮੁਨਾਫ਼ਾਖੋਰੀ ਬਾਰੇ ਕੁਝ ਸਵਾਲ

ਲੇਖਕ : ਡਾ. ਅਰੁਣ ਮਿੱਤਰਾ

ਦਵਾਈਆਂ ਬਣਾਉਣ ਵਾਲੀਆਂ (ਫਾਰਮਾਸਿਊਟੀਕਲ) ਕੰਪਨੀਆਂ ਦੁਨੀਆ ਭਰ ਵਿੱਚ ਵਿਵਾਦ ਦਾ ਕਾਰਨ ਬਣੀਆਂ ਹੋਈਆਂ ਹਨ। ਦੁਨੀਆ ਭਰ ਵਿੱਚ ਇਹ ਕੰਪਨੀਆਂ ਲੋਕਾਂ ਦੀ ਸਿਹਤ ਦੀ ਕੀਮਤ 'ਤੇ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ ਜਦੋਂਕਿ ਇਸ ਉਦਯੋਗ ਵਿੱਚ ਬਹੁਤ ਜ਼ਿਆਦਾ ਮੁਨਾਫ਼ਾਖੋਰੀ ਨੂੰ ਤਰਜੀਹ ਨਹੀਂ ਹੋਣੀ ਚਾਹੀਦੀ। ਫਾਰਮਾਸਿਊਟੀਕਲ ਕੰਪਨੀਆਂ ਦੁਆਰਾ ਕਮਾਏ ਅਥਾਹ ਮੁਨਾਫ਼ੇ ਨੂੰ ਸਾਬਤ ਕਰਨ ਲਈ ਕਾਫ਼ੀ ਅੰਕੜੇ ਮੌਜੂਦ ਹਨ। ਕੋਵਿਡ ਮਹਾਮਾਰੀ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਮਰ ਰਹੇ ਸਨ। ਉਸ ਸਮੇਂ ਟੀਕਾ (ਵੈਕਸੀਨਾਂ) ਬਣਾਉਣ ਵਾਲੀਆਂ ਕੰਪਨੀਆਂ ਨੇ ਭਾਰੀ ਮੁਨਾਫ਼ਾ ਕਮਾਇਆ। ਇੰਨਾ ਹੀ ਨਹੀਂ, ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ, ਜਿਨ੍ਹਾਂ ਕੋਲ ਵੈਕਸੀਨ ਬਣਾਉਣ ਲਈ ਸਰੋਤ ਜਾਂ ਤਕਨੀਕੀ ਜਾਣਕਾਰੀ ਨਹੀਂ ਸੀ, ਨੂੰ ਇਨ੍ਹਾਂ ਕੰਪਨੀਆਂ ਦੁਆਰਾ ਲਾਈਆਂ ਗਈਆਂ ਸ਼ਰਤਾਂ ਮੰਨਣ ਲਈ ਮਜਬੂਰ ਕੀਤਾ ਗਿਆ। ਇਨ੍ਹਾਂ ਵਿੱਚ ਵੈਕਸੀਨ ਪ੍ਰਤੀ ਕਿਸੇ ਵੀ ਪ੍ਰਤੀਕੂਲ ਪ੍ਰਤੀਕਿਰਿਆ ਦੇ ਮਾਮਲੇ ਵਿੱਚ ਕੰਪਨੀ ਦੀ ਸਿਵਿਲ ਦੇਣਦਾਰੀ ਸਬੰਧੀ ਧਾਰਾ ਸ਼ਾਮਲ ਹੈ, ਭਾਵ ਜੇ ਵੈਕਸੀਨ ਦਾ ਕੋਈ ਪ੍ਰਤੀਕੂਲ ਪ੍ਰਭਾਵ ਪਏ ਤਾਂ ਵੈਕਸੀਨ ਬਣਾਉਣ ਵਾਲੀ ਕੰਪਨੀ ਦੀ ਇਸ ਬਾਰੇ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਉਨ੍ਹਾਂ ਨੇ ਸਰਕਾਰਾਂ ਨੂੰ ਗਾਰੰਟੀ ਵਜੋਂ ਆਪਣੀਆਂ ਜਾਇਦਾਦਾਂ ਗਿਰਵੀ ਰੱਖਣ ਲਈ ਵੀ ਮਜਬੂਰ ਕੀਤਾ।

ਇਸ ਮਾਮਲੇ 'ਚ ਭਾਰਤ ਦੇ ਹਾਲਾਤ ਵੀ ਕੋਈ ਬਿਹਤਰ ਨਹੀਂ ਰਹੇ। ਅਪਰਨਾ ਗੋਪਾਲਨ ਨੇ 19 ਜੂਨ 2021 ਨੂੰ 'ਦਿ ਇੰਟਰਸੈਪਟ' ਵਿੱਚ ਪ੍ਰਕਾਸ਼ਿਤ ਇੱਕ ਲੇਖ ਵਿੱਚ ਦੱਸਿਆ ਹੈ ਕਿ "ਪ੍ਰਾਈਵੇਟ ਹਸਪਤਾਲਾਂ ਨੂੰ ਵੇਚੀ ਗਈ ਹਰੇਕ ਖੁਰਾਕ ਲਈ ਸੀਰਮ ਨੇ 2,000 % ਤੱਕ ਅਤੇ ਭਾਰਤ ਬਾਇਓਟੈੱਕ ਨੇ 4,000% ਤੱਕ ਦਾ ਮੁਨਾਫ਼ਾ ਕਮਾਇਆ ਜਿਸ ਨੂੰ 'ਸੁਪਰ ਲਾਭ' ਮੰਨਿਆ ਜਾ ਸਕਦਾ ਹੈ। "ਭਾਰਤ ਵਿੱਚ ਮਹਾਮਾਰੀ ਦੇ ਪਹਿਲੇ ਸਾਲ ਵਿੱਚ 38 ਨਵੇਂ ਅਰਬਪਤੀ ਬਣੇ ਸਨ ਜਦੋਂਕਿ ਦੇਸ਼ ਦੇ 140 ਅਰਬਪਤੀਆਂ ਦੀ ਸੰਯੁਕਤ ਦੌਲਤ ਵਿੱਚ 90.4 ਫ਼ੀਸਦੀ ਵਾਧਾ ਹੋਇਆ ਸੀ। ਸਿਹਤ ਕਾਰਕੁਨਾਂ ਦੁਆਰਾ ਦਵਾਈਆਂ ਦੀਆਂ ਕੀਮਤਾਂ 'ਤੇ ਬਹੁਤ ਰੌਲਾ ਪਾਉਣ ਤੋਂ ਬਾਅਦ ਭਾਰਤ ਸਰਕਾਰ ਨੇ 16 ਸਤੰਬਰ 2015 ਨੂੰ ਦਵਾਈਆਂ ਦੀ ਵਿਕਰੀ ਵਿੱਚ ਉੱਚ ਵਪਾਰ ਮਾਰਜਿਨ (ਮੁਨਾਫ਼ਾ) 'ਤੇ ਇੱਕ ਕਮੇਟੀ ਬਣਾਈ। ਕਮੇਟੀ ਨੇ 9 ਦਸੰਬਰ 2015 ਨੂੰ ਆਪਣੀ ਰਿਪੋਰਟ ਸੌਂਪੀ। ਕਮੇਟੀ ਨੇ ਦੱਸਿਆ ਕਿ ਕੁਝ ਦਵਾਈਆਂ 'ਤੇ ਮੁਨਾਫ਼ਾ 5000 % ਤੱਕ ਸੀ। ਇੱਕ ਉਪਾਅ ਵਜੋਂ ਇਸ ਨੇ ਵਪਾਰ ਮਾਰਜਿਨਾਂ ਨੂੰ ਕੈਪਿੰਗ (ਵੱਧ ਤੋਂ ਵੱਧ ਕਿੰਨਾ ਮੁਨਾਫ਼ਾ ਕਮਾਇਆ ਜਾ ਸਕੇ) ਕਰਨ ਦੀ ਸਿਫ਼ਾਰਿਸ਼ ਕੀਤੀ ਅਤੇ ਵਪਾਰ ਦੀ ਕੀਮਤ (ਫਰਿਚਏ ਟੋ ਠਰਓਦਏ ਪੀਟੀਟੀ) ਦੇ ਸੰਦਰਭ ਵਿੱਚ ਗ੍ਰੇਡ ਕੀਤੇ ਵਪਾਰਕ ਮਾਰਜਿਨ ਬਾਰੇ ਪ੍ਰਸਤਾਵ ਦਿੱਤੇ। ਉਨ੍ਹਾਂ ਦੇ ਪ੍ਰਸਤਾਵ ਅਨੁਸਾਰ ਉਤਪਾਦ 'ਤੇ 2 ਰੁਪਏ ਪ੍ਰਤੀ ਯੂਨਿਟ ਜਿਵੇਂ ਕਿ ਪ੍ਰਤੀ ਟੈਬਲੇਟ, ਕੈਪਸੂਲ, ਸ਼ੀਸ਼ੀ, ਟੀਕਾ, ਟਿਊਬ ਆਦਿ ਦੇ ਮੁੱਲ ਦੇ ਨਾਲ ਵਪਾਰਕ ਮਾਰਜਿਨ ਦੀ ਕੈਪਿੰਗ ਦੀ ਸਿਫ਼ਾਰਸ਼ ਨਹੀਂ ਕੀਤੀ ਗਈ ਸੀ। ਪਰ ਉੱਚ ਯੂਨਿਟ ਕੀਮਤ 'ਤੇ, ਭਾਵ 2 ਰੁਪਏ ਤੋਂ 20 ਰੁਪਏ ਪ੍ਰਤੀ ਯੂਨਿਟ 'ਤੇ 50 % ਦੀ ਕੈਪਿੰਗ ਅਤੇ 20 ਰੁਪਏ ਤੋਂ 50 ਰੁਪਏ ਤੱਕ ਪ੍ਰਤੀ ਯੂਨਿਟ ਕੀਮਤ 'ਤੇ 40 % ਦੀ ਕੈਪਿੰਗ ਅਤੇ 50 ਰੁਪਏ ਪ੍ਰਤੀ ਯੂਨਿਟ ਤੋਂ ਉੱਪਰ ਵਪਾਰ ਮਾਰਜਿਨ 'ਤੇ 35% ਕੈਪਿੰਗ ਦੀ ਸਿਫ਼ਾਰਸ਼ ਕੀਤੀ। ਕਮੇਟੀ ਦੇ ਦਸੰਬਰ 2015 ਵਿੱਚ ਰਿਪੋਰਟ ਸੌਂਪਣ ਦੇ ਬਾਵਜੂਦ ਅੱਜ ਤੱਕ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ।



ਵਿਸ਼ਵ ਸਿਹਤ ਅਸੈਂਬਲੀ ਨੇ 1988 ਵਿੱਚ ਸਿਫ਼ਾਰਿਸ਼ ਕੀਤੀ ਸੀ ਕਿ ਫਾਰਮਾਸਿਊਟੀਕਲ ਮਾਰਕੀਟਿੰਗ ਤੌਰ ਤਰੀਕਿਆਂ (ਕੰਪਨੀਆਂ ਦੁਆਰਾ ਦਵਾਈਆਂ ਕਿਸ ਢੰਗ ਨਾਲ ਵੇਚੀਆਂ ਜਾਣ) ਨੂੰ ਨਿਯੰਤਰਿਤ, ਸੁਚਾਰੂ ਅਤੇ ਨੈਤਿਕ ਬਣਾਇਆ ਜਾਣਾ ਚਾਹੀਦਾ ਹੈ। ਉਸ ਦੀ ਪਾਲਣਾ ਵਜੋਂ ਭਾਰਤ ਸਰਕਾਰ ਦੇ ਫਾਰਮਾਸਿਊਟੀਕਲ ਵਿਭਾਗ ਨੇ 19 ਮਾਰਚ 2012 ਨੂੰ ਫਾਰਮਾਸਿਊਟੀਕਲ ਕੰਪਨੀਆਂ ਲਈ ਯੂਨੀਫਾਰਮ ਕੋਡ ਫਾਰ ਫਾਰਮਾਸਿਊਟੀਕਲ ਮਾਰਕੀਟਿੰਗ ਪ੍ਰੈਕਟਿਸਜ਼ (ਯੂਸੀਪੀਐੱਮਪੀ) ਨਾਮਕ ਇੱਕ ਕੋਡ ਬਣਾਇਆ। ਇਸ ਵਿੱਚ ਮੁੱਖ ਤੌਰ 'ਤੇ ਸਿਰਫ਼ ਸਬੂਤ ਆਧਾਰਿਤ ਦਵਾਈਆਂ ਨੂੰ ਉਤਸ਼ਾਹਿਤ ਕਰਨਾ ਅਤੇ ਬੇਲੋੜੇ ਤੇ ਗ਼ੈਰ-ਪ੍ਰਮਾਣਿਤ ਦਾਅਵਿਆਂ ਤੋਂ ਪਰਹੇਜ਼ ਕਰਨਾ ਅਤੇ ਤਰਕਹੀਣ ਮਿਸ਼ਰਣਾਂ, ਜੋ ਨੁਕਸਾਨਦੇਹ ਹੋ ਸਕਦੇ ਹਨ, ਤੋਂ ਬਚਣ ਦੀ ਗੱਲ ਕਹੀ ਗਈ। ਹਾਲਾਂਕਿ ਯੂਸੀਪੀਐੱਮਪੀ ਵਿੱਚ ਕਿਹਾ ਗਿਆ ਕਿ ਕੋਡ 6 ਮਹੀਨਿਆਂ ਦੀ ਮਿਆਦ ਲਈ ਸਵੈਇੱਛਤ ਹੋਵੇਗਾ ਜਿਸ ਤੋਂ ਬਾਅਦ ਇਸ ਦੀ ਸਮੀਖਿਆ ਕੀਤੀ ਜਾਵੇਗੀ। ਜੇਕਰ ਇਹ ਪਾਇਆ ਜਾਂਦਾ ਹੈ ਕਿ ਫਾਰਮਾਸਿਊਟੀਕਲ ਕੰਪਨੀਆਂ ਦੁਆਰਾ ਇਸ ਦਾ ਸਹੀ ਢੰਗ ਨਾਲ ਪਾਲਣ ਨਹੀਂ ਕੀਤਾ ਜਾ ਰਿਹਾ ਤਾਂ ਇਸ ਨੂੰ ਲਾਜ਼ਮੀ ਬਣਾਇਆ ਜਾਵੇਗਾ। ਹਾਲਾਂਕਿ ਵਿਸ਼ਵ ਵਿਆਪੀ ਤਜਰਬੇ ਨੇ ਦਿਖਾਇਆ ਹੈ ਕਿ ਸਵੈ-ਇੱਛਤ ਨੇਮਾਂ ਦਾ ਪਾਲਣ ਬਹੁਤ ਘੱਟ ਕੀਤਾ ਜਾਂਦਾ ਹੈ। ਇਸ ਲਈ ਕਾਨੂੰਨੀ ਤੌਰ 'ਤੇ ਪਾਬੰਦ ਕੀਤਾ ਜਾਣਾ ਚਾਹੀਦਾ ਹੈ। ਸਰਕਾਰ 12 ਮਾਰਚ 2024 ਨੂੰ ਇੱਕ ਨਵਾਂ ਯੂਸੀਪੀਐੱਮਪੀ ਲੈ ਕੇ ਆਈ ਹੈ ਪਰ ਇਹ ਨਵਾਂ ਕੋਡ ਵੀ ਕੰਪਨੀਆਂ ਲਈ ਲਾਜ਼ਮੀ ਨਹੀਂ। ਇਸ ਨੇ ਕੰਪਨੀਆਂ ਨੂੰ ਸਵੈ-ਇੱਛਾ ਨਾਲ ਹੀ ਕੋਡ ਦੇ ਨਿਯਮ ਲਾਗੂ ਕਰਨ ਲਈ ਕਿਹਾ ਹੈ। ਕੰਪਨੀਆਂ ਨੂੰ ਨੈਤਿਕ ਕਮੇਟੀਆਂ ਬਣਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਦੀਆਂ ਐਸੋਸੀਏਸ਼ਨਾਂ ਨੂੰ ਵੀ ਨੈਤਿਕ ਕਮੇਟੀਆਂ ਬਣਾਉਣ ਲਈ ਕਿਹਾ ਗਿਆ ਹੈ ਪਰ ਇਨ੍ਹਾਂ ਕਮੇਟੀਆਂ ਵਿੱਚ ਸਪਸ਼ੱਟ ਤੌਰ 'ਤੇ ਹਿੱਤਾਂ ਦਾ ਟਕਰਾਅ ਹੈ। ਇਸ ਲਈ ਇਹ ਮਹਿਜ਼ ਦਿਖਾਵਾ ਹੈ। ਦਿਲਚਸਪ ਗੱਲ ਇਹ ਹੈ ਕਿ ਦੋਸ਼ੀ ਪਾਏ ਜਾਣ ਦੀ ਸੂਰਤ ਵਿੱਚ ਕੰਪਨੀਆਂ ਲਈ ਸਜ਼ਾ ਸਿਰਫ਼ ਐਸੋਸੀਏਸ਼ਨ ਦੀ ਮੈਂਬਰਸ਼ਿਪ ਖੁੱਸਣਾ ਤੈਅ ਕੀਤੀ ਗਈ ਹੈ।

ਦਵਾਈਆਂ ਦੀਆਂ ਕੀਮਤਾਂ ਨਿਯੰਤਰਤ ਕਰਨ ਦੀ ਲੋੜ ਮਹਿਸੂਸ ਕਰਦਿਆਂ ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਜਨਤਕ ਖੇਤਰ ਵਿੱਚ ਦਵਾਈ ਨਿਰਮਾਣ ਸੰਸਥਾਵਾਂ ਸਥਾਪਤ ਕਰਨ ਲਈ ਕਦਮ ਪੁੱਟੇ ਸਨ। 1961 ਵਿੱਚ ਇੰਡੀਅਨ ਡਰੱਗਜ਼ ਐਂਡ ਫਾਰਮਾਸਿਊਟੀਕਲ ਲਿਮਟਿਡ (ਆਈਡੀਪੀਐਲ) ਦੇ ਉਦਘਾਟਨ ਸਮੇਂ ਉਨ੍ਹਾਂ ਨੇ ਸਾਵਧਾਨ ਕਰਦਿਆਂ ਕਿਹਾ ਸੀ, "ਦਵਾਈ ਉਦਯੋਗ ਜਨਤਕ ਖੇਤਰ ਵਿੱਚ ਹੋਣਾ ਚਾਹੀਦਾ ਹੈ... ਮੇਰੇ ਖ਼ਿਆਲ ਵਿੱਚ ਦਵਾਈ ਉਦਯੋਗ ਦੀ ਪ੍ਰਕਿਰਤੀ ਦਾ ਉਦਯੋਗ ਨਿੱਜੀ ਖੇਤਰ ਵਿੱਚ ਹਰਗਿਜ਼ ਨਹੀਂ ਹੋਣਾ ਚਾਹੀਦਾ। ਇਸ ਉਦਯੋਗ ਵਿੱਚ ਜਨਤਾ ਦਾ ਬਹੁਤ ਜ਼ਿਆਦਾ ਸ਼ੋਸ਼ਣ ਹੋ ਰਿਹਾ ਹੈ।" ਆਈਡੀਪੀਐੱਲ ਨੇ ਰਣਨੀਤਕ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। ਇਸ ਦੀ ਭੂਮਿਕਾ ਨੂੰ ਮਾਨਤਾ ਦਿੰਦਿਆਂ ਵਿਸ਼ਵ ਸਿਹਤ ਸੰਗਠਨ ਨੇ ਪ੍ਰਸ਼ੰਸਾ ਕੀਤੀ ਕਿ "ਆਈਡੀਪੀਐੱਲ ਨੇ 10 ਸਾਲਾਂ ਵਿੱਚ ਉਹ ਪ੍ਰਾਪਤੀ ਕੀਤੀ ਹੈ ਜੋ ਹੋਰਾਂ ਨੇ 50 ਸਾਲਾਂ ਵਿੱਚ ਪ੍ਰਾਪਤ ਕੀਤਾ ਹੈ। ਵਿਕਸਤ ਦੇਸ਼ਾਂ ਦੁਆਰਾ ਆਈਡੀਪੀਐੱਲ ਉਤਪਾਦਾਂ ਦੀ ਗੁਣਵੱਤਾ ਲਈ ਬਹੁਤ ਧਿਆਨ ਨਾਲ ਜਾਂਚ ਕੀਤੀ ਗਈ ਹੈ ਅਤੇ ਬਹੁਤ ਸਾਰੇ ਮੁਲਕ ਇਨ੍ਹਾਂ ਨੂੰ ਖਰੀਦਣਾ ਚਾਹੁੰਦੇ ਹਨ।"

ਇਸ ਸਭ ਨੂੰ ਹੁਣ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। 2016 ਵਿੱਚ ਸਰਕਾਰ ਨੇ ਪੰਜਾਂ ਵਿੱਚੋਂ ਦੋ ਜਨਤਕ ਖੇਤਰ ਇਕਾਈਆਂ (ਸਰਕਾਰੀ ਖੇਤਰ ਵਿੱਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ) ਭਾਵ ਆਈਡੀਪੀਐੱਲ ਅਤੇ ਆਰਡੀਪੀਐੱਲ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ। ਸਰਕਾਰ ਨੇ ਐੱਚਏਐੱਲ, ਬੀਸੀਪੀਐੱਲ ਅਤੇ ਕਰਨਾਟਕ ਐਂਟੀਬਾਇਓਟਿਕਸ ਐਂਡ ਫਾਰਮਾਸਿਊਟੀਕਲ ਲਿਮਟਿਡ (ਕੇਏਪੀਐੱਲ) ਦਾ ਰਣਨੀਤਕ ਤੌਰ 'ਤੇ ਵਿਨਿਵੇਸ਼ ਕਰਨ ਦਾ ਵੀ ਫ਼ੈਸਲਾ ਕੀਤਾ।

ਇਹ ਸਭ ਜਾਣਦੇ ਹਨ ਕਿ ਸਾਡੇ ਦੇਸ਼ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ 'ਤੇ ਆਪਣੀ ਜੇਬ 'ਚੋਂ ਖਰਚ ਕਰਨਾ ਪੈਂਦਾ ਹੈ ਜਿਸ ਦਾ ਤਕਰੀਬਨ 70 % ਹਿੱਸਾ ਦਵਾਈਆਂ ਦੀ ਖਰੀਦ ਲਈ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਦਵਾਈਆਂ ਦੀਆਂ ਕੀਮਤਾਂ ਆਮ ਲੋਕਾਂ ਦੀ ਪਹੁੰਚ ਵਿੱਚ ਹੋਣ ਪਰ ਸਰਕਾਰ ਦੀ ਉਦਾਸੀਨਤਾ ਚਿੰਤਾ ਦਾ ਕਾਰਨ ਹੈ। ਸਰਕਾਰ ਦਾ ਵੱਡੇ ਫਾਰਮਾ ਮਾਲਕਾਂ ਨਾਲ ਗੱਠਜੋੜ ਹੋਣ ਦਾ ਸ਼ੱਕ ਹੈ।

ਦਰਅਸਲ, ਕੁਝ ਫਾਰਮਾਸਿਊਟੀਕਲ ਕੰਪਨੀਆਂ ਅਤੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਕੁਝ ਕੇਂਦਰਾਂ ਨੇ 800 ਕਰੋੜ ਰੁਪਏ ਦੇ ਚੋਣ ਬਾਂਡ ਖਰੀਦੇ। ਇਸ ਨਾਲ ਸਰਕਾਰ ਅਤੇ ਦਵਾਈਆਂ ਬਣਾਉਣ ਵਾਲੇ ਵੱਡੇ ਫਾਰਮਾ ਉਦਯੋਗ ਵਿਚਕਾਰ ਗੱਠਜੋੜ ਬਾਰੇ ਸ਼ੰਕੇ ਹੋਰ ਮਜ਼ਬੂਤ ਹੁੰਦੇ ਹਨ। ਹੁਣ ਨੀਤੀ ਦੀ ਸਮੀਖਿਆ ਕਰਨ, ਲੋਕਾਂ ਦੀ ਸਿਹਤ ਦੀ ਕੀਮਤ 'ਤੇ ਭ੍ਰਿਸ਼ਟ ਕਾਰਵਾਈਆਂ ਅਤੇ ਅਤਿ-ਮੁਨਾਫ਼ਾਖੋਰੀ ਨੂੰ ਰੋਕਣ ਲਈ ਜਨਤਕ ਖੇਤਰ ਦੀਆਂ ਫਾਰਮਾਸਿਊਟੀਕਲ ਇਕਾਈਆਂ ਨੂੰ ਮਜ਼ਬੂਤ ਕਰਨ ਦਾ ਸਮਾਂ ਹੈ। ਦਵਾਈਆਂ ਅਤੇ ਟੀਕਿਆਂ ਲਈ ਖੁੱਲ੍ਹੀ ਮੰਡੀ ਪਹੁੰਚ ਸਿਰਫ਼ ਵੱਡੇ ਫਾਰਮਾਸਿਊਟੀਕਲ ਮਾਲਕਾਂ ਦੀ ਮਦਦ ਕਰੇਗੀ ਅਤੇ ਲੋਕਾਂ ਦੀਆਂ ਸਿਹਤ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਮੁਨਾਫ਼ਾਖੋਰੀ ਵਿੱਚ ਵਾਧਾ ਕਰੇਗੀ।


ਸ਼ੋਰ ਸਾਈਡ ਫਿਸ਼ ਕੈਨਰੀ



ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।
408-8318-120 ਸਟਰੀਟ
ਸਰੀ ਬੀ.ਸੀ.
ਫੋਨ : 604-594-0616
ਫੈਕਸ : 604 594 0611
STUDENTS CAN ALSO APPLY
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

* ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
* ਚੰਗੀ ਤਨਖ਼ਾਹ ਅਤੇ ਘਰ ਵਰਗਾ ਮਾਹੌਲ।
* ਕੰਮ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE : 604-244-1118, FAX : 604-270-3075



# ਸਿੱਖ ਧਰਮ ਦੀ ਪ੍ਰਸੰਗਿਕਤਾ
## ਅਤੇ ਸਿੱਖਾਂ ਵਿਚ ਉਪਰਾਮਤਾ

ਲੇਖਕ : ਅਮਰਜੀਤ ਸਿੰਘ ਮੁਲਤਾਨੀ

ਸਾਲ 2018 ਦੀ ਗੱਲ ਹੈ। ਮੈਂ ਰਿਚਮੰਡ ਹਿੱਲ ਸਥਿਤ ਅਕਾਊਂਟ ਦਾ ਕੰਮ ਕਰਨ ਵਾਲੇ ਸਰਬਜੀਤ ਸਾਹਨੀ ਦੇ ਦਫਤਰ ਗਿਆ। ਉਨ੍ਹਾਂ ਦੇ ਦਫਤਰ ਵਿਚ ਮੈਂ ਵੇਖਿਆ ਕਿ ਇਕ ਆਡਿਉ ਕੈਸਟ ਚੱਲ ਰਹੀ ਸੀ, ਤੇ ਸ਼ ਸਾਹਨੀ ਬੜੀ ਗਹੁ ਨਾਲ ਸੁਣ ਰਹੇ ਸਨ। ਉਤਸੁਕਤਾ ਵੱਸ ਮੈਂ, ਜਦੋਂ ਇਸ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਕੈਸੇਟ ਗੁਰੂ ਨਾਨਕ ਬਾਰੇ ਕਬੀਰ ਪੰਥੀਆਂ ਦੀ ਹੈ। ਮੈਂ ਵੀ ਨੇੜੇ ਹੀ ਕੁਰਸੀ ਖਿੱਚ ਲਈ ਤੇ ਸੁਣਨ ਲੱਗ ਪਿਆ। ਉਸ ਕੈਸੇਟ ਦਾ ਸਾਰ ਇਹ ਸੀ ਕਿ ਭਗਤ ਕਬੀਰ ਜੀ ਗੁਰੂ ਨਾਨਕ ਤੋਂ ਵੀ ਬਹੁਤ ਵੱਡੇ ਮਹਾਂਪੁਰਸ਼ ਹੋਏ ਹਨ। ਉਸ ਕੈਸੇਟ ਵਿਚ ਵਿਆਖਿਆਕਾਰ ਦੱਸ ਰਿਹਾ ਸੀ ਕਿ ਸੁਲਤਾਨਪੁਰ ਲੋਧੀ ਵਿਖੇ ਕਾਲੀ ਵੇਈਂ ਵਿਚ ਜਦੋਂ ਗੁਰੂ ਨਾਨਕ ਸਾਹਿਬ ਨੇ ਚੁੱਭੀ ਲਾਈ ਸੀ, ਤਾਂ ਉਸ ਵਕਤ ਭਗਤ ਕਬੀਰ ਉਨ੍ਹਾਂ ਦੇ ਸੰਗ ਸਨ ਤੇ ਭਗਤ ਕਬੀਰ ਜੀ ਨੇ ਗੁਰੂ ਨਾਨਕ ਦੀ ਪਰਮਾਤਮਾ ਨਾਲ ਸਾਖਿਆਤਕਾਰ ਦੌਰਾਨ ਮਾਰਗ ਦਰਸ਼ਨ ਕੀਤਾ ਸੀ।

ਵਾਰਤਾਕਾਰ ਦਾ ਇਹ ਸਭ ਕਹਿਣ ਦਾ ਮੁੱਖ ਮਨੋਰਥ ਸਿਰਫ ਇਹ ਜਾਪਦਾ ਸੀ ਕਿ ਭਗਤ ਕਬੀਰ ਜੀ, ਗੁਰੂ ਨਾਨਕ ਤੋਂ ਵੱਡੇ ਹਨ, ਜਿਸ ਨੇ ਗੁਰੂ ਨਾਨਕ ਨੂੰ ਪਰਮਾਤਮਾ ਨਾਲ ਮਿਲਾਇਆ। ਮੈਂ ਇਹ ਸਭ ਸੁਣ ਕੇ ਦੰਗ ਰਹਿ ਗਿਆ ਕਿ ਸਿੱਖ ਧਰਮ ਦੇ ਵਿਰੋਧੀ ਕਿਸ ਪੱਧਰ 'ਤੇ ਮਨ-ਘੜਤ ਕਹਾਣੀਆਂ ਬਣਾ ਰਹੇ ਹਨ ਤੇ ਉਨ੍ਹਾਂ ਨੂੰ ਫੈਲਾਅ ਵੀ ਰਹੇ ਹਨ। ਇਹ ਕਿਸ ਮਨੋਰਥ ਤਹਿਤ ਇਹ ਕੱਚ ਘੜ ਰਹੇ ਹਨ ਤੇ ਪ੍ਰਚਾਰ ਕਰ ਰਹੇ ਹਨ? ਉਨ੍ਹਾਂ ਦੀ ਗੁਰੂ ਨਾਨਕ ਬਾਰੇ ਸੋਚ ਕਿੰਨੀ ਤੰਗ ਹੈ? ਲੱਗਦਾ ਹੈ, ਉਹ ਗੁਰੂ ਨਾਨਕ ਨੂੰ ਅਤੇ ਉਨ੍ਹਾਂ ਦੀਆਂ ਅਧਿਆਤਮਕ ਮੱਲਾਂ ਨੂੰ ਦੋਇਮ ਦੱਸਣਾ ਚਾਹੁੰਦੇ ਹਨ? ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦਾ ਭਰਮ ਹੋ ਗਿਆ ਹੈ ਕਿ ਭਗਤ ਕਬੀਰ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਹੋਣਾ, ਸਿੱਖ ਧਰਮ ਦੀ ਹੋਂਦ ਦਾ ਵੱਡਾ ਕਾਰਨ ਹੈ? ਸ਼ਾਇਦ ਉਨ੍ਹਾਂ ਦਾ ਸੋਚਣਾ ਹੈ ਕਿ ਸਿੱਖ ਇਸ ਕਥਨ 'ਤੇ ਭਰੋਸਾ ਵੀ ਕਰ ਲੈਣਗੇ ਕਿ ਵਾਕੱਈ ਭਗਤ ਕਬੀਰ ਜੀ ਗੁਰੂ ਨਾਨਕ ਤੋਂ ਵੱਡੇ ਹੀ ਹਨ, ਕਿਉਂਕਿ ਭਗਤ ਕਬੀਰ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਸਿੱਖ ਉਸ ਨੂੰ ਨਿੱਤ ਪੜ੍ਹਦੇ ਵੀ ਬਹੁਤ ਹਨ ਅਤੇ ਨਿੱਤ ਸੁਣਦੇ ਵੀ ਬਹੁਤ ਹਨ, ਇਸ ਕਰਕੇ ਸਿੱਖਾਂ ਨੂੰ ਕੋਈ ਇਤਰਾਜ਼ ਨਹੀਂ ਹੋਏਗਾ। ਉਨ੍ਹਾਂ ਦੇ ਇਸ ਕਲਪਿਤ ਵਿਚਾਰ ਵਿਚ ਦਮ ਵੀ ਲੱਗਦਾ ਹੈ। ਕਿਵੇਂ ਅੱਜ ਕੱਲ੍ਹ ਦੇ ਸਿੱਖ ਅੰਧ ਭਗਤ ਬਣ ਗਏ ਹਨ ਅਤੇ ਉਨ੍ਹਾਂ ਨੂੰ ਜੀਵੰਤ ਗੁਰੂ ਨਾਨਕ ਤੇ ਮਿੱਟੀ ਦੇ ਮਾਧੋਆਂ ਵਿਚ ਫਰਕ ਨਜ਼ਰ ਨਹੀਂ ਆ ਰਿਹਾ! ਲੱਗਦਾ ਹੈ, ਸਿੱਖਾਂ ਨੂੰ ਆਪਣੇ ਗੁਰੂ 'ਤੇ ਮਾਣ ਨਹੀਂ?

ਮੇਰਾ ਆਪਣਾ ਵਿਚਾਰ ਹੈ ਕਿ ਭਗਤ ਕਬੀਰ ਦੀ ਬਾਣੀ ਦਾ ਜਿੰਨੀ ਵੱਡੀ ਪੱਧਰ 'ਤੇ ਪ੍ਰਚਾਰ ਤੇ ਪ੍ਰਸਾਰ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਰਾਹੀਂ ਕੀਤਾ ਹੈ, ਸ਼ਾਇਦ ਕਬੀਰ ਪੰਥੀ ਉਸ ਦੀ ਕਲਪਨਾ ਵੀ ਨਾ ਕਰ ਸਕਣ। ਜਿੰਨੀ ਭਗਤ ਕਬੀਰ ਦੀ ਬਾਣੀ ਦਾ ਗਾਇਨ ਗੁਰੂ ਗ੍ਰੰਥ ਸਾਹਿਬ ਕਰਕੇ ਸਿੱਖ ਗ੍ਰੰਥੀਆਂ ਤੇ ਕੀਰਤਨੀਆਂ ਨੇ ਕੀਤਾ ਹੈ, ਕਬੀਰ ਪੰਥੀਆਂ ਨੂੰ ਕਈ ਹੋਰ ਵਧੇਰੇ ਜਨਮਾਂ ਦੀ ਲੋੜ ਪਏਗੀ; ਪਰ ਵਿਚਾਰਨ ਵਾਲੀ ਗੱਲ ਤਾਂ ਇਹ ਹੈ, ਕੀ ਇੰਨਾ ਸਤਿਕਾਰ ਕਬੀਰ ਪੰਥੀਆਂ ਦੇ ਦਿਲ ਵਿਚ ਵੀ ਗੁਰੂ ਨਾਨਕ ਪ੍ਰਤੀ ਹੈ? ਗੁਰੂ ਨਾਨਕ ਵੱਲੋਂ ਆਪਣੇ ਤੋਂ ਕਈ ਸਾਲ ਪਹਿਲਾਂ ਜਨਮੇ ਭਗਤ ਦੀ ਧਰਮ ਦੇ ਨਾਮ 'ਤੇ ਸਮਾਜ ਵਿਚ ਹੋ ਰਹੇ ਅਨਿਆਂ ਵਿਰੁੱਧ ਬਗਾਵਤ ਕਰਨ ਦੀ ਦਲੇਰੀ ਦੀ ਉਪਮਾ ਹਿੱਤ ਸਤਿਕਾਰ ਦੇਣ ਲਈ ਉਸ ਦੀ ਬਾਣੀ ਨੂੰ ਆਪਣੇ ਬਰਾਬਰ ਦਾ ਦਰਜਾ ਦੇਣਾ ਕੀ ਕੋਈ ਕਮਜ਼ੋਰੀ ਦਾ ਵਿਸ਼ਾ ਹੈ? ਹਰਗਿਜ ਨਹੀਂ! ਕਬੀਰ ਪੰਥੀਆਂ ਨੇ ਕੀ ਗੁਰੂ ਨਾਨਕ ਨੂੰ ਵੀ ਪੜ੍ਹਿਆ ਅਤੇ ਵਿਚਾਰਿਆ ਹੈ? ਕੀ ਉਨ੍ਹਾਂ ਨੇ ਗੁਰੂ ਨਾਨਕ ਦੀ ਸਿਰਜੀ 'ਜਪੁਜੀ' ਪੜ੍ਹੀ ਅਤੇ ਉਸ ਦਾ ਅਧਿਐਨ ਕੀਤਾ ਹੈ? ਕੀ ਉਨ੍ਹਾਂ ਨੇ ਸਿੱਖ ਧਰਮ ਦਾ ਆਕਾਰ ਵੀ ਨਹੀਂ ਵਿਚਾਰਿਆ? ਕਬੀਰ ਪੰਥੀਆਂ ਦੀ ਇਹ ਹਰਕਤ ਸ਼ਾਇਦ ਆਪਣੀ ਹਉਮੈ ਦੇ ਉਲਾਰ ਨੂੰ ਹਲੂਣਾ ਦੇਣ ਵਾਲੀ ਜਾਪਦੀ ਹੈ। ਉਨ੍ਹਾਂ ਨੂੰ ਇਹ ਜ਼ਰੂਰ ਵਿਚਾਰਨਾ ਚਾਹੀਦਾ ਸੀ ਕਿ ਭਗਤ ਕਬੀਰ ਤਾਂ ਪੁਰਾਤਨ ਬਨਾਰਸ ਜਾਂ ਮਗਹਰ ਵਿਚ ਹੀ ਆਪਣੇ ਕਿੱਤੇ ਨਾਲ ਬੱਝੇ ਹੋਏ, ਸਮਕਾਲੀ ਹਿੰਦੂ ਤੇ ਇਸਲਾਮ ਧਰਮਾਂ ਵਿਚ ਊਣਤਾਈਆਂ ਵਿਰੁੱਧ ਸਿਰਫ ਅਵਾਜ਼ ਬੁਲੰਦ ਕਰ ਰਹੇ ਸਨ, ਜਦੋਂ ਕਿ ਗੁਰੂ ਨਾਨਕ ਨੇ ਹਿੰਦੁਸਤਾਨ ਸਮੇਤ ਦੁਨੀਆਂ ਦੇ ਦੂਰ-ਦੁਰਾਡੇ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ ਅਤੇ ਜਿੱਥੇ ਵੀ ਗਏ, ਆਪਣੇ ਸੰਸਾਰਕ ਅਧਿਆਤਮਕ ਗਿਆਨ ਨਾਲ ਆਪਣੇ ਉੱਥੋਂ ਦੇ ਧਰਮਾਧਿਕਾਰੀਆਂ ਦੇ ਪ੍ਰਸ਼ਨਾਂ ਦੇ ਲਾਜਵਾਬ ਉੱਤਰ ਦਿੱਤੇ। ਸਿੱਖਾਂ ਅਤੇ ਉਨ੍ਹਾਂ ਦੇ ਗ੍ਰਹਿ ਪੰਜਾਬ ਵਿਚ ਬਾਬਿਆਂ ਅਤੇ ਡੇਰਿਆਂ ਦੇ ਵਿਸ਼ਾਲ ਜੰਜਾਲ ਦੇ ਫੈਲਾਉ ਪਿੱਛੇ ਮੇਰੇ ਖਿਆਲ ਵਿਚ ਸਿੱਖਾਂ ਦੀ ਆਪਣੀ ਢਿੱਲੀ ਸੋਚ ਤੇ ਇਕ ਅਦ੍ਰਿਸ਼ ਰੱਬੀ ਡਰ ਦਾ ਪਹਿਰਾ ਹੋਣਾ ਲੱਗਦਾ ਹੈ! ਪਰ ਗੁਰੂ ਨਾਨਕ ਨੇ ਤਾਂ ਆਪਣੇ ਸਿੱਖ ਨੂੰ ਨਿਡਰ ਬਣਾਇਆ ਹੈ। ਸਿੱਖ ਧਰਮ, ਜੋ ਹਰ ਸਿੱਖ ਵਿਅਕਤੀ ਦਾ ਨਿੱਜੀ ਤੇ ਬਹੁਤ ਅਹਿਮ ਮਸਲਾ ਹੈ, ਬਾਰੇ ਹਰ ਸਿੱਖ ਵਿਅਕਤੀ ਨੂੰ ਨਿੱਜੀ ਤੌਰ 'ਤੇ ਹਰ ਵੇਲੇ ਚੌਕੰਨਾ ਰਹਿਣਾ ਚਾਹੀਦਾ ਹੈ। ਅਫਸੋਸ ਦੀ ਗੱਲ ਹੈ ਕਿ ਸਿੱਖਾਂ ਨੇ ਇਸ ਬਾਰੇ ਨਿੱਜੀ ਤੌਰ 'ਤੇ ਵਿਚਾਰਨਾ ਬਿਲਕੁਲ ਹੀ ਛੱਡ ਦਿੱਤਾ ਹੈ। ਗੁਰੂ ਨਾਨਕ ਨੇ ਗਿਆਨ ਦੇ ਪੱਖੋਂ ਆਪਣੇ ਸਿੱਖ ਨੂੰ ਮਾਲਾ-ਮਾਲ ਕੀਤਾ ਹੋਇਆ ਹੈ, ਪਰ ਕਿਸੇ ਵੀ ਸਿੱਖ ਨੂੰ ਇਸ ਗਿਆਨ ਦੇ ਖਜਾਨੇ ਦਾ ਪਤਾ ਹੀ ਨਹੀਂ। ਸਿੱਖਾਂ ਨੂੰ ਜੇ ਗਿਆਨ ਹੈ ਤਾਂ, ਉਹ ਹੈ ਉਨ੍ਹਾਂ ਅਪ੍ਰਮਾਣਿਤ ਸਾਖੀਆਂ ਦਾ, ਜੋ ਸਿੱਖ ਧਰਮ ਦੇ ਪੂਰਬਲੇ ਸਿੱਖੀ ਸਰੂਪ ਵਾਲੇ ਦੋਖੀਆਂ ਨੇ ਹਿੰਦੂ ਧਰਮ ਦੀਆਂ ਮਾਨਤਾਵਾਂ ਦੇ ਸਮਾਨੰਤਰ ਲਿਖੀਆਂ ਸਨ। ਚਾਹੀਦਾ ਤਾਂ ਸੀ ਕਿ ਸਿੱਖ ਜਿੱਥੇ ਵੀ ਖੜੋਏ, ਉਸ ਤੋਂ ਕਤਾਰ ਸ਼ੁਰੂ ਹੁੰਦੀ, ਪਰ ਹੋ ਰਿਹਾ ਹੈ ਇਸ ਦੇ ਬਿਲਕੁਲ ਉਲਟ। ਅੱਜ ਦਾ ਸਿੱਖ, ਗੁਰੂ ਨਾਨਕ ਵੱਲੋਂ ਖੁੰਡੇ ਕੀਤੇ ਤਰਕ-ਵਿਹੀਣ ਕੱਚੇ ਤੇ ਪਿੱਲੇ 'ਹਿੰਦੂ' ਦੇ ਪਿੱਛੇ ਕਤਾਰ ਵਿਚ ਖਲੋਤਾ ਹੁੰਦਾ ਹੈ।

ਮੇਰਾ ਇਹ ਸੋਚਣਾ ਹੈ ਕਿ ਗੁਰੂ ਨਾਨਕ ਵੱਲੋਂ ਹਕੀਕੀ ਰੂਪ ਵਿਚ ਲਿਤਾੜੀ ਮਨੁੱਖਤਾ ਲਈ ਜੋ ਵੱਡੇ ਅਤੇ ਕ੍ਰਾਂਤੀਕਾਰੀ ਕਾਰਜ ਕੀਤੇ ਗਏ ਸਨ, ਦਾ ਸਹੀ ਮੁਲੰਕਣ ਹੋਇਆ ਹੀ ਨਹੀਂ। ਜਿੰਨੇ ਵੱਡੇ ਕਾਰਜ ਸਨ, ਗੁਰੂ ਨਾਨਕ ਨੂੰ ਉਸ ਦੇ ਅਨੁਰੂਪ ਵਿਸ਼ਾਲ ਦਿੱਖ ਨਹੀਂ ਮਿਲੀ। ਗੁਰੂ ਨਾਨਕ, ਸਿੱਖਾਂ ਲਈ ਇੱਕੋ ਇੱਕ ਦਿਉਕੱਦ ਚਿਹਰਾ ਹੋਣਾ ਚਾਹੀਦਾ ਸੀ, ਪਰ ਇਹ ਹਕੀਕਤ ਵਿਚ ਨਜ਼ਰ ਨਹੀਂ ਆਉਂਦਾ। ਹਰ ਗੁਰੂ ਕਾਲ ਵਿਚ ਗੁਰੂ ਨਾਨਕ ਦੇ ਕਾਰਜ ਅਤੇ ਮੂਲ ਮੰਤਰ ਦਾ ਫਲਸਫਾ ਹੀ ਪ੍ਰਮੁੱਖਤਾ ਦਾ ਵਿਸ਼ਾ ਹੋਣਾ ਚਾਹੀਦਾ ਸੀ, ਪਰ ਗੁਰੂ ਨਾਨਕ ਦੇ ਨਾਮ ਨੂੰ ਹੀ ਸਿਰਫ ਸੰਸਥਾਪਕ ਮੁਖੀ ਵਜੋਂ ਹੀ ਵਰਤਿਆ ਗਿਆ। ਸਿੱਖ ਧਰਮ ਵਿਚ 'ਇੱਕ ਜੋਤ' ਸਿਰਫ ਲਿਖਤੀ ਤੌਰ 'ਤੇ ਰਿਹਾ, ਪਰ ਕਾਰਜਾਂ ਵਿਚ ਅਨੇਕਤਾ ਦਾ ਪ੍ਰਚਲਨ ਹੀ ਪ੍ਰਤੀਬਿੰਬਤ ਹੈ। ਇਹ ਸਭ ਹਿੰਦੂਆਂ ਤੋਂ ਸਿੱਖ ਬਣੇ ਭੇਖੀ ਦੋਖੀਆਂ ਨੇ ਸਿੱਖ ਗੁਰੂਆਂ ਦੀ ਹਲੀਮੀ ਅਤੇ ਦਿਆਨਤਦਾਰੀ ਨੂੰ ਬੜੇ ਲੁਕਵੇਂ ਢੰਗ ਨਾਲ ਵਰਤਦਿਆਂ ਹੌਲੀ-ਹੌਲੀ ਗੁਰੂ ਨਾਨਕ ਵੱਲੋਂ ਪ੍ਰਚਾਰਿਤ ਨਿਜ਼ਾਮ ਨੂੰ ਮਨਫੀ ਕਰਦਿਆਂ, ਹਰ ਸਿੱਖ ਗੁਰੂ ਨੂੰ ਗੁਰੂ ਨਾਨਕ ਦੇ ਸਮਾਨੰਤਰ ਸਥਾਪਿਤ ਕਰਨ ਦੇ ਯਤਨ ਕੀਤੇ। ਇਹ ਪ੍ਰਭਾਵ ਸਥਾਪਤ ਕੀਤਾ ਗਿਆ ਕਿ ਹਰ ਗੁਰੂ ਆਪਣੇ ਆਪ ਵਿਚ ਸੰਪੂਰਨ ਤੇ ਸਮਰੱਥ ਹੈ। ਇਹ ਪੰਜਵੇਂ ਗੁਰੂ ਅਰਜਨ ਦੇਵ ਦਾ ਨਿੱਜੀ ਯਤਨ ਸੀ ਕਿ ਹਰ ਗੁਰਬਾਣੀ ਦੀ ਅੰਤਿਕਾ ਵਿਚ 'ਨਾਨਕ' ਦੀ ਮੋਹਰ ਕਾਰਨ 'ਗੁਰੂ ਨਾਨਕ' ਨੂੰ ਪੂਰੇ ਗੁਰੂ ਕਾਲ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ।

ਗੁਰੂ ਨਾਨਕ ਵੱਲੋਂ ਹਰ ਸਿੱਖ ਲਈ ਜ਼ਰੂਰੀ ਮੂਲ ਮੰਤਰ 'ਤੇ ਅਜੇ ਤੱਕ ਸਿੱਖ ਵਿਦਵਾਨਾਂ ਨੇ ਪੂਰਨ ਵਿਸਤਾਰ ਸਹਿਤ ਵਿਚਾਰ ਹੀ ਨਹੀਂ ਕੀਤਾ, ਨਾ ਹੀ ਇਸ ਪਿੱਛੇ ਲੁਕੇ ਵਿਸ਼ਾਲ ਤੇ ਬ੍ਰਹਿਮੰਡ ਦੇ ਮਰਮ ਨੂੰ ਵਿਚਾਰਿਆ ਹੈ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਸਿੱਖ ਵਿਦਵਾਨਾਂ ਨੇ 'ਮੂਲ ਮੰਤਰ' ਬਾਰੇ ਸਿੱਖੀ ਸਰੂਪ ਵਾਲੇ ਬ੍ਰਾਹਮਣੀ ਵਿਚਾਰਧਾਰਾ ਨਾਲ ਭਿੱਜੇ ਹੋਏ ਅਖੌਤੀ ਸਿੱਖ ਵਿੱਦਵਾਨਾਂ ਵੱਲੋਂ ਸੁਝਾਏ ਅਰਥਾਂ 'ਤੇ ਅੱਖਾਂ ਬੰਨ ਕੇ ਮੰਨਣ ਨੂੰ ਪਹਿਲ ਦਿੱਤੀ। ਭੇਖੀ ਸਿੱਖ ਵਿਦਵਾਨਾਂ ਨੇ ਗੁਰੂ ਨਾਨਕ ਵੱਲੋਂ ਵਰੋਸਾਏ ਨਵੇਂ ਸੁਜਾਖੇ ਸਿੱਖਾਂ ਵਿਚਕਾਰ ਆਪਣੇ ਸਮਕਾਲੀ ਹਿੰਦੂਆਂ ਵਾਂਗ ਕਲਪਿਤ ਘਟਨਾਵਾਂ ਅਤੇ ਗੱਲਾਂ 'ਤੇ ਅੰਧ-ਵਿਸ਼ਵਾਸ ਕਰਨ ਦੀ ਮੁਹਿੰਮ 'ਤੇ ਬੜੀ ਸ਼ਿੱਦਤ ਨਾਲ ਕੰਮ ਕੀਤਾ। ਉਹ ਪੁਰਾਤਨ ਤੇ ਟਕਸਾਲੀ ਸਿੱਖਾਂ ਨੂੰ ਤਾਂ ਨਹੀਂ ਵਰਗਲਾ ਸਕੇ, ਪਰ ਨਵੇਂ ਬਣੇ ਸਿੱਖਾਂ ਵਿਚ ਉਹ ਅੰਧ-ਵਿਸ਼ਵਾਸ ਦੀ ਧਾਰਨਾ ਸਥਾਪਿਤ ਕਰਨ ਵਿਚ ਕੁਝ ਹੱਦ ਤੱਕ ਸਫਲ ਰਹੇ।

ਗੁਰੂ ਨਾਨਕ ਸਾਹਿਬ ਮੂਲ ਮੰਤਰ ਵਿਚ ਕਹਿਣਾ ਕੀ ਚਾਹੁੰਦੇ ਹਨ? ਆਮ ਉੱਤਰ ਮਿਲਦਾ ਹੈ ਕਿ ਗੁਰੂ ਸਾਹਿਬ ਕਹਿੰਦੇ ਹਨ, 'ਰੱਬ' ਇੱਕ ਹੈ; ਤਾਂ ਫਿਰ ਇਸ ਵਿਚ ਨਵੀਂ ਗੱਲ ਕੀ ਹੈ? ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਾਰੇ ਧਰਮਾਂ ਦੇ ਸੰਸਥਾਪਕਾਂ ਨੇ ਵੀ ਤਾਂ ਘੁਮਾ ਫਿਰਾ ਕੇ ਇਹ ਹੀ ਕਿਹਾ ਹੈ ਕਿ ਰੱਬ ਇਕ ਹੈ, ਪਰ ਉਨ੍ਹਾਂ ਦੇ ਕਹਿਣ ਦਾ ਅਸਿੱਧਾ ਤੇ ਲੁਕਵਾਂ ਅਰਥ ਇਹ ਹੁੰਦਾ ਹੈ ਕਿ ਉਹ (ਗੁਰੂ) ਖੁਦ ਹੀ ਉਸ ਵਿਸ਼ੇਸ਼ ਧਰਮ ਨੂੰ ਮੰਨਣ ਵਾਲਿਆਂ ਦਾ ਇੱਕੋ ਇੱਕ ਰੱਬ ਹੈ। ਮਿਸਾਲ ਵਜੋਂ ਇਸਲਾਮ ਦੇ ਪੈਰੋਕਾਰਾਂ ਦਾ ਮੰਨਣਾ ਹੈ ਕਿ ਦੁਨੀਆਂ ਦਾ ਇੱਕੋ ਇੱਕ ਰੱਬ ਯਾਨਿ 'ਅੱਲਾ' ਹੀ ਹੈ। ਠੀਕ ਇਵੇਂ ਹੀ ਈਸਾਈਆਂ ਦਾ ਵਿਸ਼ਵਾਸ ਹੈ ਕਿ ਦੁਨੀਆਂ ਵਿਚ ਇੱਕ ਹੀ ਰੱਬ ਹੈ, ਤੇ ਉਹ ਹੈ, 'ਯਸ਼ੂ ਮਸੀਹ।' ਹਿੰਦੂ 33 ਕਰੋੜ ਦੇਵੀ-ਦੇਵਤਿਆਂ ਦੀ ਫੌਜ ਕਿੱਲੇ ਬੰਨੀ ਬੈਠੇ ਹਨ। ਹਰ ਧਰਮ ਕਹਿੰਦਾ ਹੈ, ਸਭ ਕੁਝ ਉਨ੍ਹਾਂ ਦੇ ਰੱਬ ਵੱਲੋਂ ਕੀਤਾ ਹੀ ਹੋ ਰਿਹਾ ਹੈ? ਹਰ ਧਰਮ ਵਿਚ ਆਪਣੇ ਪੈਰੋਕਾਰਾਂ ਨੂੰ ਨਿਯੰਤ੍ਰਿਤ ਕਰਨ ਲਈ ਸਵਰਗ ਤੇ ਨਰਕ ਜ਼ਰੂਰ ਹੁੰਦੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਸਵਰਗ ਦੀਆਂ ਚਾਬੀਆਂ ਹਰ ਧਰਮ ਦੇ ਅਵਤਾਰਾਂ ਪਾਸ ਹੀ ਹੁੰਦੀਆਂ ਹਨ ਅਤੇ ਸਵਰਗ ਵਿਚ ਦਾਖਲਾ ਵੀ ਉਨ੍ਹਾਂ ਅਵਤਾਰੀ ਪੁਰਸ਼ਾਂ ਦੀ ਸਿਫਾਰਸ਼ ਨਾਲ ਹੀ ਮਿਲਦਾ ਹੈ, ਜਿਸ ਲਈ ਉਨ੍ਹਾਂ ਦੇ ਧਰਮਾਂ ਦੀ ਇੰਨ-ਬਿੰਨ ਪਾਲਣਾ ਸਭ ਤੋਂ ਵੱਡੀ ਸ਼ਰਤ ਹੁੰਦੀ ਹੈ। ਸਵਰਗ ਦੇ ਨਾਲ ਭਿਅੰਕਰ ਨਰਕ ਵੀ ਹੈ, ਜਿਸ ਵਿਚ ਧਰਮ ਦੀ ਸਹੀ ਪਾਲਣਾ ਨਾ ਕਰਨ ਵਾਲਿਆਂ ਨੂੰ ਘੋਰ ਸਜ਼ਾਵਾਂ ਦੇਣ ਦੇ ਪ੍ਰਬੰਧ ਹੁੰਦੇ ਹਨ। ਇਹ ਸਭ ਧਰਮ ਨਾ ਹੋ ਕੇ ਮਨੁੱਖ ਲਈ 'ਆ ਬੈਲ ਮੁਝੇ ਮਾਰ' ਵਾਲੀ ਗੱਲ ਹੈ।

(ਜੇ ਰੱਬ ਇੱਕ ਹੀ ਹੈ ਅਤੇ ਇਹੋ ਵੱਡਾ ਸੱਚ ਹੈ ਤਾਂ ਫਿਰ ਉਸ ਵਕਤ ਦੀ ਖਲਕਤ ਧਰਮਾਂ ਅਤੇ ਇਨ੍ਹਾਂ ਵੱਲੋਂ ਨਿਰਮਿਤ ਸਮਾਜਾਂ ਤੋਂ ਦੁਖੀ ਤੇ ਅਵਾਜ਼ਾਰ ਕਿਉਂ ਸੀ? ਭਾਈ ਗੁਰਦਾਸ ਜੀ ਨੂੰ ਕਿਉਂ ਉਸ ਸਮੇਂ ਨੂੰ 'ਜਗਤ ਜਲੰਦਾ' ਕਹਿਣਾ ਪਿਆ? ਵੱਖ-ਵੱਖ ਧਰਮਾਂ ਦੇ ਅਣਗਿਣਤ ਲੋਕਾਂ ਨੂੰ ਗੁਰੂ ਨਾਨਕ ਦੇ '੧ਓ ਸਤਿਨਾਮ ਕਰਤਾ ਪੁਰਖ' ਦੇ ਫਲਸਫੇ ਨੇ ਕਿਉਂ ਤੇ ਕਿਵੇਂ ਪ੍ਰਭਾਵਿਤ ਕੀਤਾ? ਗੁਰੂ ਨਾਨਕ ਨੇ ਕਿਹਾ ਕਿ ਧਰਮ ਤਾਂ ਇੱਕ ਅਲੌਕਿਕ ਅਹਿਸਾਸ ਦਾ ਨਾਮ ਹੈ, ਜੋ ਹਰ ਪਲ ਮਨੁੱਖ ਨੂੰ ਖੁੱਲ੍ਹ ਕੇ ਕਰਤੇ ਦੀ ਸਿਰਜੀ ਕਾਇਨਾਤ ਅਤੇ ਇਸ ਦੀ ਸਿਰਜਣਾ ਦਾ ਸੰਪੂਰਨ ਸਵਰਗੀ ਅਨੰਦ ਲੈਣ ਲਈ ਚਾਹਤ ਦੀ ਸਿਰਜਣਾ ਕਰਦਾ ਹੈ।)

ਗੁਰੂ ਨਾਨਕ ਨੇ ਖੰਡਨ ਕੀਤਾ ਹੈ, ਸਾਰੇ ਧਰਮਾਂ ਦੇ ਮਨੁੱਖੀ ਪੈਗੰਬਰਾਂ ਅਤੇ ਉਨ੍ਹਾਂ ਦੇ ਸ਼ੁਰੂਆਤੀ ਦੌਰ ਦੇ ਪੈਰੋਕਾਰਾਂ ਵੱਲੋਂ ਆਪਣੀ ਸੋਚ ਤੇ ਸਮਝ ਅਨੁਸਾਰ ਸਿਰਜੇ ਧਰਮ ਅਤੇ ਇਸ ਦੇ ਪ੍ਰਬੰਧਨ ਲਈ ਤਿਆਰ ਨਿਯਮਾਂ ਦਾ; ਨਿਯਮਾਂ ਅਨੁਸਾਰ ਤੈਅ ਕੀਤੀਆਂ ਜਿਉਂਦੇ ਜੀਅ ਸਜ਼ਾਵਾਂ ਦਾ; ਸ਼ਰਨ ਵਿਚ ਆਉਣ 'ਤੇ ਮੁਆਫੀਆਂ ਦਾ ਅਤੇ ਫਿਰ ਅਖੀਰ ਵਿਚ ਮਰਨ ਪਿਛੋਂ ਸਵਰਗ ਦਾ ਲੋਭ! ਧਰਮ ਦੇ ਮਾਰਗ 'ਤੇ ਨਾ ਚੱਲਣ ਵਾਲਿਆਂ ਨੂੰ ਨਰਕ ਵਿਚ ਦਿੱਤੇ ਜਾਣ ਵਾਲੇ ਤਸੀਹਿਆਂ ਦੇ ਡਰ ਵਾਲੇ ਨਿਜ਼ਾਮ ਦਾ। ਧਰਮ ਇੱਕ ਅਜਿਹਾ ਮਾਰੂ ਮਾਨਸਿਕ ਹਥਿਆਰ ਬਣ ਗਿਆ ਹੈ, ਜੋ ਮਨੁੱਖ ਨੂੰ ਅਣ-ਐਲਾਨੀ ਮਾਨਸਿਕ ਜਲਾਵਤਨੀ ਵਿਚ ਸਾਰੀ ਉਮਰ ਉਲਝਾਈ ਰੱਖਦਾ ਹੈ। ਗੁਰੂ ਨਾਨਕ ਮਨੁੱਖ ਨੂੰ ਧਰਮ ਦੇ ਨਾਮ 'ਤੇ ਉਪਰੋਕਤ ਉਲਝਣਾਂ ਵਿਚ ਉਲਝਾਏ ਜਾਣ ਦੇ ਵਿਰੋਧ ਵਿਚ ਸਨ/ਹਨ। ਜਿਵੇਂ-ਜਿਵੇਂ ਧਰਮ ਵਧਦਾ ਅਤੇ ਫੈਲਦਾ ਹੈ, ਇਸ ਦੇ ਸੰਚਾਲਕਾਂ ਦੀਆਂ ਨੀਤੀਆਂ ਵੀ ਸਮੇਂ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ। ਧਰਮ ਦੇ ਸਵਰੂਪ ਤੇ ਸੋਚ ਵਿਚ ਸਮੇਂ ਨਾਲ ਤਬਦੀਲੀਆਂ ਆਉਣੀਆਂ ਲਾਜ਼ਮੀ ਹਨ, ਪਰ ਹਮੇਸ਼ਾ ਇਹ ਧਰਮ ਦੀਆਂ ਪਾਬੰਦੀਆਂ ਮਨੁੱਖ ਦੀ ਨਿੱਜੀ ਤੇ ਆਜ਼ਾਦਾਨਾ ਸੋਚ ਦੀ ਪ੍ਰਵਿਰਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਮਨੁੱਖ ਆਤਮਿਕ ਤੌਰ 'ਤੇ ਕਰਤੇ ਵੱਲੋਂ ਬਖਸ਼ੇ ਜਮਾਂਦਰੂ ਬੁੱਧ ਅਤੇ ਬਲ ਤੋਂ ਵੀ ਬਲਹੀਣ ਹੋਣ ਲੱਗ ਪਿਆ ਹੈ। ਉਸ ਦਾ ਹਰ ਕੰਮ ਅਤੇ ਹਰ ਫੈਸਲਾ ਨਿਰੋਲ ਉਸ ਦਾ ਨਾ ਹੋ ਕੇ ਉਸ ਦੇ ਧਰਮ ਅਤੇ ਧਰਮ ਅਨੁਸਾਰ ਘੜੇ ਹੋਏ ਸਮਾਜ ਦੀਆਂ ਮਾਨਤਾਵਾਂ ਅਧੀਨ ਹੁੰਦਾ ਹੈ। ਮਨੁੱਖ, ਮਨੁੱਖ ਨਹੀਂ ਰਹਿੰਦੇ, ਉਨ੍ਹਾਂ 'ਤੇ ਵਿਸ਼ੇਸ਼ ਧਰਮ ਵਾਲੇ ਹੋਣ ਦਾ ਠੱਪਾ ਲੱਗ ਜਾਂਦਾ ਹੈ।

ਗੁਰੂ ਨਾਨਕ ਨੇ ਮਨੁੱਖੀ ਪੈਗੰਬਰਾਂ ਵੱਲੋਂ ਈਜਾਦ ਕੀਤੇ ਧਰਮਾਂ ਦੀ ਆੜ ਵਿਚ ਮਨੁੱਖਾਂ ਦੀ ਆਪਸ ਵਿਚ ਅਤੇ ਮਨੁੱਖਤਾ ਤੋਂ ਦੂਰੀ, ਸਮਾਜ ਵਿਚ ਅਸਮਾਨਤਾਵਾਂ, 'ਮੈਂ' ਹੀ 'ਮੈਂ' ਦੇ ਦਾਅਵੇ ਅਤੇ ਬ੍ਰਹਿਮੰਡ ਦੇ ਅਸਲ ਕਰਤੇ ਦੀ ਅਣਦੇਖੀ ਜਿਹੇ ਦਾਵਿਆਂ ਨੂੰ ਨਕਾਰਿਆ, ਲੋਕਾਈ ਨੂੰ ਸੰਦੇਸ਼ ਦਿੱਤਾ ਕਿ ਇਹ ਸਭ ਯੋਨੀਆਂ ਤੋਂ ਜਨਮ ਲੈਣ ਵਾਲੇ ਇਨਸਾਨ, ਜੋ ਰੱਬ ਬਣਨ ਦਾ ਦਾਅਵਾ ਕਰਦੇ ਹਨ ਤੇ ਬ੍ਰਹਿਮੰਡ ਘੜਨ ਦੀਆਂ ਗੱਲਾਂ ਕਰਦੇ ਹਨ, ਸਭ ਝੂਠੇ ਤੇ ਇਕ ਦੂਜੇ ਦੇ ਪਰਸਪਰ ਵਿਰੋਧੀ ਹਨ। 'ਗੁਰੂ ਨਾਨਕ ਨੇ ਸੰਸਾਰ ਵਿਚ ਪਹਿਲੀ ਵਾਰ ਇਹ ਅਲੋਕਾਰੀ ਸੱਚ ਲੋਕਾਂ ਸਾਹਮਣੇ ਰੱਖਿਆ' ਕਿ ਇਸ ਬ੍ਰਹਿਮੰਡ ਦਾ ਕਰਤਾ ਸਿਰਫ ਇੱਕ ਹੈ, ਉਸ ਦਾ ਨਾਮ ਸੱਚ ਹੈ ਤੇ ਇਹੋ ਹੀ ਕਰਤਾ ਹੈ, ਉਹ ਸੱਚ ਹੈ ਤੇ ਨਿਰਭਉ ਹੈ, ਉਹ ਸੱਚ ਹੈ, ਤੇ ਨਿਰਵੈਰ ਹੈ, ਉਹ ਸੱਚ ਹੈ ਤੇ ਅਕਾਲਿ ਮੂਰਤ ਹੈ, ਉਹ ਸੱਚ ਹੈ ਤੇ ਅਜੂਨੀ ਹੈ, ਉਹ ਸੱਚ ਹੈ ਤੇ ਸੈਭੰ ਹੈ, ਉਹ ਸੱਚ ਹੀ ਗੁਰ ਦਾ ਪ੍ਰਸਾਦਿ ਹੈ, ਯਾਦ ਰੱਖੋ ਕਿ ਉਹ ਆਦਿ ਵਿਚ ਸਚੁ ਸੀ, ਜੁਗਾਦਿ ਵਿਚ ਸੱਚ ਸੀ; ਗੁਰੂ ਨਾਨਕ ਦਾ ਕਹਿਣਾ ਹੈ ਕਿ ਇਹ ਹੈ ਵੀ ਸਚੁ ਅਤੇ ਇਸੇ ਸਚੁ ਦਾ ਵਰਤਾਰਾ ਹੀ ਰਹਿਣਾ ਹੈ।

ਗੁਰੂ ਨਾਨਕ ਦਾ 'ਕਰਤਾ ਪੁਰਖ' ਵਾਲਾ ਸੱਚ ਦੱਸਣ ਦਾ ਮਕਸਦ ਲੋਕਾਈ ਨੂੰ ਸਾਵਧਾਨ ਕਰਨਾ ਸੀ ਕਿ ਇਨ੍ਹਾਂ, ਜੋ ਧਰਮਾਂ ਦਾ ਅਤੇ ਉਸ ਦੇ ਦੇਵੀ, ਦੇਵਤਿਆਂ ਅਤੇ ਕਰਮ ਕਾਂਡਾਂ ਦਾ ਅਨੁਸ਼ਰਨ ਤੁਸੀਂ ਕਰ ਰਹੇ ਹੋ, ਇਹ ਸਭ ਮਿਥਿਆ ਹੈ। ਇਹ ਜੋ ਦੇਵੀਆਂ ਜਾਂ ਦੇਵਤਿਆਂ ਦੀਆਂ ਸ਼ਕਤੀਆਂ ਅਤੇ ਉਨ੍ਹਾਂ ਵੱਲੋਂ ਬ੍ਰਹਿਮੰਡ ਦੀ ਕਾਰਜ ਵਿਧੀ ਤੈਅ ਕਰਨਾ ਤੇ ਆਪਣੀ ਅਧੀਨਗੀ ਦੇ ਜੋ ਦਾਅਵੇ ਕਰਦੇ ਹਨ, ਸਭ ਨਿਰਾਧਾਰ ਹਨ। ਇਨ੍ਹਾਂ ਵੱਲੋਂ ਤੈਅ ਕੀਤੇ ਕਰਮ ਕਾਂਡ ਵੀ ਝੂਠੇ ਹਨ, ਅਤੇ ਇਨ੍ਹਾਂ ਸਭਨਾਂ ਦਾ ਮੁੱਖ ਉਦੇਸ਼ ਵੱਖ-ਵੱਖ ਧਰਮਾਂ ਦੇ ਨਾਮ 'ਤੇ ਪਹਿਲਾਂ ਮਨੁੱਖ ਅਤੇ ਫਿਰ ਹੌਲੀ-ਹੌਲੀ ਸਾਰੀ ਮਨੁੱਖਤਾ ਨੂੰ ਆਪਣਾ ਦਾਸ ਬਣਾਉਣਾ ਹੈ। ਇਹ ਮਨੁੱਖਾਂ ਵਿਚ ਵੰਡੀਆਂ ਪਾ ਕੇ ਇਨਸਾਨੀ ਜੀਵਨ ਨੂੰ ਆਪਣੀਆਂ ਰਹਿਤਾਂ ਬਹਿਤਾਂ ਦਾ ਗੁਲਾਮ ਬਣਾ ਆਪਣਾ ਨਾਮ ਜਪਾਉਣਾ ਹੈ। ਇਹ ਸੱਚ ਦੀ ਵਣਜ ਨਹੀਂ ਕਰਦੇ। ਇਨ੍ਹਾਂ ਵੱਲੋਂ ਤਿਆਰ ਕੀਤਾ ਪਸਾਰਾ ਵੀ ਝੂਠ ਹੈ। ਇਨ੍ਹਾਂ ਦੇ ਕਰਮ ਕਾਂਡਾਂ ਪਿੱਛੇ ਕੋਈ ਸੱਚਾਈ ਵੀ ਨਹੀਂ ਹੈ।

ਇਨ੍ਹਾਂ ਦੇ ਬਿਲਕੁਲ ਵਿਪਰੀਤ ਗੁਰੂ ਨਾਨਕ ਜਿੱਥੇ ਕਿਤੇ ਵੀ ਗਏ, ਸੱਚ ਅਤੇ ਸਿਰਫ ਸੱਚ ਦੀਆਂ ਹੀ ਬਾਤਾਂ ਪਾਈਆਂ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਜੋ ਕੁਝ ਵੀ ਲੋਕਾਂ ਨੂੰ ਉਪਦੇਸਿਆ, ਸਭ ਕੁਝ ਆਪਣੇ ਕੀਤੇ ਕਾਰਜਾਂ ਰਾਹੀਂ ਸਿੱਧ ਵੀ ਕੀਤਾ ਹੈ। ਉਨ੍ਹਾਂ ਨੇ ਕਿਸੇ ਜੰਤਰ-ਮੰਤਰ ਦਾ ਪ੍ਰਚਾਰ ਨਹੀਂ ਕੀਤਾ, ਨਾ ਹੀ ਉਨ੍ਹਾਂ ਨੇ ਕਿਸੇ ਦੇਵੀ ਜਾਂ ਦੇਵਤੇ ਦੀ ਕੋਈ ਰਿੱਧੀ ਜਾਂ ਸਿੱਧੀ ਕੀਤੀ ਹੈ। ਗੁਰੂ ਨਾਨਕ ਦਾ ਤਾਂ ਕਹਿਣਾ ਹੈ ਕਿ 'ਮਨ ਤੂੰ ਜੋਤੀ ਸਰੂਪ ਹੈ, ਅਪਨਾ ਮੂਲ ਪਛਾਨ।' ਜਿਤਨੀ ਦੇਰ ਤੱਕ ਤੁਸੀਂ ਆਪਣੇ ਆਪ ਨੂੰ ਜਾਣਦੇ ਜਾਂ ਪਛਾਣਦੇ ਨਹੀਂ, ਤੁਹਾਨੂੰ ਕਿਵੇਂ ਪਤਾ ਚੱਲੇਗਾ ਤੁਹਾਡੀ ਆਪਣੀ ਸਮਰੱਥਾ ਦਾ? ਕਿਵੇਂ ਤੁਸੀਂ ਆਪਣੀ ਤਾਕਤ ਦਾ ਅੰਦਾਜ਼ਾ ਲਾ ਸਕੋਗੇ? ਕਿਵੇਂ ਤੁਹਾਨੂੰ ਆਪਣੀਆਂ ਸ਼ਕਤੀਆਂ/ਕਮਜ਼ੋਰੀਆਂ ਦਾ ਅਹਿਸਾਸ ਹੋਵੇਗਾ? ਇਹ ਸਭ ਕੁਝ ਤੁਹਾਨੂੰ ਖੁਦ ਕਰਨਾ ਪਵੇਗਾ। ਕੋਈ ਦੂਜਾ ਵਿਅਕਤੀ, ਭਾਵੇਂ ਉਹ ਕਿੰਨਾ ਈ ਵੱਡਾ ਬਾਬਿਆਂ ਦਾ ਬਾਬਾ ਹੀ ਕਿਉਂ ਨਾ ਹੋਏ, ਤੁਹਾਡੀ ਅੰਤਰ ਆਤਮਾ, ਜੋ ਸਿਰਫ ਤੇ ਸਿਰਫ ਤੁਹਾਡੀ ਹੈ ਅਤੇ ਉਸ ਅੰਦਰ ਝਾਤ ਮਾਰਨ ਦਾ ਮਾਰਗ ਵੀ ਤੁਸੀਂ ਹੀ ਹੋ, ਤਾਂ ਫਿਰ ਕੋਈ ਦੂਜਾ ਕਿਵੇਂ ਤੁਹਾਡੀ ਅੰਤਰ ਆਤਮਾ ਅੰਦਰ ਝਾਤ ਮਾਰ ਸਕਦਾ ਹੈ ਅਤੇ ਤੁਹਾਡੀਆਂ ਕਮਜ਼ੋਰੀਆਂ ਦੱਸ ਸਕਦਾ ਹੈ? ਸ਼ਕਤੀਆਂ-ਕਮਜ਼ੋਰੀਆਂ, ਚੰਗਿਆਈਆਂ-ਬੁਰਾਈਆਂ ਇਹ ਸਭ ਇਕੱਠੀਆਂ ਹੀ ਹੁੰਦੀਆਂ ਹਨ, ਪਰ ਪੁੱਛਾਂ ਵਾਲੇ ਬਾਬੇ ਸਿਰਫ ਕਮਜ਼ੋਰੀਆਂ-ਬੁਰਾਈਆਂ ਦੀਆਂ ਹੀ ਗੱਲਾਂ ਕਿਉਂ ਕਰਦੇ ਹਨ?

ਸਾਨੂੰ ਹਰ ਸਿੱਖ ਨੂੰ, ਜੇ ਸਾਡੇ ਦਿਲ ਵਿਚ ਗੁਰੂ ਨਾਨਕ ਅਤੇ ਸਿੱਖ ਧਰਮ ਲਈ ਸਤਿਕਾਰ ਹੈ, ਤਾਂ ਨਿੱਜੀ ਤੌਰ 'ਤੇ ਹੀ ਸ਼ੇਰ ਜਵਾਨਾਂ ਵਾਲਾ ਹੰਭਲਾ ਮਾਰਨਾ ਪੈਣਾ ਹੈ। ਸਿੱਖ ਧਰਮ ਕਿਸੇ ਸੰਪਰਦਾ ਜਾਂ ਸੰਸਥਾ ਦੀ ਨਿੱਜੀ ਜਾਗੀਰ ਨਹੀਂ ਹੈ। ਹਰ ਇੱਕ ਉਹ ਇਨਸਾਨ, ਜੋ ਸਿੱਖ ਹੈ ਅਤੇ ਗੁਰੂ ਨਾਨਕ ਅਤੇ ਉਸ ਵੱਲੋਂ ਵਰੋਸਾਏ ਸਿੱਖ ਧਰਮ ਦਾ ਧਾਰਨੀ ਹੈ, ਉਹ ਹਰ ਸਿੱਖ, 'ਸਿੱਖ ਧਰਮ' ਦਾ ਵਾਰਿਸ ਹੈ। ਜੇ ਅਜੇ ਵੀ ਅਸੀਂ ਨਾ ਜਾਗੇ ਤਾਂ ਫਿਰ ਜਿਉਂਦੇ ਹੀ ਬੇਪਤ ਹੋ ਕੇ ਗੰਵਾਰ ਭੇਡਾਂ ਵਾਂਗ ਪੁਜਾਰੀਆਂ ਦੇ ਭੇਖ ਵਾਲੇ ਆਜੜੀਆਂ ਦੇ ਝੁੰਡਾਂ ਵਿਚ ਸ਼ਾਮਲ ਹੋਣ ਲਈ ਤਿਆਰ ਰਹੋ।

# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਲੜਾਈ ਵਿਚ ਸ਼ਾਹ ਨਿਵਾਜ਼ ਕਤਲ

ਮੁਲਤਾਨ ਤੋਂ ਤਿੰਨ ਕੋਹ ਬਾਹਰ ਲੜਾਈ ਹੋਈ। ਸ਼ਾਹ ਨਿਵਾਜ਼ ਕੌੜਾ ਮੱਲ ਦੀਆਂ ਫ਼ੌਜਾਂ ਨੂੰ ਦਬਾਈ ਆ ਰਿਹਾ ਸੀ। ਕੌੜਾ ਮੱਲ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਕਿਹਾ, 'ਪੰਥ ਦੇ ਹੁੰਦਿਆਂ ਵੀ ਮੇਰੀ ਹਾਰ ਹੋ ਜਾਏ, ਤਾਂ ਮੈਂ ਹੋਰ ਕੀਹਦਾ ਆਸਰਾ ਲਵਾਂ?' ਇਹ ਸੁਣ ਕੇ ਸਿੰਘਾਂ ਨੂੰ ਜੋਸ਼ ਆ ਗਿਆ। ਸ: ਜੱਸਾ ਸਿੰਘ ਤੇ ਸੁੱਖਾ ਸਿੰਘ ਨੇ 'ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਕੇ ਸ਼ਾਹ ਨਿਵਾਜ਼ 'ਤੇ ਹੱਲਾ ਬੋਲ ਦਿੱਤਾ। ਸ: ਜੱਸਾ ਸਿੰਘ, ਜੱਸਾ ਸਿੰਘ ਦੋ ਸਰਦਾਰ ਸਨ, ਇਕ ਪਿੰਡ ਆਹਲੂ ਦਾ ਕਲਾਲ ਤੇ ਦੂਜਾ ਪਿੰਡ ਈਚੋਗਿਲ ਦਾ ਤਖਾਣ। ਦੋਹਾਂ ਨੂੰ ਵੱਖੋ-ਵੱਖ ਬੁਲਾਉਣ ਬਦਲੇ ਪਹਿਲੇ ਨੂੰ ਆਹਲੂਵਾਲੀਆ ਕਹਿਣ ਲੱਗ ਪਏ ਤੇ ਮਗਰਲੇ ਨੂੰ ਰਾਮਗੜੀਆ। ਉਹਨਾਂ ਸਰਦਾਰਾਂ ਦੇ ਨਾਮ ਉੱਤੇ ਹੀ ਹੁਣ ਸਾਰੇ ਕਲਾਲ ਆਹਲੂਵਾਲੀਏ ਤੇ ਸਾਰੇ ਤਖਾਣ ਰਾਮਗੜੀਏ ਅਖਵਾਉਂਦੇ ਹਨ।

ਦੀ ਗੋਲੀ ਨਾਲ ਸ਼ਾਹ ਨਿਵਾਜ਼ ਥੱਲੇ ਆ ਪਿਆ ਤੇ ਭੀਮ ਸਿੰਘ ਨੇ ਭੱਜਕੇ ਉਸਦਾ ਸਿਰ ਲਾਹ ਲਿਆ'। ਹਾਕਮ ਮਾਰਿਆ ਗਿਆ, ਤਾਂ ਨਖਸਮੀਆਂ ਫ਼ੌਜਾਂ ਨੇ ਕਦ ਖਲੋਣਾ ਸੀ ? ਸ਼ਾਹ ਨਿਵਾਜ਼ ਦੀਆਂ ਫ਼ੌਜਾਂ ਨੱਸ ਉਠੀਆਂ। ਲੁੱਟ ਮਾਰ ਕਰਨ ਵਿਚ ਸਿੰਘ ਸਾਰਿਆਂ ਨਾਲੋਂ ਤਕੜੇ ਸਨ। ਸੋ ਹੱਲਾ ਕਰ ਕੇ ਉਹਨਾਂ ਸ਼ਾਹ ਨਿਵਾਜ਼ ਦਾ ਡੇਰਾ ਤੇ ਸ਼ਹਿਰ ਮੁਲਤਾਨ ਲੁੱਟ ਲਿਆ। ਇਹ ਘਟਨਾ ਸਤੰਬਰ ਜਾਂ ਅਕਤੂਬਰ, ੧੭੪੯ ਈ। ਦੀ ਹੈ। ਕੌੜਾ ਮੱਲ ਨੇ ਭੀਮ ਸਿੰਘ ਨੂੰ ਸੁਨਹਿਰੀ ਕੜਿਆਂ ਦੀ ਜੋੜੀ; ਫ਼ੌਲਾਦੀ ਸੰਜੋਅ, ਬਸਤਰ ਤੇ ਘੋੜਾ ਇਨਾਮ ਦਿੱਤਾ।


### ਕੌੜਾ ਮੱਲ ਮੁਲਤਾਨ ਦਾ ਸੂਬੇਦਾਰ ਬਣਿਆ

ਸ਼ਾਹ ਨਿਵਾਜ਼ ਦਾ ਸਿਰ ਮੀਰ ਮੰਨੂੰ ਕੋਲ ਲਾਹੌਰ ਭੇਜ ਦਿੱਤਾ ਤੇ ਧੜ ਸ਼ਮਸ ਤਬਰੇਜ਼ ਦੇ ਮਕਬਰੇ ਦੇ ਅਹਾਤੇ ਵਿਚ ਦਫ਼ਨਾ ਦਿੱਤਾ। ਸਾਰੇ ਮੁਲਤਾਨ ਉਤੇ ਕੌੜਾ ਮੱਲ ਨੇ ਕਬਜ਼ਾ ਕਰ ਲਿਆ। ਮੀਰ ਮੰਨੂੰ ਨੇ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰਫ ਦਾ ਖ਼ਿਤਾਬ ਦੇ ਕੇ ਮੁਲਤਾਨ ਦਾ ਸੂਬੇਦਾਰ ਥਾਪ ਦਿੱਤਾ।

### ਕੌੜਾ ਮੱਲ ਨੇ ਗੁਰਦਵਾਰਾ ਬਾਲ ਲੀਲਾ ਬਣਵਾਇਆ

ਕੌੜਾ ਮੱਲ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਏਸ ਜਿੱਤ ਦੀ ਖ਼ੁਸ਼ੀ ਵਿਚ ਉਹਨੇ ਯਾਰਾਂ ਹਜ਼ਾਰ ਰੁਪਇਆ ਅੰਮ੍ਰਿਤਸਰ ਦਰਬਾਰ ਸਾਹਿਬ ਭੇਟਾ ਕੀਤਾ ਤੇ ਤਿੰਨ ਲੱਖ ਰੁਪਇਆ ਖ਼ਰਚ ਕੇ ਨਨਕਾਣਾ ਸਾਹਿਬ ਗੁਰਦੁਆਰਾ ਬਾਲ ਲੀਲਾ ਤੇ ਉਸ ਦੇ ਨਾਲ ਦੋ ਸਰੋਵਰ ਬਣਵਾਏ। ਉਹ ਸਿੱਖਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਹੁੰਦਾ ਸੀ। ਸਿੰਘ ਉਸ ਨੂੰ ਪਿਆਰ ਨਾਲ 'ਮਿੱਠਾ ਮੱਲ' ਕਿਹਾ ਕਰਦੇ ਸਨ।

ਕੌੜਾ ਮੱਲ ਨੇ ਮੀਰ ਮੰਨੂੰ ਨੂੰ ਸਿੱਖਾਂ ਦੇ ਹੱਕ ਵਿਚ ਏਥੋਂ ਤਕ ਲਿਖਿਆ, ਕਿ ਮੁਲਤਾਨ ਦੀ ਫ਼ਤਹਿ ਸਿੱਖਾਂ ਦੀ ਮਦਦ ਦਾ ਸਦਕਾ ਹੀ ਹੋਈ ਹੈ। ਸੋ, ਇਹਨਾਂ ਨੂੰ ਖ਼ੁਸ਼ ਰਖਣਾ ਚਾਹੀਦਾ ਹੈ। ਮੀਰ ਮੰਨੂੰ ਨੇ ਕੌੜਾ ਮੱਲ ਦੀ ਸਫ਼ਾਰਸ਼ ਉਤੇ ਸਿੰਘਾਂ ਦੀ ਜਾਗੀਰ ਵਿਚ ਅਗੇ ਨਾਲੋਂ ਵਾਧਾ ਕਰ ਦਿੱਤਾ, ਭਾਵ ਪਰਗਣਾ ਚੂਹਣੀਆਂ ਤੇ ਝਬਾਲ ਦੇ ਦਿੱਤੇ'। ਸਿੰਘਾਂ ਵੀ ਮੀਰ ਮੰਨੂੰ ਇਲਾਕੇ ਵਿਚ ਲੁੱਟ ਮਾਰ ਕਰਨੀ ਛੱਡ ਦਿੱਤੀ, ਤੇ ਦੇਸ ਵਿਚ ਅਮਨ ਨਾਲ ਰਹਿਣ ਲੱਗ ਦੇ ਪਏ।




### ਸਿੱਖਾਂ ਲਈ ਅਮਨ ਦੇ ਦਿਨ ਤੇ ਗੁਰਦੁਆਰਿਆਂ ਦੀ ਸੇਵਾ

ਸਭ ਤੋਂ ਪਹਿਲਾਂ ਉਹਨਾਂ ਗੁਰਦੁਆਰਿਆਂ ਦੀ ਸੇਵਾ ਕੀਤੀ। ਅੰਮ੍ਰਿਤਸਰ ਸਰੋਵਰ ਪਿਛਲੇ ਹਾਕਮਾਂ ਨੇ ਪੂਰ ਛੱਡਿਆ ਸੀ। ਉਸ ਵਿਚੋਂ ਗਾਰ ਕਢ ਕੇ ਖੂਹਾਂ ਦੇ ਪਾਣੀ ਨਾਲ ਭਰ ਦਿੱਤਾ। ਕੌੜਾ ਮੱਲ ਦੇ ਦਿੱਤੇ ਹੋਏ ਰੁਪੈ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਆਰੰਭ ਦਿੱਤੀ। ਹੋਰ ਵੀ ਸਿੱਖ ਸਰਦਾਰਾਂ ਨੇ ਯਥਾ ਸ਼ਕਤ ਭੇਟਾ ਚੜਾਈ। ਸੋ, ਇਕ ਵਾਰ ਹਰਿਮੰਦਰ ਸਾਹਿਬ ਦੀ ਸ਼ਾਨ ਫੇਰ ਚਮਕ ਉਠੀ। ਜਿਹੜੇ ਲੋਕ ਅੱਗੇ ਹਾਕਮਾਂ ਤੋਂ ਡਰਦੇ ਨੱਸ ਗਏ ਸਨ, ਉਹ ਫੇਰ ਗੁਰੂ ਕੀ ਨਗਰੀ ਆ ਵੱਸੇ। ਕੁਛ ਸਿੱਖ ਸਰਦਾਰਾਂ ਨੇ ਵੀ ਆਪਣੇ ਵਾਸਤੇ ਮਕਾਨ ਬਣਾ ਲਏ। ਜਾਗੀਰ ਤੋਂ ਅੰਮ੍ਰਿਤਸਰ ਵਿਚ ਗੁਰੂ ਕਾ ਲੰਗਰ ਚੰਗੀ ਤਰਾਂ ਚਲਣ ਲੱਗਾ। ਅਕਾਲ ਬੁੰਗੇ ਤੇ ਪਰਦਖਣਾ ਦੇ ਉਦਾਲੇ ਸਿੰਘਾਂ ਦੀ ਗਹਿਮਾ ਗਹਿਮ ਦਿਸਣ ਲੱਗੀ। ਦੋ-ਕੁ ਸਾਲ ਚੰਗੇ ਸੁਖ ਦੇ ਲੰਘ ਗਏ। ਏਸੇ ਸਮੇਂ ਕੌੜਾ ਮੱਲ ਦੇ ਅਰਦਾਸ ਕੀਤੇ ਧਨ ਨਾਲ ਨਨਕਾਣਾ ਸਾਹਿਬ ਗੁ: ਬਾਲ ਲੀਲਾ ਤੇ ਹੋਰ ਧਰਮ ਅਸਥਾਨ ਬਣਾਏ ਗਏ। ਹੋਰ ਵੀ ਜਿਥੇ ਕਿਤੇ ਕਿਸੇ ਗੁਰਦੁਆਰੇ ਦੀ ਬੇਅਦਬੀ ਕੀਤੀ ਗਈ ਸੀ, ਉਸ ਨੂੰ ਨਵੇਂ ਸਿਰਿਓਂ ਬਣਾਇਆ ਗਿਆ।

### ਨਵੇਂ ਸਿੰਘ ਸਜੇ

ਏਸ ਸੁਲਾ ਦਾ ਇਕ ਹੋਰ ਵੀ ਫ਼ਾਇਦਾ ਹੋਇਆ। ਲੋਕ ਸਮਝਣ ਲੱਗ ਪਏ, ਕਿ ਹੁਣ ਸਰਕਾਰ ਨੇ ਵੀ ਸਿੱਖਾਂ ਦੀ ਤਾਕਤ ਨੂੰ ਮੰਨ ਲਿਆ ਹੈ। ਜਿਹੜੇ ਸਿੰਘ ਅਜੇ ਤਕ ਸਰਕਾਰ ਦੇ ਬਾਗ਼ੀ ਸਮਝੇ ਜਾਂਦੇ ਸਨ, ਹੁਣ ਸਰਕਾਰ ਹਰ ਮੁਹਿੰਮ ਵਿਚ ਉਹਨਾਂ ਤੋਂ ਮਦਦ ਲੈਂਦੀ ਹੈ। ਸੋ, ਲੋਕ ਖੁੱਲ-ਮ-ਖੁੱਲਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ। ਜਿਥੇ ਅਗੇ ਮਾਪੇ ਪੁੱਤਰਾਂ ਨੂੰ ਸਿੰਘ ਸਜਣ ਤੋਂ ਰੋਕਦੇ ਸਨ, ਫਿਰ ਆਪ ਉਹਨਾਂ ਨੂੰ ਸਿੰਘ ਸਜਣ ਦੀ ਪ੍ਰੇਰਨਾ ਕਰਨ ਲਗੇ। ਕਿਉਂਕਿ ਸਿੰਘ ਸਜਣ ਨਾਲ ਗਵਾਂਢ ਵੱਸਣ ਵਾਲਿਆਂ ਉੱਤੇ ਬੜਾ ਰੁਹਬ ਪੈ ਜਾਂਦਾ ਸੀ। ਲੋਕਾਂ ਦੇ ਦਿਲਾਂ ਉੱਤੇ ਸਿੰਘਾਂ ਦਾ ਅਜੇਹਾ ਧਾਮਾ ਜੰਮ ਚੁੱਕਾ ਸੀ, ਕਿ ਵੈਰੀ ਹਰ ਵੇਲੇ ਉਹਨਾਂ ਤੋਂ ਡਰਦੇ ਰਹਿੰਦੇ ਸਨ ਤੇ ਸ਼ਰਧਾਲੂ ਸਿੰਘਾਂ ਦੀ ਮਦਦ ਉੱਤੇ ਮਾਣ ਰਖਦੇ ਸਨ। ਇਸ ਵੇਲੇ ਸਿੰਘਾਂ ਦੀ ਗਿਣਤੀ ਤੇ ਰੁਹਬ-ਦੋਹਾਂ ਚੀਜ਼ਾਂ-ਵਿਚ ਢੇਰ ਵਾਧਾ ਹੋਇਆ।

ਸਿੱਖਾਂ ਤੇ ਸਰਕਾਰ ਵਿਚ ਇਹ ਸਮਝੌਤਾ ਕੌੜਾ ਮੱਲ ਦੀ ਬਦੌਲਤ ਹੀ ਸੀ, ਨਹੀਂ ਤਾਂ ਸਿੱਖੀ ਦੇ ਵਿਰੋਧੀ ਮੁੱਲਾਂ ਤੇ ਹਾਕਮ ਸਦਾ ਮੀਰ ਮੰਨੂੰ ਨੂੰ ਸਿੱਖਾਂ ਦੇ ਵਿਰੁਧ ਭੜਕਾਉਂਦੇ ਰਹਿੰਦੇ ਸਨ। ਮੰਨੂੰ ਵੀ ਲਾਹੌਰ ਦੇ ਏਨੇ ਨੇੜੇ (ਅੰਮ੍ਰਿਤਸਰ ਵਿਚ) ਸਿੱਖਾਂ ਦੀ ਏਨੀ ਭਾਰੀ ਤਾਕਤ ਪਸੰਦ ਨਹੀਂ ਸੀ ਕਰਦਾ। ਪਰ ਉਹ ਸਮੇਂ ਦੀ ਉਡੀਕ ਵਿਚ ਚੁਪ ਵੱਟੀ ਬੈਠਾ ਸੀ। ਸਿੰਘ ਵੀ ਇਸ ਗੱਲ ਨੂੰ ਜਾਂਣਦੇ ਸਨ ਤੇ ਆਪਣੀ ਤਾਕਤ ਵਧਾਉਣ ਦੇ ਫਿਕਰ ਵਿਚ ਸਨ। ਸਰਕਾਰ ਤੇ ਸਿੱਖਾਂ ਦਾ ਰਾਹ ਵੱਖੋ ਵੱਖਰਾ ਸੀ। ਸਰਕਾਰ ਚਾਹੁੰਦੀ ਸੀ, ਸਿੱਖ ਸਮੂਲਚੋਂ 'ਖ਼ਤਮ ਕਰ ਦਿੱਤੇ ਜਾਣ ਤੇ ਸਿੰਘਾਂ ਦਾ ਨਸ਼ਾਨਾ ਸੀ :

**ਰਾਜ ਕਰੇਗਾ ਖ਼ਾਲਸਾ'**
**ਆਕੀ ਰਹੇ ਨ ਕੋਇ।**

ਸੋ, ਦੋਹਾਂ ਦੇ ਮਿਲਾਪ ਉੱਤੇ ਬਹੁਤਾ ਭਰੋਸਾ ਨਹੀਂ ਸੀ ਰਖਿਆ ਜਾ ਸਕਦਾ। ਮੀਰ ਮੰਨੂੰ ਨੇ ਲਾਹੌਰ ਤੇ ਮੁਲਤਾਨ ਵਿਚ ਅਮਨ ਕਾਇਮ ਕਰ ਲਿਆ ਸੀ, ਪਰ ਦਿੱਲੀ ਤੇ ਕਾਬਲ ਦਾ ਡਰ ਉਹਦੇ ਦਿਲੋਂ ਨਹੀਂ ਸੀ ਗਿਆ। ਦਿੱਲੀ ਵਿਚ ਉਹਦਾ ਵੈਰੀ ਸਫ਼ਦਰ ਜੰਗ ਵਜ਼ੀਰ ਬੈਠਾ ਸੀ ਤੇ ਅਫ਼ਗਾਨਸਤਾਨ ਵਿਚ ਅਹਿਮਦ ਸ਼ਾਹ ਅਬਦਾਲੀ। ਉਹ ਜਾਣਦਾ ਸੀ, ਕਿ ਪੰਜਾਬ ਉੱਤੇ ਕਬਜ਼ਾ ਕਰਨ ਦੀ ਭੁੱਖ ਦੋਹਾਂ ਦੇ ਦਿਲਾਂ ਵਿਚ ਡਾਢੀ ਹੈ। ਦੋਹਾਂ ਤਾਕਤਾਂ ਤੋਂ ਆਪਣਾ ਆਪ ਬਚਾ ਕੇ ਰਖਣ ਵਾਸਤੇ ਉਹ ਫ਼ੌਜੀ ਤਿਆਰੀ ਕਰ ਰਿਹਾ ਸੀ।

☛ ਬਾਕੀ ਅਗਲੇ ਅੰਕ ਵਿੱਚ

# ਅਸੀਂ ਸੱਚਮੁੱਚ ਚੜ੍ਹਦੀ ਕਲਾ ਵਿੱਚ ਹੁੰਦੇ ਹਾਂ ਜਾਂ ਸਿਰਫ ਵਿਖਾਵਾ ਕਰ ਰਹੇ ਹੁੰਦੇ ਹਾਂ ...

**ਲੇਖਕ : ਡਾ. ਸੰਦੀਪ ਘੰਡ,**
**ਸੰਪਰਕ 94782 -31000**

ਅਸੀਂ ਜਾਣਦੇ ਹਾਂ ਕਿ ਆਧੁਨਿਕ ਸਮਾਜ ਵਿੱਚ ਕਈ ਕਿਸਮ ਦੀਆਂ ਬਿਮਾਰੀਆਂ ਹਨ। ਇਨ੍ਹਾਂ ਵਿੱਚੋਂ ਇੱਕ ਬਿਮਾਰੀ ਦਿਮਾਗੀ ਤਣਾਅ ਵੀ ਹੈ। ਦਿਮਾਗੀ ਤਣਾਅ ਦੂਜੀਆਂ ਬਿਮਾਰੀਆਂ ਨਾਲੋਂ ਵੱਖਰੀ ਬਿਮਾਰੀ ਹੈ। ਇਹ ਬਿਮਾਰੀ ਕਿਸੇ ਕਿਟਾਣੂ ਜਾਂ ਵਾਇਰਸ ਨਾਲ ਨਹੀਂ ਹੁੰਦੀ, ਇਹ ਬਿਮਾਰੀ ਸਾਡੀ ਸੋਚ ਵਿੱਚੋਂ ਅਤੇ ਮਨ ਤੋਂ ਉਪਜਦੀ ਹੈ।

"ਬਾਈ ਜੀ, ਚੜ੍ਹਦੀ ਕਲਾ ਹਾਂ ... ਨਜ਼ਾਰੇ ਲੈਂਦੇ ... ਮੌਜਾਂ ਕਰਦੇ ਹਾਂ ..." ਇਹ ਅਜਿਹੇ ਸ਼ਬਦ ਹਨ, ਜੋ ਹਰ ਵਿਅਕਤੀ ਆਮ ਇਸਤੇਮਾਲ ਕਰਦਾ ਹੈ। ਸਭ ਦੇ ਚਿਹਰੇ ਦੇ ਹਾਵ-ਭਾਵ ਤਾਂ ਕੁਝ ਹੋਰ ਹੀ ਬਿਆਨ ਕਰਦੇ ਹੁੰਦੇ ਹਨ। ਕੁਝ ਸਮਾਂ ਪਹਿਲਾਂ ਜਿਹੜਾ ਵਿਅਕਤੀ ਤੁਹਾਡੇ ਲਈ ਅਣਜਾਣ ਹੁੰਦਾ ਹੈ, ਪੰਜ ਸੱਤ ਮਿੰਟ ਗੱਲਾਂ ਕਰਨ ਤੋਂ ਬਾਅਦ ਉਹ ਤੁਹਾਨੂੰ ਆਪਣੀਆਂ ਸਾਰੀਆਂ ਦੁੱਖ ਤਕਲੀਫਾਂ ਇਸ ਤਰ੍ਹਾਂ ਦੱਸਣ ਲੱਗ ਪੈਂਦਾ ਹੈ, ਜਿਵੇਂ ਤੁਸੀਂ ਉਸਦੇ ਸਭ ਤੋਂ ਨਜ਼ਦੀਕੀ ਅਤੇ ਹਮਦਰਦ ਹੋਵੋਂ।

ਅਸੀਂ ਵਾਰ ਵਾਰ ਲੋਕਾਂ ਨੂੰ ਸਕਾਰਾਤਮਕ ਰਹਿਣ ਦੀਆਂ ਗੱਲਾਂ ਕਰਦੇ ਹਾਂ ਪਰ ਕੀ ਅਸੀਂ ਕਦੇ ਸੋਚਿਆ ਹੈ ਕਿ ਅਸੀਂ ਆਪ ਹਮੇਸ਼ਾ ਸਕਾਰਾਤਮਕ ਰਹਿੰਦੇ ਹਾਂ? ਇਹ ਵੀ ਸੱਚ ਹੈ ਕਿ ਅੱਜਕਲ ਕੋਈ ਵਿਅਕਤੀ ਆਪਣੀਆਂ ਨਿੱਜੀ ਮੁਸ਼ਕਲਾਂ ਕਰਕੇ ਘੱਟ ਦੁਖੀ ਹੈ ਪਰ ਲੋਕਾਂ ਦੀਆਂ ਸਹੂਲਤਾਂ ਅਤੇ ਸਾਧਨਾਂ ਨੂੰ ਦੇਖ ਕੇ ਜ਼ਿਆਦਾ ਦੁਖੀ ਹੈ। ਇੱਕ ਪੁਰਣੀ ਸਾਖੀ ਸੁਣਾਈ ਜਾਂਦੀ ਹੈ ਕਿ ਕਿਸੇ ਬੰਦੇ ਦੇ ਪੂਜਾ ਪਾਠ ਅਤੇ ਤਪੱਸਿਆ 'ਤੇ ਖ਼ੁਸ਼ ਹੋ ਕੇ ਰੱਬ ਪ੍ਰਗਟ ਹੋਇਆ ਅਤੇ ਉਸਨੇ ਆਪਣੇ ਉਸ ਬੰਦੇ ਨੂੰ ਕੁਝ ਵੀ ਮੰਗਣ ਲਈ ਕਿਹਾ। ਪਰ ਨਾਲ ਹੀ ਸ਼ਰਤ ਰੱਖ ਦਿੱਤੀ ਕਿ ਜਿੰਨਾ ਕੁਝ ਤੈਨੂੰ ਮਿਲੇਗਾ, ਤੇਰੇ ਗੁਆਂਢੀ ਨੂੰ ਤੇਰੇ ਨਾਲੋਂ



ਦੁੱਗਣਾ ਮਿਲੇਗਾ। ਪਰ ਬੰਦਾ ਨਹੀਂ ਸੀ ਚਾਹੁੰਦਾ ਕਿ ਉਸ ਦੇ ਗੁਆਂਢੀ ਨੂੰ ਦੁੱਗਣਾ ਮਿਲੇ, ਉਸ ਨੇ ਕਿਹਾ ਕਿ ਮੇਰੀ ਇੱਕ ਲੱਤ ਟੁੱਟ ਜਾਵੇ। ਉਸਦੀ ਸੋਚ ਸੀ ਕਿ ਇਸ ਤਰ੍ਹਾਂ ਉਸਦੇ ਗੁਆਂਢੀ ਦੀਆਂ ਦੋਵੇਂ ਲੱਤਾਂ ਟੁੱਟ ਜਾਣਗੀਆਂ। ਸੋ ਇਹ ਹੈ ਸਾਡੀ ਸੋਚ ਕਿ ਅਸੀਂ ਆਪਣੇ ਨੁਕਸਾਨ ਨਾਲੋਂ ਗੁਆਂਢੀ ਦਾ ਵਧੇਰੇ ਨੁਕਸਾਨ ਕਰਾਉਣ ਵਿੱਚੋਂ ਵੀ ਖ਼ੁਸ਼ੀ ਲੱਭਦੇ ਹਾਂ।

1980 ਦੇ ਦਾਹਕੇ ਜਾਂ ਇਸ ਤੋਂ ਪਹਿਲਾਂ ਬੱਚਿਆਂ ਨੂੰ ਅਧਿਆਪਕ ਵੱਲੋਂ ਦਿੱਤੀ ਜਾਂਦੀ ਕਿਤਾਬੀ ਸਿੱਖਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਅਤੇ ਸੰਸਕਾਰਾਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਹਰੇਕ ਅਧਿਆਪਕ ਆਪਣੀ ਕਲਾਸ ਦੇ 15 ਮਿੰਟ ਨੈਤਿਕ ਸਿੱਖਿਆ ਅਤੇ ਸੰਸਕਾਰਾਂ ਬਾਰੇ ਗੱਲਬਾਤ ਕਰਦਾ।

ਸਵੇਰ ਦੀ ਪ੍ਰਰਾਥਨਾ ਸਭਾ ਵਿੱਚ ਵੀ ਰੋਜ਼ਾਨਾ ਇੱਕ ਅਧਿਆਪਕ ਦੀ ਡਿਊਟੀ ਲੱਗਦੀ ਸੀ, ਜਿਸ ਕਾਰਣ ਪੜ੍ਹਦੇ ਸਮੇਂ ਬੱਚੇ ਉੱਤੇ ਪੜ੍ਹਾਈ ਤੋਂ ਇਲਾਵਾ ਕੋਈ ਤਣਾਅ ਨਹੀਂ ਸੀ ਹੁੰਦਾ।

ਹਮੇਸ਼ਾ ਹਰ ਇੱਕ ਨੂੰ ਮੁਆਫ ਕਰਨ ਦੀ ਪ੍ਰਵਿਰਤੀ ਨਾ ਕੇਵਲ ਤਹਾਨੂੰ ਮਾਨਿਸਕ ਪ੍ਰੇਸ਼ਾਨੀਆਂ ਤੋਂ ਦੂਰ ਰੱਖਦੀ ਹੈ, ਸਮਾਜ ਵਿੱਚ ਵੀ ਤਹਾਡੇ ਕੱਦ ਨੂੰ ਵਧਾਉਂਦੀ ਹੈ। ਸਵਾਮੀ ਵਿਵੇਕਾਨੰਦ ਜੀ ਹਮੇਸ਼ਾ ਕਹਿੰਦੇ ਸਨ ਕਿ ਸ਼ਾਂਤ ਮਨ ਨਾਲ ਕੰਮ ਕਰਨ ਨਾਲ ਸਾਡੀਆਂ ਨਾੜੀਆਂ ਨੂੰ ਸ਼ਾਂਤੀ ਮਿਲਦੀ ਹੈ, ਅਸੀਂ ਸ਼ਾਂਤ ਰਹਿੰਦੇ ਹਾਂ। ਇਸੇ ਲਈ ਸਵਾਮੀ ਵਿਵੇਕਾਨੰਦ ਜੀ ਕਹਿੰਦੇ ਹਨ ਕਿ ਸਾਨੂੰ ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਇਸ ਨਾਲ ਮਾਨਿਸਕ ਸੰਤੁਲਨ ਬਣਿਆ ਰਹਿੰਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਅਸੀਂ ਕਿਵੇਂ ਕੰਮ ਕਰਨਾ ਪਰ ਇਹ ਨਹੀਂ ਜਾਣਦੇ ਕਿ ਅਰਾਮ ਕਿਵੇਂ ਕਰਨਾ ਹੈ। ਅਸੀਂ ਲਗਾਤਾਰ ਇਸ ਢੰਗ ਨਾਲ ਕੰਮ ਕਰਦੇ ਹਾਂ, ਜਿਸ ਨਾਲ ਮਾਨਿਸਕ ਪ੍ਰੇਸ਼ਾਨੀ ਵਧਦੀ ਜਾਂਦੀ ਹੈ। ਨਤੀਜਾ ਇਹ ਨਿਕਲਦਾ ਕਿ ਅਸੀਂ ਥਕਾਵਟ ਮਹਿਸੂਸ ਕਰਦੇ ਹਾਂ ਅਤੇ ਥੱਕੇ ਥੱਕੇ ਰਹਿੰਦੇ ਹਾਂ, ਜਿਸ ਨਾਲ ਅਸੀਂ ਅਕਸਰ ਪ੍ਰੇਸ਼ਾਨ ਰਹਿਣ ਲੱਗਦੇ ਹਾਂ। ਸਾਡੇ ਵਿੱਚ ਚਿੜਚਿੜਾਪਣ ਆ ਜਾਂਦਾ ਹੈ। ਸਵਾਮੀ ਵਿਵੇਕਾਨੰਦ ਜੀ ਦੱਸਦੇ ਹਨ ਕਿ ਜ਼ਿਆਦਾ ਲੋਕ ਇਸ ਕਾਰਣ ਦੁਖੀ ਹੁੰਦੇ ਹਨ ਕਿਉਂਕਿ ਉਹ ਆਪਣੀ ਸ਼ਕਤੀ ਨੂੰ ਨਕਾਰਾਤਮਕ ਕੰਮ ਵਿੱਚ ਲਾਉਂਦੇ ਹਨ।

ਕਾਰਲ ਗੁਸਟਵ ਜੰਗ ਜੋ ਕਿ ਇੱਕ ਆਧੁਨਿਕ ਮਨੋਵਿਗਿਆਨੀ ਹੈ, ਉਹ ਦਿਮਾਗੀ ਪ੍ਰੇਸ਼ਾਨੀ ਦੇ ਕਈ ਕਾਰਨ ਦੱਸਦਾ ਹੈ। ਜੰਗ ਅਨੁਸਾਰ ਦਿਮਾਗੀ ਪ੍ਰੇਸ਼ਾਨੀ ਵਿਅਕਤੀ ਦੇ ਦੋਹਰੇ ਮਾਪਦੰਡ ਕਾਰਨ ਹੁੰਦੀ ਹੈ। ਦੋਹਰੇ ਮਾਪਦੰਡ ਦਾ ਅਰਥ ਹੈ ਅੰਦਰੂਨੀ ਸੋਚ ਕੁਝ ਅਤੇ ਬਾਹਰੋਂ ਸਾਡੇ ਕਰਮ ਕੁਝ ਹੋਰ। ਅਸੀਂ ਦੇਖਦੇ ਹਾਂ ਕਿ ਕਈ ਵਾਰ ਅਸੀਂ ਮਨ ਵਿੱਚ ਹੋਰ ਸੋਚ ਰਹੇ ਹੁੰਦੇ ਹਾਂ ਪਰ ਬਾਹਰੀ ਤੌਰ 'ਤੇ ਉਹ ਕੁਝ ਨਹੀਂ ਕਰਦੇ ਜੋ ਅਸੀਂ ਅੰਦਰੋਂ ਕਰਨਾ ਚਾਹੁੰਦੇ ਹਾਂ। ਇਸ ਵਰਤਾਰੇ ਦਾ ਅਸਰ ਦਿਮਾਗ 'ਤੇ ਪੈਂਦਾ ਹੈ ਜਿਸ ਨਾਲ ਮਾਨਿਸਕ ਪ੍ਰੇਸ਼ਾਨੀ ਦਾ ਹੋਣਾ ਸੁਭਾਵਿਕ ਹੈ।

ਇਸ ਲਈ ਸਾਨੂੰ ਹਮੇਸ਼ਾ ਸਕਾਰਾਤਮਕ ਰਹਿੰਦੇ ਹੋਏ ਅਸਲੀਅਤ ਵਿੱਚ ਚੜ੍ਹਦੀ ਕਲਾ ਵਿੱਚ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਮੁਕੰਮਲ ਖ਼ੁਸ਼ੀ ਹਾਸਲ ਕਰਨ ਦਾ ਭਰਮ

ਲੇਖਕ : ਅਵਿਜੀਤ ਪਾਠਕ



***ਅਸਲ ਵਿਚ ਜੇ ਅਸੀਂ ਸਚਮੁੱਚ ਹੀ ਨਿਮਰ ਭਾਵ ਵਿੱਚ ਭਿੱਜੇ ਸ਼ਾਂਤ ਤੇ ਸੰਤੁਸ਼ਟ ਸੰਸਾਰ ਨੂੰ ਲੋਚਦੇ ਹਾਂ ਤਾਂ ਸਾਨੂੰ ਸਵੈ ਤੇ ਸੰਸਾਰ ਜਾਂ ਰਾਜਸੀ ਤੇ ਅਧਿਆਤਮਕ ਦੁਨੀਆ ਵਿਚਾਲੇ ਪੁਲ ਉਸਾਰਨਾ ਪਏਗਾ; ਮਸਲਨ, ਉਸ ਸ਼ਖ਼ਸ ਨੂੰ 'ਸਚੇਤ ਮਨ' (ਅਤੀਤ ਦੇ ਮਾੜੇ ਤਜਰਬਿਆਂ ਜਾਂ ਭਵਿੱਖ ਦੀ ਬੇਚੈਨੀ ਬਿਨਾਂ ਵਰਤਮਾਨ 'ਚ ਰਹਿਣ ਦੀ ਸਮਰੱਥਾ) ਦਾ ਪਾਠ ਪੜ੍ਹਾਉਣਾ ਮੂਰਖਤਾ ਹੈ ਜੋ ਭੁੱਖ, ਕੁਪੋਸ਼ਣ ਦਾ ਭੰਨਿਆ ਅਤੇ ਬੇਘਰ ਹੋਵੇ; ਜਾਂ ਫਿਰ ਰੁਜ਼ਗਾਰ ਦੇਣ ਵਾਲਿਆਂ ਵੱਲੋਂ ਲਗਾਤਾਰ ਨਕਾਰੇ ਗਏ ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਕੋਈ ਮਸ਼ਹੂਰ 'ਸੈਲਫ ਹੈਲਪ' ਕਿਤਾਬ ਪੜ੍ਹਨ ਲਈ ਕਹਿਣ ਬਾਰੇ ਸੋਚ ਕੇ ਦੇਖੋ। ਉਸ ਨੂੰ ਜੇਕਰ ਤੁਸੀਂ ਅਜਿਹਾ ਕਰਨ ਤੇ ਚੰਗਾ ਅਤੇ ਸਕਾਰਾਤਮਕ ਸੋਚਣ ਲਈ ਕਹੋਗੇ ਤਾਂ ਇਹ ਇੱਕ ਤਰ੍ਹਾਂ ਦਾ ਮਾਨਸਿਕ ਤਸ਼ੱਦਦ ਹੋਵੇਗਾ।***

ਅਸੀਂ ਭਾਵੇਂ ਬੇਸ਼ੁਮਾਰ ਜੰਗਾਂ, ਫ਼ੌਜੀ ਸ਼ਾਸਨ, ਤਾਨਾਸ਼ਾਹੀ ਦੇ ਨਵੇਂ ਰੂਪਾਂ, ਵਧਦੀ ਆਰਥਿਕ ਨਾ-ਬਰਾਬਰੀ, ਜਲਵਾਯੂ ਤਬਦੀਲੀ ਤੇ ਸਮਾਜੀ ਮਾਨਸਿਕ ਵਿਕਾਰਾਂ ਵਾਲੀ ਅੰਨ੍ਹੀ ਹਿੰਸਾ ਦੀ ਸ਼ਿਕਾਰ ਦੁਨੀਆ ਵਿੱਚ ਰਹਿ ਰਹੇ ਹਾਂ, ਫਿਰ ਵੀ ਖ਼ੁਸ਼ੀ ਲਈ ਸਾਡੀ ਤਲਾਸ਼ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਇਸ ਤੋਂ ਇਲਾਵਾ ਅਜੋਕੇ ਸਮਿਆਂ 'ਚ ਕਿਉਂਕਿ ਸਾਨੂੰ ਚੰਗਾ ਲੱਗਦਾ ਹੈ ਕਿ ਜੀਵਨ ਦਾ ਸਾਰਾ ਹਿਸਾਬ ਸਹੀ ਬੈਠੇ, ਖ਼ੁਸ਼ੀ ਵਰਗੇ ਬੇਹੱਦ ਗੁਣਾਤਮਕ ਤੇ ਅੰਤਰੀਵ ਭਾਵ ਦਾ ਵੀ ਅਸੀਂ ਮਾਪ-ਤੋਲ ਕਰਨ ਲੱਗ ਪਏ ਹਾਂ। ਹਰ ਸਾਲ ਸੰਯੁਕਤ ਰਾਸ਼ਟਰ ਦਾ ਟਿਕਾਊ ਵਿਕਾਸ ਬਾਰੇ ਨੈੱਟਵਰਕ ਵੱਖ-ਵੱਖ ਮੁਲਕਾਂ ਦੀ ਦਰਜਾਬੰਦੀ ਕਰਦਾ ਹੈ, ਇਨ੍ਹਾਂ ਨੂੰ 'ਖ਼ੁਸ਼ੀ ਸੂਚਕ ਅੰਕ' ਵਿੱਚ ਮਾਪਿਆ ਜਾਂਦਾ ਹੈ ਜਿਸ ਦਾ ਆਧਾਰ ਕੁੱਲ ਘਰੇਲੂ ਉਤਪਾਦ, ਜਿਊਣ ਦੀ ਸੰਭਾਵਨਾ, ਸਰਕਾਰ ਜਾਂ ਮੁਲਕ ਦੀ ਸਮਰੱਥਾ, ਸਮਾਜਿਕ ਸਹਾਇਤਾ ਜਾਂ ਕਹਿ ਲਈਏ, ਪਰਉਪਕਾਰੀ ਰਵੱਈਆ ਹੁੰਦਾ ਹੈ। ਫਿਨਲੈਂਡ ਜਿੱਥੇ ਇਸ ਸੂਚੀ ਵਿੱਚ ਚੋਟੀ 'ਤੇ 'ਸਭ ਤੋਂ ਵੱਧ ਖ਼ੁਸ਼ ਮੁਲਕ' ਬਣਿਆ ਹੋਇਆ ਹੈ, ਉੱਥੇ 'ਵਰਲਡ ਹੈਪੀਨੈੱਸ ਰਿਪੋਰਟ-2024' ਵਿਚ ਭਾਰਤ ਦਾ ਨੰਬਰ 143 ਮੁਲਕਾਂ ਵਿਚੋਂ 126ਵਾਂ ਹੈ।

ਮੈਂ ਸ਼ਾਇਦ ਇਸ ਰਿਪੋਰਟ ਦੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਤਾਂ ਨਹੀਂ ਕਰਾਂਗਾ; ਇਸ ਵਿੱਚ ਕੋਈ ਸ਼ੱਕ ਵੀ ਨਹੀਂ ਹੈ ਕਿ ਆਰਥਿਕ ਸਥਿਰਤਾ ਦਾ ਮੁਨਾਸਿਬ ਪੱਧਰ, ਸਮਾਜਿਕ ਭਲਾਈ ਦੀਆਂ ਸਰਕਾਰੀ ਸਕੀਮਾਂ, ਬਿਹਤਰ ਸਿਹਤ ਸਹੂਲਤਾਂ, ਕੰਮਕਾਜੀ ਸੰਤੁਸ਼ਟੀ, ਆਪਸੀ ਤਾਲਮੇਲ ਵਾਲੇ ਸਮਾਜ ਦੀ ਮੌਜੂਦਗੀ ਅਤੇ ਸਿਆਸੀ ਆਜ਼ਾਦੀ ਰੋਜ਼ਮੱਰਾ ਜ਼ਿੰਦਗੀ ਵਿੱਚ ਕੁਝ ਹੱਦ ਤੱਕ ਤਸੱਲੀ ਪੈਦਾ ਕਰਦੇ ਹਨ; ਹਾਲਾਂਕਿ ਇਹ ਸਵੀਕਾਰ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਕਿ ਖ਼ਾਲਸ ਖ਼ੁਸ਼ੀ ਵਰਗਾ ਕੁਝ ਨਹੀਂ ਹੈ ਕਿਉਂਕਿ ਆਨੰਦ ਤੇ ਤਸੱਲੀ ਵਾਲੇ ਸਾਡੇ ਸਭ ਤੋਂ ਬਿਹਤਰੀਨ ਪਲ ਕਿਸੇ ਨਾ ਕਿਸੇ ਕਿਸਮ ਦੀ ਬੇਚੈਨੀ ਵੀ ਨਾਲ ਲੈ ਕੇ ਆਉਂਦੇ ਹਨ। ਜਿਵੇਂ ਸਾਡੇ ਕੋਲ ਜੋ ਕੁਝ ਹੈ, ਉਸ ਨੂੰ ਗੁਆਉਣ ਦਾ ਡਰ ਰਹਿੰਦਾ ਹੈ, ਭਾਵੇਂ ਉਹ ਭੌਤਿਕ ਸੰਪਤੀ ਹੋਵੇ, ਸਰੀਰਕ ਜੀਵਨ ਸ਼ਕਤੀ ਜਾਂ ਸਨੇਹੀਆਂ ਦਾ ਸਾਥ। ਅਸੀਂ ਹਮੇਸ਼ਾ ਸੰਪੂਰਨ ਖ਼ੁਸ਼ੀ ਲੱਭਦੇ ਰਹਿੰਦੇ ਹਾਂ, ਫਿਰ ਵੀ ਇਹ ਸਾਡੇ ਹੱਥ ਨਹੀਂ ਆਉਂਦੀ। ਸਾਡੇ ਸਮਿਆਂ ਵਿੱਚ ਵੱਡੀ ਗਿਣਤੀ ਲਾਈਫ ਕੋਚਾਂ, ਮੋਟੀਵੇਸ਼ਨਲ ਸਪੀਕਰਾਂ ਤੇ ਅਧਿਆਤਮਕ ਗੁਰੂਆਂ ਨੂੰ ਦੇਖ ਕੇ ਹੈਰਾਨੀ ਨਹੀਂ ਹੁੰਦੀ ਜੋ 'ਖ਼ੁਸ਼ੀ ਅਤੇ ਸਫ਼ਲਤਾ' ਲਈ ਵਾਰ-ਵਾਰ ਸਾਨੂੰ ਕੁਝ 'ਢੰਗ-ਤਰੀਕੇ' ਅਪਨਾਉਣ ਲਈ ਕਹਿੰਦੇ ਹਨ ਜਿਨ੍ਹਾਂ ਵਿਚ ਧਿਆਨ ਦਾ ਅਭਿਆਸ, ਸਾਹ ਲੈਣ ਨਾਲ ਜੁੜੇ ਅਭਿਆਸ, ਚੇਤਨ ਮਨ ਆਦਿ ਸ਼ਾਮਿਲ ਹਨ।

ਉਂਝ, ਇਹ ਜਾਣਨਾ ਜ਼ਰੂਰੀ ਹੈ ਕਿ ਖ਼ੁਸ਼ੀ 'ਸੈਲਫ ਹੈਲਪ' ਪੁਸਤਕਾਂ ਜਾਂ ਆਸ਼ਰਮ ਤੇ ਮੱਠਾਂ ਤੋਂ ਫ਼ੌਰੀ ਪ੍ਰਾਪਤ ਹੋਣ ਵਾਲਾ ਕੋਈ ਰੋਗ ਨਿਵਾਰਕ ਕੈਪਸੂਲ ਨਹੀਂ ਹੈ। ਅਸਲ ਵਿਚ ਜੇ ਅਸੀਂ ਸਚਮੁੱਚ ਹੀ ਨਿਮਰ ਭਾਵ ਵਿੱਚ ਭਿੱਜੇ ਸ਼ਾਂਤ ਤੇ ਸੰਤੁਸ਼ਟ ਸੰਸਾਰ ਨੂੰ ਲੋਚਦੇ ਹਾਂ ਤਾਂ ਸਾਨੂੰ ਸਵੈ ਤੇ ਸੰਸਾਰ ਜਾਂ ਰਾਜਸੀ ਤੇ ਅਧਿਆਤਮਕ ਦੁਨੀਆ ਵਿਚਾਲੇ ਪੁਲ ਉਸਾਰਨਾ ਪਏਗਾ; ਮਸਲਨ, ਉਸ ਸ਼ਖ਼ਸ ਨੂੰ 'ਸਚੇਤ ਮਨ' (ਅਤੀਤ ਦੇ ਮਾੜੇ ਤਜਰਬਿਆਂ ਜਾਂ ਭਵਿੱਖ ਦੀ ਬੇਚੈਨੀ ਬਿਨਾਂ ਵਰਤਮਾਨ 'ਚ ਰਹਿਣ ਦੀ ਸਮਰੱਥਾ) ਦਾ ਪਾਠ ਪੜ੍ਹਾਉਣਾ ਮੂਰਖਤਾ ਹੈ ਜੋ ਭੁੱਖ, ਕੁਪੋਸ਼ਣ ਦਾ ਭੰਨਿਆ ਅਤੇ ਬੇਘਰ ਹੋਵੇ; ਜਾਂ ਫਿਰ ਰੁਜ਼ਗਾਰ ਦੇਣ ਵਾਲਿਆਂ ਵੱਲੋਂ ਲਗਾਤਾਰ ਨਕਾਰੇ ਗਏ ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਕੋਈ ਮਸ਼ਹੂਰ 'ਸੈਲਫ ਹੈਲਪ' ਕਿਤਾਬ ਪੜ੍ਹਨ ਲਈ ਕਹਿਣ ਬਾਰੇ ਸੋਚ ਕੇ ਦੇਖੋ। ਉਸ ਨੂੰ ਜੇਕਰ ਤੁਸੀਂ ਅਜਿਹਾ ਕਰਨ ਤੇ ਚੰਗਾ ਅਤੇ ਸਕਾਰਾਤਮਕ ਸੋਚਣ ਲਈ ਕਹੋਗੇ ਤਾਂ ਇਹ ਇੱਕ ਤਰ੍ਹਾਂ ਦਾ ਮਾਨਸਿਕ ਤਸ਼ੱਦਦ ਹੋਵੇਗਾ। ਝੁੱਗੀ ਵਿੱਚ ਰਹਿਣ ਵਾਲੇ ਜਾਂ ਕਿਸੇ ਬੇਘਰੇ ਨੂੰ 'ਘੱਟੋ-ਘੱਟ ਨਾਲ ਗੁਜ਼ਾਰੇ' ਦਾ ਪਾਠ ਪੜ੍ਹਾਉਣਾ ਵੀ ਓਨਾ ਹੀ ਬੇਹੂਦਾ ਹੈ। ਇਸ ਅੰਤਾਂ ਦੇ ਉੱਚੇ-ਨੀਵੇਂ ਤੇ ਬੇਰਹਿਮ ਸੰਸਾਰ ਦੀਆਂ ਰਾਜਸੀ ਤੇ ਆਰਥਿਕ ਨੀਹਾਂ ਨੂੰ ਬਦਲੇ ਬਿਨਾਂ ਅਸੀਂ ਤਸੱਲੀ ਦੇ ਲੋੜੀਂਦੇ ਪੱਧਰ ਵੱਲ ਨਹੀਂ ਵੱਧ ਸਕਦੇ। ਨਸਲਕੁਸ਼ੀ ਨੂੰ ਆਮ ਹੀ ਸਿੱਧ ਕਰ ਦੇਣ ਦੇ ਮਾਹੌਲ ਵਿਚਾਲੇ ਫ਼ਲਸਤੀਨੀ ਭਲਾ ਕਿਵੇਂ ਖ਼ੁਸ਼ ਰਹਿ ਸਕਦੇ ਹਨ।

ਇਸੇ ਤਰ੍ਹਾਂ ਜੇ ਰੁਜ਼ਗਾਰ ਰਿਪੋਰਟ-2024 ਦੱਸਦੀ ਹੈ ਕਿ ਭਾਰਤ ਦੇ 83 ਪ੍ਰਤੀਸ਼ਤ ਬੇਰੁਜ਼ਗਾਰ, ਨੌਜਵਾਨ ਵਰਗ ਨਾਲ ਸਬੰਧਿਤ ਹਨ ਜਾਂ ਜਿਵੇਂ ਖੋਜ ਪੱਤਰ 'ਦਿ ਰਾਈਜ਼ ਆਫ ਬਿਲੀਅਨੇਅਰ ਰਾਜ' ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਦੇ ਉਪਰਲੇ ਇੱਕ ਪ੍ਰਤੀਸ਼ਤ ਲੋਕਾਂ ਕੋਲ 40 ਪ੍ਰਤੀਸ਼ਤ ਸੰਪਤੀ ਹੈ ਤਾਂ ਇਕ ਔਸਤ ਭਾਰਤੀ ਦੇ ਦਰਦ, ਡਰ, ਤਣਾਅ ਤੇ ਦੁੱਖ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਸਾਡੇ ਕੋਲ ਭਾਵੇਂ ਮੁਕਤੀ ਦੇ ਵੱਖੋ-ਵੱਖਰੇ ਰਾਹ ਦਿਖਾਉਣ ਵਾਲੇ ਹਜ਼ਾਰਾਂ ਬਾਬੇ ਤੇ ਗੁਰੂ ਹਨ, ਫਿਰ ਵੀ ਕੌੜੀ ਸਚਾਈ ਇਹੀ ਹੈ ਕਿ ਸਾਡਾ ਮੁਲਕ ਨਾਖ਼ੁਸ਼ ਅਤੇ ਉਦਾਸ ਮੁਲਕ ਹੈ। ਸ਼ਾਇਦ ਸਾਡੇ ਸਮਾਜ ਦੀ ਸਿਆਸੀ/ਆਰਥਿਕ ਮੁੜ ਉਸਾਰੀ ਤੋਂ ਬਿਨਾਂ ਅਸੀਂ ਅਜਿਹਾ ਸਮਾਜਿਕ ਵਾਤਾਵਰਨ ਨਹੀਂ ਸਿਰਜ ਸਕਦੇ ਜੋ ਸੰਤੁਸ਼ਟ ਲੋਕਾਈ ਦੇ ਵਿਕਾਸ ਲਈ ਨਿਆਂ ਸੰਗਤ ਤਰੀਕੇ ਨਾਲ ਸਾਜ਼ਗਾਰ ਹੋਵੇ।

ਇੱਥੇ ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਮੈਂ ਆਤਮ-ਵਿਸ਼ਲੇਸ਼ਣ ਦੀ ਅਹਿਮੀਅਤ ਜਾਂ ਅਰਥਪੂਰਨ, ਟਿਕਾਊ ਤੇ ਦਯਾ ਭਾਵ ਨਾਲ ਭਰਪੂਰ ਜੀਵਨ ਜਿਊਣ ਲਈ ਅੰਦਰੂਨੀ ਠਹਿਰਾਅ ਦੀ ਲੋੜ ਨੂੰ ਨਕਾਰਦਾ ਹਾਂ। ਆਰਥਿਕ ਸੁਰੱਖਿਆ ਤੇ ਰਾਜਨੀਤਕ ਆਜ਼ਾਦੀ ਦਾ ਢੁਕਵਾਂ ਪੱਧਰ ਸਾਡੀ ਰੋਜ਼ਮੱਰ੍ਹਾ ਜ਼ਿੰਦਗੀ ਨੂੰ ਕੁਝ ਹੱਦ ਤੱਕ ਸੁਖੀ ਬਣਾਉਂਦਾ ਹੈ। ਜੀਵਨ ਨੂੰ 'ਪਵਿੱਤਰ' ਕੀਤੇ ਬਿਨਾਂ ਵਧੇਰੇ ਅਰਥਪੂਰਨ ਤੇ ਸ਼ਾਂਤੀਪੂਰਨ ਅਹਿਸਾਸ (ਜ਼ਰੂਰੀ ਨਹੀਂ ਕਿ ਸੰਪੂਰਨ 'ਖ਼ੁਸ਼ੀ' ਦੀ ਸਥਿਤੀ) ਵੱਲ ਨਹੀਂ ਵਧਿਆ ਜਾ ਸਕਦਾ। ਮਸਲਨ, ਇਹ ਧਾਰਮਿਕਤਾ ਜਾਂ ਪਵਿੱਤਰਤਾ ਜਿਊਣ ਦੀ ਅਜਿਹੀ ਕਲਾ ਵਿਕਸਿਤ ਕਰਨ ਬਾਰੇ ਹੈ ਜੋ ਖਪਤਵਾਦ ਤੋਂ ਦੂਰ ਹੋਵੇ। ਇਸ ਸਭ ਲਈ ਭੋਜਨ, ਵਸੇਬੇ, ਸਿੱਖਿਆ, ਰਾਜਨੀਤਕ ਆਜ਼ਾਦੀ ਤੇ ਕੰਮਕਾਰ ਜਿਹੀਆਂ ਬੁਨਿਆਦੀ ਲੋੜਾਂ ਨੂੰ ਬੇਕਾਬੂ ਲਾਲਚ ਦੇ ਵਾਇਰਸ ਤੋਂ ਵੱਖਰਾ ਕਰਨਾ ਪਏਗਾ- ਉਹ ਲਾਲਚ ਜਿਸ ਨੂੰ ਮੰਡੀ ਆਧਾਰਿਤ ਸਮਾਜ ਨੇ ਆਮ ਵਰਤਾਰਾ ਬਣਾ ਦਿੱਤਾ ਹੈ।

ਹਾਂ, ਅਜਿਹੇ ਸਮਾਜ ਵਿਚ ਖ਼ੁਸ਼ੀ ਲਈ ਕੋਈ ਥਾਂ ਨਹੀਂ ਹੈ ਜਿਹੜਾ ਬੇਲੋੜੀ ਖ਼ਪਤ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਾ ਹੈ ਜਾਂ ਨਿੱਤ ਨਵੇਂ ਆ ਰਹੇ ਉਤਪਾਦਾਂ ਲਈ ਲਲਚਾਉਂਦਾ ਹੈ ਅਤੇ ਨਵ-ਉਦਾਰਵਾਦੀ ਮੰਡੀ ਦੀਆਂ ਨਵੀਆਂ ਕਾਢਾਂ ਨੂੰ ਲਗਾਤਾਰ ਅਪਨਾਉਂਦਾ ਹੈ। ਇਹ ਤਾਂਘ, ਸਕੂਨ ਤੇ ਚੈਨ ਨੂੰ ਭੰਗ ਕਰਦੀ ਹੈ; ਤੇ ਉਲਟਾ ਈਰਖਾ, ਬੇਚੈਨੀ ਤੇ ਪੱਛੜਨ ਦਾ ਸਦੀਵੀ ਡਰ ਪੈਦਾ ਕਰਦੀ ਹੈ। ਇਸੇ ਤਰ੍ਹਾਂ ਖ਼ੁਦ 'ਚ ਨਾਤੇਦਾਰੀ ਦੀ ਕਲਾ ਵਿਕਸਿਤ ਕਰਨਾ ਵੀ ਓਨਾ ਹੀ ਜ਼ਰੂਰੀ ਹੈ; ਅਜਿਹਾ ਅਪਣਾਪਨ ਜੋ ਬਿਲਕੁਲ ਆਮ ਜਿਹੀਆਂ ਚੀਜ਼ਾਂ 'ਚ ਭਰਪੂਰ ਖ਼ੁਸ਼ੀ ਲੱਭ ਸਕੇ, ਜਿਵੇਂ ਕਿਸੇ ਗੁੱਝੇ ਮਕਸਦ ਬਿਨਾਂ ਕਿਸੇ ਦੋਸਤ ਨੂੰ ਮਿਲਣਾ ਜਾਂ ਕਿਸੇ ਪਹਾੜੀ ਇਲਾਕੇ ਦੀ ਸੈਰ ਕਰਨੀ ਤੇ ਅਨੰਤ ਦੀ ਝਲਕ ਦਾ ਆਨੰਦ ਮਾਣਨਾ। 'ਸਾਧਾਰਨ' ਹੋਣ ਦੀ ਇਹ ਕਲਾ ਜੋ ਕਲਾਤਮਕ ਵਾਧੇ ਨਾਲ ਵੀ ਭਰੀ ਹੋਈ ਹੈ, ਮਿਥਿਹਾਸਕ 'ਸਫਲਤਾ' ਹਾਸਲ ਕਰਨ ਦੀ ਮਾਨਸਿਕ ਬੇਚੈਨੀ ਜਾਂ 'ਸੰਪੂਰਨ ਤੇ ਖ਼ੁਸ਼ਹਾਲ ਜ਼ਿੰਦਗੀ' ਜਿਊਣ ਦੇ ਫਰੇਬ ਤੋਂ ਮੁਕਤੀ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੀ ਹੈ; ਇਸੇ ਫਰੇਬ ਰਾਹੀਂ ਭਰਮਾਊ 'ਕਲਚਰ ਇੰਡਸਟਰੀ' ਲਗਾਤਾਰ ਸਾਨੂੰ ਧੋਖੇ ਵਿਚ ਰੱਖ ਰਹੀ ਹੈ।

ਜੀਵਨ ਦੀ ਸ਼ੁੱਧਤਾ ਲਈ ਹੋਂਦ ਦੇ ਵਿਰਾਸਤੀ ਅਵਸਾਦ ਨੂੰ ਸਵੀਕਾਰਨ ਦੀ ਲੋੜ ਹੈ। ਇਹ ਇਵੇਂ ਮੰਨਣ ਵਾਂਗ ਹੈ ਕਿ ਸਾਰਾ ਕੁਝ ਸਾਡੇ ਕੰਟਰੋਲ ਵਿਚ ਨਹੀਂ ਹੈ। ਜਿਸ ਚੀਜ਼ ਨੂੰ ਵੀ ਅਸੀਂ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਉਹ ਕੱਚੀ ਤੇ ਅਸਥਾਈ ਹੈ। ਗੂੜ੍ਹ ਘਟਨਾਵਾਂ ਅਤੇ ਤ੍ਰਾਸਦੀਆਂ ਅਚਾਨਕ ਸਾਡੀ ਹੋਂਦ ਨੂੰ ਤੋੜ ਸਕਦੀਆਂ ਹਨ; ਤੇ ਕੋਈ ਵੀ ਮੌਤ ਦੇ ਸੱਚ ਤੋਂ ਬਚ ਨਹੀਂ ਸਕਦਾ, ਜੋ ਆਖ਼ਰ ਵਿੱਚ ਸਾਡੀ ਫੁੱਲੀ ਹੋਈ ਹਉਮੈ ਨੂੰ ਮਨਫ਼ੀ ਕਰੇਗੀ। ਸ਼ਾਇਦ ਇਹ ਅਹਿਸਾਸ, ਕੁੜੱਤਣ ਭਰਨ ਦੀ ਬਜਾਇ ਇਸ ਦੁਨਿਆਵੀ ਹੋਂਦ ਤੋਂ ਪਾਕ ਹੰਝੂਆਂ ਨਾਲ ਸਾਨੂੰ ਪਾਰ ਲੰਘਾਏਗਾ।

---

# ਡਿੱਪਰ

ਲੇਖਕ : ਰਾਜੇਸ਼ ਰਿਖੀ ਪੰਜਗਰਾਈਆਂ, ਸੰਪਰਕ: 94644-42300



ਉਦੋਂ ਅਠਾਰਾਂ ਸਾਲ ਪਾਰ ਹੀ ਕੀਤੇ ਸਨ, ਮੈਂ ਅਤੇ ਮੇਰੇ ਚਾਚਾ ਜੀ ਨੇ ਡਰਾਇੰਗ ਲਾਇਸੈਂਸ ਲਈ ਅਰਜ਼ੀ ਦੇ ਦਿੱਤੀ। ਆਰਟੀਓ ਦਫ਼ਤਰ ਨੇ ਸਰਕਾਰੀ ਗੈਸਟ ਹਾਊਸ ਮਾਲੇਰਕੋਟਲਾ ਵਿੱਚ ਲਰਨਿੰਗ ਲਾਇਸੈਂਸ ਲਈ ਇੰਟਰਵਿਊ ਲਈ ਬੁਲਾਇਆ। ਸਾਡੇ ਸਮੇਤ ਉੱਥੇ ਕਰੀਬ ਢਾਈ ਦਰਜਨ ਲੋਕ ਹੋਣਗੇ, ਗੈਸਟ ਹਾਊਸ ਦੇ ਬਾਹਰ ਪਾਰਕ ਵਿੱਚ ਅਫਸਰ ਦੀ ਕੁਰਸੀ ਲੱਗੀ ਹੋਈ ਸੀ। ਪਤਾ ਨਹੀਂ ਉਸ ਅਫਸਰ ਦਾ ਅਹੁਦਾ ਕੀ ਸੀ; ਉਹ ਲਾਇਸੈਂਸ ਲੈਣ ਵਾਲਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਸਵਾਲ ਪੁੱਛਦੇ ਅਤੇ ਸਵਾਲਾਂ ਦੇ ਆਧਾਰ 'ਤੇ ਲਾਇਸੈਂਸ ਦੇਣ ਜਾਂ ਨਾ ਦੇਣ ਲਈ ਆਪਣੀ ਟਿੱਪਣੀ ਲਿਖ ਦਿੰਦੇ। ਉਹ ਇਹ ਵੀ ਪੁੱਛਦੇ- "ਕਾਹਦੇ 'ਤੇ ਆਏ ਹੋ ਇਥੇ?"

ਸਾਥੋਂ ਅੱਗੇ ਸਾਧਾਰਨ ਜਿਹੀ ਦਿਖ ਵਾਲੇ ਸ਼ਖ਼ਸ ਨੂੰ ਵੀ ਉਨ੍ਹਾਂ ਪੁੱਛਿਆ, "ਕਾਹਦੇ 'ਤੇ ਆਏ ਹੋ?" "ਜੀ ਮਰੂਤੀ 'ਤੇ।" ਉਨ੍ਹਾਂ ਦਾ ਅਗਲਾ ਸਵਾਲ ਸੀ, "ਡਿੱਪਰ ਕਿਹਨੂੰ ਕਹਿੰਦੇ?" ਉਹ ਭਲਾ ਪੁਰਸ਼ ਜਵਾਬ ਨਹੀਂ ਦੇ ਸਕਿਆ। ਅਫਸਰ ਨੇ ਜਦੋਂ ਸਵਾਲ ਦੁਹਰਾਇਆ ਤਾਂ ਉਹਨੇ ਕਿਹਾ, "ਜੀ ਜੋ ਖੱਬੇ ਸੱਜੇ ਮੁੜਨ ਲਈ ਲਗਾਉਂਦੇ ਆਂ।"

"ਉਹ ਇੰਡੀਕੇਟਰ ਹੁੰਦਾ। ਜਾਓ ਅਗਲੀ ਵਾਰ ਟ੍ਰੈਫਿਕ ਨਿਯਮ ਸਿੱਖ ਕੇ ਆਇਓ।"

ਸਾਡੀ ਵਾਰੀ ਵੀ ਆ ਗਈ। ਸਾਨੂੰ ਕਾਰ ਜੀਪ ਦੇ ਲਾਇਸੈਂਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ, ਸਾਨੂੰ ਤਾਂ ਘਰ ਦੇ ਵੈਸਪਾ ਤੇ ਚੇਤਕ ਸਕੂਟਰ 'ਤੇ ਚੜ੍ਹ ਕੇ ਘੁੰਮਣ ਦਾ ਚਾਅ ਸੀ। ਸਾਨੂੰ ਪੁੱਛਿਆ ਗਿਆ, "ਕਾਹਦਾ ਲਾਇਸੈਂਸ ਬਣਾਉਣਾ?"

"ਸਕੂਟਰ ਦਾ ਜੀ।" ਉਨ੍ਹਾਂ 'ਜਾਓ' ਕਹਿ ਕੇ ਪਾਸ ਕਰ ਦਿੱਤਾ ਪਰ 'ਡਿੱਪਰ ਕਿਹਨੂੰ ਕਹਿੰਦੇ?' ਵਾਲਾ ਸਵਾਲ ਜ਼ਿਹਨ 'ਚ ਕਿਤੇ ਅਟਕ ਗਿਆ ਤੇ ਅਕਸਰ ਯਾਦ ਆਉਂਦਾ, ਖ਼ਾਸਕਰ ਜਦੋਂ ਰਾਤ ਨੂੰ ਸਫ਼ਰ ਕਰ ਰਿਹਾ ਹੋਵਾਂ।

ਕੁਝ ਦਿਨ ਪਹਿਲਾਂ ਹਾਈਵੇ ਤੋਂ ਹੁੰਦਾ ਹੋਇਆ ਵਾਇਆ ਸੰਗਰੂਰ-ਮਾਲੇਰਕੋਟਲਾ ਆਪਣੇ ਪਿੰਡ ਪੰਜਗਰਾਈਆਂ ਆਇਆ ਤਾਂ ਸਾਹਮਣੇ ਤੋਂ ਆਉਣ ਵਾਲੇ ਹਰ ਛੋਟੇ ਵੱਡੇ ਵਾਹਨ ਨੂੰ ਡਿੱਪਰ ਦਿੰਦਾ। ਸਾਹਮਣੇ ਤੋਂ ਆਉਣ ਵਾਲੇ 90% ਵਾਹਨ ਵਾਲਿਆਂ ਨੇ ਲਾਈਟਾਂ ਥੱਲੇ ਨਹੀਂ ਕੀਤੀਆਂ। ਸੋਚਦਾ ਰਿਹਾ, ਹੁਣ ਤਾਂ ਲਾਇਸੈਂਸ ਬਣਾਉਣ ਮੌਕੇ ਚਾਰ ਸਵਾਲ ਛੱਡੋ, ਡਰਾਈਵ ਟੈਸਟ ਵੀ ਲੈਂਦੇ ਹਨ, ਫਿਰ ਵੀ ਇਹ ਹਾਲ ਹੈ! ਇਨ੍ਹਾਂ ਲੋਕਾਂ ਦੇ ਲਾਇਸੈਂਸ ਕੀਹਨੇ ਬਣਾ ਦਿੱਤੇ?

ਅਸਲ ਵਿਚ, ਰਾਤ ਨੂੰ ਸਾਹਮਣੇ ਤੋਂ ਆਉਣ ਵਾਲਾ ਉਹੀ ਬੰਦਾ ਆਪਣੇ ਵਾਹਨ ਦੀਆਂ ਲਾਈਟਾਂ ਨੀਵੀਆਂ ਕਰਦਾ ਜਿਹਦੀਆਂ ਅੱਖਾਂ ਵਿੱਚ ਤੁਹਾਡੀਆਂ ਲਾਈਟਾਂ ਪੈ ਰਹੀਆਂ ਹੋਣ ਜਾਂ ਇੱਕਾ-ਦੁੱਕਾ ਨੂੰ ਛੱਡ ਕੇ ਟਰੱਕਾਂ ਵਾਲੇ ਭਾਈ ਤੇ ਟੈਕਸੀ ਡਰਾਈਵਰ ਹੀ ਡਿੱਪਰ ਦੇਣਗੇ; ਬਾਕੀਆਂ ਨੂੰ ਕੋਈ ਮਤਲਬ ਨਹੀਂ ਕਿ ਤੁਹਾਡੀਆਂ ਅੱਖਾਂ ਵਿੱਚ ਲਾਈਟਾਂ ਪੈ ਰਹੀਆਂ ਹਨ ਤੇ ਤੁਹਾਨੂੰ ਰਸਤਾ ਪੂਰੀ ਤਰ੍ਹਾਂ ਦਿਸਦਾ ਨਹੀਂ! ਉਨ੍ਹਾਂ ਨੇ ਤਾਂ ਆਪਣੀ ਵੱਡੀ ਗੱਡੀ ਦੀ ਟੌਹਰ ਵਿੱਚ ਲੰਘ ਜਾਣਾ ਹੁੰਦਾ। ਇਹ ਸਮੱਸਿਆ ਵੱਡੀ ਗੱਡੀ ਵਾਲੇ ਤੋਂ ਛੋਟੀ ਗੱਡੀ ਵਾਲੇ ਨੂੰ ਹੀ ਹੁੰਦੀ ਹੈ। ਹੁਣ ਤਾਂ ਛੋਟੀਆਂ ਗੱਡੀਆਂ ਵਾਲੇ ਵੀ ਤੇਜ਼ ਰੌਸ਼ਨੀ ਵਾਲੀਆਂ ਟਿਊਬਾਂ ਪੁਆ ਲੈਂਦੇ ਹਨ।

ਵਜਿਸ ਦੇ ਹੱਥ ਵੀ ਸਟੇਅਰਿੰਗ ਆ ਗਿਆ, ਉਸ ਨੂੰ ਇਹ ਸੋਚ ਰੱਖਣੀ ਚਾਹੀਦੀ ਹੈ ਕਿ ਸਾਹਮਣੇ ਤੋਂ ਆਉਣ ਵਾਲੇ ਦੁਪਹੀਆ ਵਾਹਨ ਵਾਲਿਆਂ ਦੇ ਵੀ ਘਰੇ ਬੱਚੇ ਹਨ, ਉਨ੍ਹਾਂ ਦਾ ਪਰਿਵਾਰ ਵੀ ਉਨ੍ਹਾਂ ਨੂੰ ਉਡੀਕ ਕਰ ਰਿਹਾ ਹੈ। ਤੇਜ਼ ਲਾਈਟਾਂ ਜਦੋਂ ਅੱਖਾਂ ਵਿੱਚ ਪੈਂਦੀਆਂ ਹਨ ਤਾਂ ਉਹ ਗੱਡੀ ਨੂੰ ਤੱਕ ਨਾਲ ਹੀ ਪਾਸ ਕਰਦਾ ਹੈ। ਇਸ ਸੂਰਤ ਵਿੱਚ ਜੇ ਸੜਕ ਕਿਨਾਰੇ ਕੋਈ ਪਸ਼ੂ, ਕੋਈ ਪੈਦਲ ਤੁਰਨ ਵਾਲਾ, ਕੋਈ ਸਾਈਕਲ ਵਾਲਾ ਜਾਂਦਾ ਹੋਵੇ ਤਾਂ ਉਹ ਫੇਟ ਦਾ ਸ਼ਿਕਾਰ ਹੋ ਸਕਦਾ ਹੈ ਪਰ ਸਾਡੇ ਤਾਂ ਸਟੇਅਰਿੰਗ ਪਹਿਲਾਂ ਫੜਿਆ ਜਾਂਦਾ ਹੈ, ਲਾਇਸੈਂਸ ਬਾਅਦ ਵਿੱਚ ਬਣਾਇਆ ਜਾਂਦਾ। ਬਹੁਤੇ ਲੋਕ ਲਈ ਤਾਂ ਆਵਾਜਾਈ ਦੇ ਨਿਯਮ ਜ਼ਰੂਰੀ ਹੀ ਨਹੀਂ ਹੁੰਦੇ। ਅਸੀਂ ਉਹ ਲੋਕ ਹਾਂ ਜੋ ਸੀਟ ਬੈਲਟ ਤੇ ਹੈਲਮਟ ਚਲਾਨ ਤੋਂ ਬਚਣ ਲਈ ਪਾਉਂਦੇ ਹਾਂ। ਹਾਂ, ਚੰਡੀਗੜ੍ਹ ਜਾਣ ਮੌਕੇ ਸਾਨੂੰ ਗੱਡੀ ਦੇ ਕਾਗਜ਼ ਪੂਰੇ ਕਰਨੇ ਯਾਦ ਆਉਂਦੇ ਹਨ। ਉਂਝ ਤਾਂ ਟ੍ਰੈਫਿਕ ਚਲਾਨ ਦੀ ਸਾਨੂੰ ਪ੍ਰਵਾਹ ਘੱਟ ਹੀ ਹੁੰਦੀ ਹੈ ਪਰ ਫੜੇ ਜਾਈਏ ਤਾਂ ਕਿਸੇ ਨਾ ਕਿਸੇ ਨਾਲ ਫੋਨ 'ਤੇ ਗੱਲ ਕਰਾ ਦਿੰਦੇ ਹਾਂ। ਸੋਚਣ ਵਾਲੀ ਗੱਲ ਇਹ ਹੈ ਕਿ ਚਲਾਨ ਨਾਲ ਹੋਏ ਵਿੱਤੀ ਨੁਕਸਾਨ ਦੀ ਪੂਰਤੀ ਤਾਂ ਹੋ ਸਕਦੀ ਹੈ ਪਰ ਕੀਮਤੀ ਜਾਨ ਚਲੇ ਜਾਣ 'ਤੇ ਦੂਜਾ ਮੌਕਾ ਨਹੀਂ ਮਿਲਦਾ। ਤੁਹਾਡੀਆਂ ਲਾਈਟਾਂ ਨਾਲ ਹੋਈ ਗ਼ਲਤੀ ਕਰ ਕੇ ਜਿਹੜੇ ਪਰਿਵਾਰ ਦਾ ਜੀਅ ਚਲਾ ਗਿਆ, ਉਸ ਦਾ ਘਾਟਾ ਕੋਈ ਪੂਰਾ ਨਹੀਂ ਕਰ ਸਕਦਾ। ਇਸ ਲਈ ਮੈਂ ਚਾਹੁੰਦਾ ਹਾਂ ਕਿ ਅਫਸਰ ਦਾ ਉਹ ਸਵਾਲ ਸਭ ਨੂੰ ਯਾਦ ਰਹੇ।

# ਜੈਨੇਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ : ਰਚਨਾਤਮਕ ਮਸ਼ੀਨਾਂ ਦਾ ਉਭਾਰ

**ਲੇਖਕ : ਡਾ. ਬ੍ਰਹਮਲੀਨ ਕੌਰ**

ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਸਾਡੀ ਰੋਜ਼ਮੱਰਾ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਈ ਹੈ ਅਤੇ ਜਾਣੇ-ਅਣਜਾਣੇ ਅਸੀਂ ਇਸ ਦੀ ਵਰਤੋਂ ਦਿਨ 'ਚ ਕਈ ਵਾਰ ਕਰਦੇ ਹਾਂ। ਗੂਗਲ ਦੇ ਸਰਚ ਇੰਜਣ 'ਤੇ ਕੀਤੀ ਜਾਣ ਵਾਲੀ ਹਰ ਖੋਜ ਪਿੱਛੇ ਏਆਈ ਕੰਮ ਕਰ ਰਿਹਾ ਹੈ। ਐਮਾਜ਼ਨ, ਯੂਟਿਊਬ ਅਤੇ ਨੈੱਟਫਲਿੱਕਸ ਵਰਗੀਆਂ ਵੈਬਸਾਈਟਾਂ ਉੱਤੇ ਉਤਪਾਦਾਂ, ਫਿਲਮਾਂ ਆਦਿ ਦੀ ਸਿਫ਼ਾਰਸ਼ ਏਆਈ ਦੀ ਵਰਤੋਂ ਨਾਲ ਕੀਤੀ ਜਾਂਦੀ ਹੈ। ਇਹ ਸਿਫਾਰਿਸ਼ਾਂ ਉਪਭੋਗਤਾ ਦੀ ਪ੍ਰੋਫਾਈਲ, ਉਨ੍ਹਾਂ ਦੇ ਪਿਛਲੇ ਵਿਹਾਰ, ਤਰਜੀਹਾਂ ਅਤੇ ਉਨ੍ਹਾਂ ਵਰਗੇ ਹੋਰ ਉਪਭੋਗਤਾਵਾਂ ਦੇ ਵਿਹਾਰ ਦੇ ਆਧਾਰ 'ਤੇ ਕੀਤੀਆਂ ਜਾਂਦੀਆਂ ਹਨ।

ਟੈਸਲਾ ਕੰਪਨੀ ਦੇ ਸੀਈਓ ਐਲਨ ਮਸਕ ਨੇ 13 ਮਾਰਚ 2024 ਨੂੰ 'ਐਕਸ' (ਟਵਿੱਟਰ) 'ਤੇ ਪੋਸਟ ਕਰਦਿਆਂ ਕਿਹਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਅਗਲੇ ਸਾਲ ਤੱਕ ਕਿਸੇ ਵੀ ਮਨੁੱਖ ਨਾਲੋਂ ਵੱਧ ਬੁੱਧੀ ਪ੍ਰਦਰਸ਼ਿਤ ਕਰ ਸਕਦੀ ਹੈ; 2029 ਤੱਕ ਇਹ ਸਾਰੇ ਮਨੁੱਖਾਂ ਦੀ ਸੰਯੁਕਤ ਬੁੱਧੀ ਨੂੰ ਪਾਰ ਕਰ ਸਕਦੀ ਹੈ। ਇਹ ਦਾਅਵਾ ਮਸ਼ਹੂਰ ਲੇਖਕ ਅਤੇ ਭਵਿੱਖਵਾਦੀ ਰੇ ਕੁਰਜ਼ਵੇਲ ਨੇ 1999 ਵਿੱਚ ਹੀ ਕਰ ਦਿੱਤਾ ਸੀ ਪਰ ਏਆਈ ਦੇ ਤਕਨੀਕੀ ਮਾਹਿਰਾਂ ਨੇ ਉਸ ਸਮੇਂ ਇਸ ਦਾਅਵੇ ਨੂੰ ਸਿਰੇ ਤੋਂ ਨਕਾਰ ਦਿੱਤਾ ਸੀ। ਏਆਈ ਦੇ ਵਿਕਾਸ ਵਿੱਚ ਤੇਜ਼ੀ ਨਾਲ ਆਏ ਬਦਲਾਵਾਂ ਨੂੰ ਦੇਖਦੇ ਹੋਏ ਹੁਣ ਖੋਜਕਾਰ 1999 ਵਿੱਚ ਕੀਤੇ ਉਸ ਦਾਅਵੇ ਦੀ ਗਵਾਹੀ ਭਰਨ ਲੱਗ ਪਏ ਹਨ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਨਿਵੇਕਲੀ ਸ਼੍ਰੇਣੀ ਹੈ, ਜੈਨੇਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ। ਇਹ ਸ਼੍ਰੇਣੀ ਐਲਨ ਮਸਕ ਵੱਲੋਂ ਸਥਾਪਤ ਖੋਜ ਕੰਪਨੀ ਓਪਨਏਆਈ ਦੁਆਰਾ ਨਵੰਬਰ 2022 'ਚ ਚੈਟਜੀਪੀਟੀ ਦੇ ਲਾਂਚ ਨਾਲ ਚਰਚਾ ਵਿੱਚ ਆਈ ਸੀ। ਜੈਨੇਰੇਟਿਵ ਏਆਈ ਵਿੱਚ ਇਹੋ ਜਿਹੀਆਂ ਤਕਨੀਕਾਂ ਹਨ ਜੋ ਵੱਡੇ ਡੇਟਾਸੈਟਾਂ ਤੋਂ ਸਿੱਖੇ ਪੈਟਰਨਾਂ ਦੇ ਆਧਾਰ 'ਤੇ ਇਹੋ ਜਿਹੀਆਂ ਅਦਭੁੱਤ ਲਿਖਤਾਂ, ਚਿੱਤਰ, ਸੰਗੀਤ, ਵੀਡੀਓ, ਇੱਥੋਂ ਤੱਕ ਕਿ ਕੰਪਿਊਟਰ ਕੋਡ ਤਿਆਰ ਕਰ ਦਿੰਦੀਆਂ ਹਨ ਜੋ ਬਿਲਕੁਲ ਮਨੁੱਖੀ ਰਚਨਾ ਲੱਗਦੇ ਹਨ। ਇਹ ਤਕਨੀਕਾਂ ਮਨੁੱਖੀ ਦਿਮਾਗ ਵਿੱਚ ਜੁੜੇ ਅਰਬਾਂ ਨਿਊਰੋਨਸ ਦੁਆਰਾ ਪ੍ਰੇਰਿਤ ਵਿਸਤ੍ਰਿਤ ਨਕਲੀ ਨਿਊਰਲ ਨੈੱਟਵਰਕਾਂ 'ਤੇ ਆਧਾਰਿਤ ਹਨ। ਜੈਨੇਰੇਟਿਵ ਏਆਈ ਦੇ ਵਿਕਾਸ ਵਿੱਚ ਤੇਜ਼ੀ ਦਾ ਮੁੱਖ ਕਾਰਨ ਸ਼ਕਤੀਸ਼ਾਲੀ ਕੰਪਿਊਟਿੰਗ ਤਕਨਾਲੋਜੀ ਅਤੇ ਵੱਡੇ ਪੈਮਾਨੇ ਦੇ ਡੇਟਾਸੈਟਾਂ ਦੀ ਉਪਲਬਧਤਾ ਹੈ। ਇਸ ਲਿਖਤ ਰਾਹੀਂ ਅਸੀਂ ਜੈਨੇਰੇਟਿਵ ਏਆਈ ਦੀ ਸ਼ਕਤੀ, ਪਹੁੰਚ ਅਤੇ ਸਮਰੱਥਾ ਨੂੰ ਸਮਝਾਂਗੇ।

ਜੈਨੇਰੇਟਿਵ ਏਆਈ ਦੇ ਉਪਯੋਗ ਉਨੇ ਹੀ ਵਿਭਿੰਨ ਹਨ ਜਿੰਨੀ ਮਨੁੱਖੀ ਕਲਪਨਾ। ਓਪਨਏਆਈ ਦਾ ਚੈਟਜੀਪੀਟੀ, ਗੂਗਲ ਦਾ ਜੈਮਿਨੀ ਅਤੇ ਇਨ੍ਹਾਂ ਵਰਗੇ ਹੋਰ ਜੈਨੇਰੇਟਿਵ ਏਆਈ ਟੂਲ ਮਨੁੱਖੀ ਭਾਸ਼ਾ ਨੂੰ ਸਮਝਣ, ਵਾਰਤਾਲਾਪ ਕਰਨ ਅਤੇ ਸਵਾਲ-ਜਵਾਬ ਕਰਨ ਦੀ ਸਮਰੱਥਾ ਰੱਖਦੇ ਹਨ। ਇਹ ਵੱਖ-ਵੱਖ ਵਿਸ਼ਿਆਂ 'ਤੇ ਕਲਪਨਾਤਮਕ ਰਚਨਾਵਾਂ ਜਿਵੇਂ ਕਹਾਣੀਆਂ, ਕਵਿਤਾਵਾਂ, ਖ਼ਬਰਾਂ, ਸੋਸ਼ਲ ਮੀਡੀਆ ਲਈ ਪੋਸਟਾਂ ਵੀ ਤਿਆਰ ਕਰ ਸਕਦੇ ਹਨ। ਕਾਫੀ ਹੱਦ ਤੱਕ ਇਹ ਭਾਸ਼ਾ ਦਾ ਅਨੁਵਾਦ ਵੀ ਕਰ ਸਕਦੇ ਹਨ। ਤੁਹਾਡੇ ਵੱਲੋਂ ਦਿੱਤੇ ਸੰਕੇਤਾਂ ਦੇ ਆਧਾਰ 'ਤੇ ਤਸਵੀਰਾਂ, ਵੀਡੀਓ, ਸੰਗੀਤ ਵੀ ਤਿਆਰ ਕਰਨ ਦੇ ਸਮਰੱਥ ਹਨ। ਓਪਨਏਆਈ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਮਿਊਜ਼ਨੈੱਟ ਨਾਮ ਦਾ ਟੂਲ 10 ਵੱਖ-ਵੱਖ ਯੰਤਰਾਂ ਦੀ ਵਰਤੋਂ ਕਰ ਕੇ ਲੋਕ ਸੰਗੀਤ ਤੋਂ ਲੈ ਕੇ 'ਮੋਜ਼ਾਰਟ' ਅਤੇ 'ਬੀਟਲਸ' ਤੱਕ ਦੀਆਂ ਸ਼ੈਲੀਆਂ ਨੂੰ ਜੋੜਦਾ ਹੋਇਆ ਨਵੀਨਤਮ ਸੰਗੀਤਕ ਰਚਨਾਵਾਂ ਤਿਆਰ ਕਰ ਸਕਦਾ ਹੈ। ਕਿਸੇ ਵੀ ਤਰ੍ਹਾਂ ਦੇ

ਬਿਰਤਾਂਤ ਨੂੰ ਮਲਟੀਮੀਡੀਆ ਦੇ ਰੂਪ ਵਿੱਚ ਖੁਦਮੁਖ਼ਤਾਰੀ ਨਾਲ ਤਿਆਰ ਕਰਨਾ ਜੈਨੇਰੇਟਿਵ ਏਆਈ ਦੀ ਵਿਲੱਖਣ ਖੂਬੀ ਹੈ।



***ਆਟੋਮੇਸ਼ਨ ਤਕਨਾਲੋਜੀ ਦੀਆਂ ਪਿਛਲੀਆਂ ਪੀੜ੍ਹੀਆਂ ਦਾ ਅਸਰ ਮੱਧ ਆਮਦਨ ਵਾਲੇ ਮਕੈਨੀਕਲ, ਡਾਟਾ ਪ੍ਰਾਸੈਸਿੰਗ ਜਾਂ ਲੇਖਾਕਾਰੀ ਵਾਲੇ ਕਿੱਤਿਆਂ 'ਤੇ ਸਭ ਤੋਂ ਵੱਧ ਪਿਆ ਸੀ। ਜੈਨੇਰੇਟਿਵ ਏਆਈ ਦਾ ਪ੍ਰਭਾਵ ਵੱਧ ਹੁਨਰ ਲੋੜੀਂਦੇ ਅਤੇ ਉੱਚ-ਪੱਧਰ ਦੇ ਮਿਹਨਤਾਨੇ ਵਾਲੇ ਕਿੱਤਿਆਂ ਉੱਤੇ ਪੈਣ ਦਾ ਜ਼ਿਆਦਾ ਖ਼ਦਸ਼ਾ ਹੈ। ਬੋਧਾਤਮਕ ਕਾਰਜ ਕਰਨ ਦੀ ਯੋਗਤਾ ਅਤੇ ਮਨੁੱਖੀ ਭਾਸ਼ਾ ਨੂੰ ਸਮਝਣ ਅਤੇ ਰਚਨ ਦੀ ਸਮਰੱਥਾ ਦੇ ਕਾਰਨ ਜੈਨੇਰੇਟਿਵ ਏਆਈ ਟੂਲ ਕਿਸੇ ਵੀ ਕਿੱਤੇ ਦੇ ਉੱਚ ਦਰਜੇ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਖੁਦਮੁਖ਼ਤਾਰੀ ਨਾਲ ਨੇਪਰੇ ਚਾੜ੍ਹ ਸਕਦੇ ਹਨ। ਇਸ ਤਰ੍ਹਾਂ ਬਹੁਤ ਸਾਰੇ ਸੰਚਾਰ ਅਤੇ ਨਿਗਰਾਨੀ ਯੁਕਤ ਕੰਮ ਸਵੈ-ਚਾਲਿਤ ਹੋ ਸਕਦੇ ਹਨ।***

ਜੈਨੇਰੇਟਿਵ ਏਆਈ ਦੀ ਖੁਦਮੁਖ਼ਤਾਰੀ ਦਾ ਨਕਾਰਾਤਮਕ ਰੂਪ ਹੈ ਡੀਪਫੇਕ ਤਕਨਾਲੋਜੀ ਜਿਸ ਵਿੱਚ ਅਨੈਤਿਕ ਤੌਰ 'ਤੇ ਨਕਲੀ ਅਤੇ ਕਾਲਪਨਿਕ ਚਿੱਤਰ, ਆਡੀਓ ਅਤੇ ਵੀਡੀਓ ਬਣਾਏ ਜਾਂਦੇ ਹਨ। ਭਾਰਤੀ ਕ੍ਰਿਕਟਰ ਸਚਿਨ ਤੇਂਦੁਲਕਰ ਹਾਲ ਹੀ ਵਿੱਚ ਡੀਪਫੇਕ ਦੇ ਸ਼ਿਕਾਰ ਹੋਏ ਹਨ। ਉਨ੍ਹਾਂ ਵੱਲੋਂ ਮੋਬਾਈਲ ਐਪਲੀਕੇਸ਼ਨ ਦਾ ਪ੍ਰਚਾਰ ਕਰਦੇ ਹੋਏ ਦੀ ਡੀਪਫੇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ।

ਡੀਪਫੇਕ ਮੀਡੀਆ ਭਾਰਤ ਵਿੱਚ ਆਮ ਚੋਣਾਂ ਵਿੱਚ ਵੋਟਰਾਂ ਨੂੰ ਅਨੈਤਿਕ ਤੌਰ 'ਤੇ ਪ੍ਰਭਾਵਿਤ ਕਰਨ ਦੀ ਖਤਰਨਾਕ ਸਮਰੱਥਾ ਰੱਖਦਾ ਹੈ। ਭਾਰਤ ਦੇ ਸੂਚਨਾ ਤੇ ਤਕਨਾਲੋਜੀ ਮੰਤਰਾਲੇ ਦੁਆਰਾ ਡੀਪਫੇਕ ਨੂੰ 'ਲੋਕਤੰਤਰ ਲਈ ਖ਼ਤਰਾ' ਆਖਿਆ ਗਿਆ ਹੈ ਅਤੇ ਸੋਸ਼ਲ ਮੀਡੀਆ ਫਰਮਾਂ ਨੂੰ ਡਿਜੀਟਲ ਮੀਡੀਆ ਨੈਤਿਕਤਾ ਕੋਡ-2021 ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਡੀਪਫੇਕ ਕਲਿੱਪਾਂ 'ਤੇ ਨੱਥ ਪਾਉਣ ਦੀ ਐਡਵਾਈਜ਼ਰੀ ਭੇਜੀ ਗਈ ਹੈ।

ਜੈਨੇਰੇਟਿਵ ਏਆਈ ਕੰਪਿਊਟਰ ਪ੍ਰੋਗਰਾਮਰਾਂ ਦੀ ਮਦਦ ਲਈ ਕੋਡ ਵੀ ਤਿਆਰ ਕਰ ਸਕਦੇ ਹਨ। ਹਾਲ ਹੀ ਵਿੱਚ, ਮਾਰਚ 2024 'ਚ, ਏਆਈ ਖੋਜ ਕੰਪਨੀ ਕੌਗਨੀਸ਼ਨ ਨੇ ਡੈਵਿਨ ਨਾਮ ਦਾ ਵਿਸ਼ੇਸ਼ ਏਆਈ ਸਾਫਟਵੇਅਰ ਇੰਜਨੀਅਰ ਤਿਆਰ ਕੀਤਾ ਹੈ। ਵਿਸਤ੍ਰਿਤ ਤਰਕ ਅਤੇ ਯੋਜਨਾਬੰਦੀ ਦੀ ਵਰਤੋਂ ਕਰਦੇ ਹੋਏ ਡੈਵਿਨ ਅਜਿਹੇ ਸਾਫਟਵੇਅਰ ਪ੍ਰੋਗਰਾਮ ਤਿਆਰ ਕਰ ਸਕਦਾ ਹੈ ਜਿਨ੍ਹਾਂ ਵਿੱਚ ਹਜ਼ਾਰਾਂ ਗੁੰਝਲਦਾਰ ਸਾਫਟਵੇਅਰ ਇੰਜਨੀਅਰਿੰਗ ਕਾਰਜ ਸ਼ਾਮਲ ਹੁੰਦੇ ਹਨ। ਡੈਵਿਨ ਹਰ ਕਦਮ 'ਤੇ ਖੁਦਮੁਖ਼ਤਾਰੀ ਨਾਲ ਸਿੱਖਦਾ ਹੈ ਅਤੇ ਪ੍ਰੋਗਰਾਮਿੰਗ ਦੀਆਂ ਗਲਤੀਆਂ ਠੀਕ ਕਰਦਾ ਹੈ। ਮਾਈਕ੍ਰੋਸਾਫਟ ਕੰਪਨੀ ਨੇ ਵੀ ਡੈਵਿਨ ਦੀ ਤਰਜ਼ 'ਤੇ ਆਟੋਡੇਵ ਨਾਮਕ ਏਆਈ ਏਜੰਟ ਪੇਸ਼ ਕੀਤਾ ਹੈ।

ਓਪਨਏਆਈ ਅਤੇ ਪੈਨਸਿਲਵੇਨੀਆ ਯੂਨੀਵਰਸਿਟੀ ਦੁਆਰਾ ਕੀਤੇ ਗਏ ਅਧਿਐਨ ਦਾ ਅੰਦਾਜ਼ਾ ਹੈ ਕਿ ਜੈਨੇਰੇਟਿਵ ਏਆਈ ਅਮਰੀਕਾ ਵਿੱਚ 80 ਫ਼ੀਸਦ ਕਰਮਚਾਰੀਆਂ ਦੁਆਰਾ ਕੀਤੇ ਗਏ 10 ਫ਼ੀਸਦ ਕੰਮਾਂ ਨੂੰ ਪ੍ਰਭਾਵਿਤ ਕਰੇਗੀ ਅਤੇ 20 ਫ਼ੀਸਦ ਕਰਮਚਾਰੀਆਂ ਦੇ 50 ਫ਼ੀਸਦ ਤੋਂ ਵੱਧ ਕੰਮਾਂ ਨੂੰ ਪ੍ਰਭਾਵਿਤ ਕਰੇਗੀ। ਇਸ ਤਰ੍ਹਾਂ ਦੇ ਅਧਿਐਨਾਂ ਨੇ ਵਿਸ਼ਵ ਪੱਧਰੀ ਉਤਪਾਦਕਤਾ ਵਿੱਚ ਵਧੇਰੇ ਲਾਭ ਦੀ ਉਮੀਦ ਦੇ ਨਾਲ-ਨਾਲ ਆਟੋਮੇਸ਼ਨ ਕਾਰਨ ਬੇਰੁਜ਼ਗਾਰੀ ਵਿੱਚ ਵਾਧੇ ਬਾਰੇ ਚਿੰਤਾਵਾਂ ਨੂੰ ਜਨਮ ਦਿੱਤਾ ਹੈ।

ਆਟੋਮੇਸ਼ਨ ਤਕਨਾਲੋਜੀ ਦੀਆਂ ਪਿਛਲੀਆਂ ਪੀੜ੍ਹੀਆਂ ਦਾ ਅਸਰ ਮੱਧ ਆਮਦਨ ਵਾਲੇ ਮਕੈਨੀਕਲ, ਡਾਟਾ ਪ੍ਰਾਸੈਸਿੰਗ ਜਾਂ ਲੇਖਾਕਾਰੀ ਵਾਲੇ ਕਿੱਤਿਆਂ 'ਤੇ ਸਭ ਤੋਂ ਵੱਧ ਪਿਆ ਸੀ। ਜੈਨੇਰੇਟਿਵ ਏਆਈ ਦਾ ਪ੍ਰਭਾਵ ਵੱਧ ਹੁਨਰ ਲੋੜੀਂਦੇ ਅਤੇ ਉੱਚ-ਪੱਧਰ ਦੇ ਮਿਹਨਤਾਨੇ ਵਾਲੇ ਕਿੱਤਿਆਂ ਉੱਤੇ ਪੈਣ ਦਾ ਜ਼ਿਆਦਾ ਖ਼ਦਸ਼ਾ ਹੈ। ਬੋਧਾਤਮਕ ਕਾਰਜ ਕਰਨ ਦੀ ਯੋਗਤਾ ਅਤੇ ਮਨੁੱਖੀ ਭਾਸ਼ਾ ਨੂੰ ਸਮਝਣ ਅਤੇ ਰਚਨ ਦੀ ਸਮਰੱਥਾ ਦੇ ਕਾਰਨ ਜੈਨੇਰੇਟਿਵ ਏਆਈ ਟੂਲ ਕਿਸੇ ਵੀ ਕਿੱਤੇ ਦੇ ਉੱਚ ਦਰਜੇ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਖੁਦਮੁਖ਼ਤਾਰੀ ਨਾਲ ਨੇਪਰੇ ਚਾੜ੍ਹ ਸਕਦੇ ਹਨ।

ਇਸ ਤਰ੍ਹਾਂ ਬਹੁਤ ਸਾਰੇ ਸੰਚਾਰ ਅਤੇ ਨਿਗਰਾਨੀ ਯੁਕਤ ਕੰਮ ਸਵੈ-ਚਾਲਿਤ ਹੋ ਸਕਦੇ ਹਨ। ਜੈਨੇਰੇਟਿਵ ਏਆਈ ਵਰਗੀ ਨਵੀਨਤਮ ਤਕਨਾਲੋਜੀ ਨੂੰ ਅਪਣਾਉਣਾ ਸੁਖਾਲਾ ਨਹੀਂ ਹੈ। ਪ੍ਰਯੋਗਸ਼ਾਲਾ ਵਿੱਚ ਤਕਨੀਕੀ ਸਮਰੱਥਾਵਾਂ ਦੀ ਪਰਖ ਤੋਂ ਬਾਅਦ ਉਨ੍ਹਾਂ ਨੂੰ ਅਸਲ ਖੇਤਰਾਂ ਵਿੱਚ ਲਾਗੂ ਕਰਨ ਵਿੱਚ ਸਮਾਂ ਲੱਗਦਾ ਹੈ।

ਜੇਕਰ ਇਸ ਦੀ ਲਾਗਤ ਮਨੁੱਖੀ ਕਿਰਤ ਤੋਂ ਵਧ ਜਾਂਦੀ ਹੈ ਤਾਂ ਇਸ ਦੀ ਵਰਤੋਂ ਆਰਥਿਕ ਤੌਰ 'ਤੇ ਵਿਹਾਰਕ ਨਹੀਂ ਹੋਵੇਗੀ। ਜੈਨੇਰੇਟਿਵ ਏਆਈ ਦੁਆਰਾ ਆਟੋਮੇਸ਼ਨ ਨੂੰ ਅਪਣਾਉਣ ਦੀ ਸੰਭਾਵਨਾ ਵਿਕਸਤ ਦੇਸ਼ਾਂ ਵਿੱਚ ਵਧੇਰੇ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਇਸ ਨੂੰ ਵਿਕਸਿਤ ਅਤੇ ਲਾਗੂ ਕਰਨ ਦੀ ਲਾਗਤ ਮਜ਼ਦੂਰੀ ਦੀਆਂ ਦਰਾਂ ਤੋਂ ਵੱਧ ਹੋ ਸਕਦੀ ਹੈ।

ਜੈਨੇਰੇਟਿਵ ਏਆਈ ਦੀ ਬੇਮਿਸਾਲ ਯੋਗਤਾ ਦੇ ਬਾਵਜੂਦ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਮਨੁੱਖੀ ਬੁੱਧੀ ਦਾ ਮੁਕਾਬਲਾ ਕਰਨ ਲਈ ਲੰਬੀ ਵਾਟ ਤੈਅ ਕਰਨੀ ਪਵੇਗੀ। ਇਸ ਵਾਟ ਦੇ ਅਗਲੇ ਮੀਲ ਪੱਥਰ ਹਨ: ਭੌਤਿਕ ਅਤੇ ਸਮਾਜਿਕ ਗਿਆਨ ਦੇ ਆਧਾਰ 'ਤੇ ਰੋਜ਼ਮਰਾ ਸਥਿਤੀਆਂ ਬਾਰੇ ਅਨੁਭਵੀ ਤਰਕ ਕਰਨ ਲਈ ਆਮ ਸੂਝ-ਬੂਝ, ਆਪਣੀਆਂ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਪਛਾਣਨ, ਸਮਝਣ ਲਈ ਭਾਵਨਾਤਮਕ ਬੁੱਧੀ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲੇ ਕਰਨ, ਆਲੋਚਨਾਤਮਕ ਚਿੰਤਨ ਕਰਨ ਅਤੇ ਆਪਣੀ ਹੋਂਦ ਦਾ ਮੰਤਵ ਸਮਝਣ ਲਈ ਸਵੈ-ਜਾਗਰੂਕ ਹੋਣ।

**ਲੇਖਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਕੰਪਿਊਟਰ ਵਿਗਿਆਨ ਤੇ ਇੰਜਨੀਅਰਿੰਗ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਹੈ।**

DHESI MEAT SHOP
SERVING THE COMMUNITY FOR OVER 16 YEARS.

FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880

ਘਾਹ ਕੱਟਣ ਵਾਲੀ ਮਸ਼ੀਨ, (lawnmower) ਵਾਸ਼ਰ ਡਰਾਇਰ, ਮਿਕਸੀ, ਮਾਈਕਰੋਵੇਵ ਵਾਜਬ ਰੇਟ ਤੇ ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

# ਦੇਸੀ ਤੜਕਾ

## ਭਰਵੇਂ ਰਸੇਦਾਰ ਟਿੰਡੇ



**ਸਮੱਗਰੀ**

- 250 ਗ੍ਰਾਮ ਛੋਟੇ ਹਰੇ ਟਿੰਡੇ,
- 3 ਟਮਾਟਰ,
- 2 ਪਿਆਜ਼,
- 1-2 ਹਰੀਆਂ ਮਿਰਚਾਂ,
- 25 ਗ੍ਰਾਮ ਪਨੀਰ,
- ਅੱਧਾ ਛੋਟਾ ਚਮਚ ਹਲਦੀ,
- 1/4 ਛੋਟਾ ਚਮਚ ਜੀਰਾ,
- 1/4 ਚਮਚ ਗਰਮ ਮਸਾਲਾ,
- ਧਨੀਏ ਦੇ ਪੱਤੇ,
- ਨਮਕ, ਮਿਰਚ ਸਵਾਦ ਅਨੁਸਾਰ
- ਪਕਾਉਣ ਲਈ ਤੇਲ।

ਵਿਧੀ : ਟਿੰਡਿਆਂ ਨੂੰ ਧੋ ਕੇ ਉੱਪਰ ਵਾਲੀ ਡੰਡੀ ਕੱਢ ਦਿਓ। ਟਿੰਡਿਆਂ ਨੂੰ ਚਾਰ ਭਾਗਾਂ ਵਿਚ ਚੀਰ ਲਓ। ਧਿਆਨ ਰਹੇ ਕਿ ਹੇਠਲੇ ਹਿੱਸੇ ਤੋਂ ਟਿੰਡੇ ਜੁੜੇ ਰਹਿਣ। ਇਕ ਭਾਂਡੇ ਵਿਚ ਥੋੜ੍ਹਾ ਤੇਲ ਗਰਮ ਕਰੋ, ਉਸ ਵਿਚ ਕੱਦੂਕਸ਼ ਕੀਤਾ ਪਿਆਜ਼ ਭੁੰਨ ਲਓ। ਸੁਨਹਿਰਾ ਹੋਣ ਤੋਂ ਬਾਅਦ ਉਸ ਵਿਚ ਨਮਕ, ਹਲਦੀ, ਗਰਮ ਮਸਾਲਾ, ਜੀਰਾ, ਪਨੀਰ ਪਾ ਕੇ ਥੋੜ੍ਹਾ ਜਿਹਾ ਹੋਰ ਭੁੰਨੋ। ਫਿਰ ਉਤਾਰ ਕੇ ਠੰਢਾ ਹੋਣ ਲਈ ਰੱਖ ਦਿਓ।

ਹੁਣ ਕੜਾਹੀ ਵਿਚ ਤੇਲ ਗਰਮ ਕਰਕੇ ਟਮਾਟਰ ਭੁੰਨੋ। ਸਵਾਦ ਅਨੁਸਾਰ ਲਾਲ ਮਿਰਚ ਪਾ ਕੇ ਥੋੜ੍ਹਾ ਪਾਣੀ ਪਾ ਕੇ ਗ੍ਰੇਵੀ ਤਿਆਰ ਕਰ ਲਓ। ਟਿੰਡਿਆਂ ਵਿਚ ਭੁੰਨਿਆ ਮਸਾਲਾ ਪਾ ਕੇ ਟਮਾਟਰ ਦੀ ਗ੍ਰੇਵੀ ਵਿਚ ਪਾ ਦਿਓ। ਹਲਕੀ ਅੱਗ 'ਤੇ ਨਰਮ ਹੋਣ ਤੱਕ ਪੱਕਣ ਦਿਓ। ਜਦੋਂ ਟਿੰਡੇ ਨਰਮ ਹੋ ਜਾਣ ਤਾਂ ਅੱਗ ਬੰਦ ਕਰਕੇ ਉਸ 'ਤੇ ਹਰੇ ਧਨੀਏ ਦੇ ਪੱਤੇ ਬਰੀਕ ਕੱਟ ਕੇ ਸਜਾਓ। ਰੋਟੀ ਅਤੇ ਚੌਲਾਂ ਦੇ ਨਾਲ ਪਰੋਸੋ।

## ਸੁੱਕੇ ਭਰਵੇਂ ਟਿੰਡੇ



**ਸਮੱਗਰੀ**

- 1 ਪਾਈਆ ਛੋਟੇ ਨਰਮ ਟਿੰਡੇ
- ਸੁੱਕਾ ਧਨੀਆ ਪੀਸਿਆ ਹੋਇਆ,
- ਜੀਰਾ, ਨਮਕ,
- ਲਾਲ ਮਿਰਚ,
- ਹਲਦੀ,
- ਗਰਮ ਮਸਾਲਾ,
- ਅੰਬਚੂਰ ਸਵਾਦ ਅਨੁਸਾਰ,
- ਛੋਟਾ ਟੁਕੜਾ ਪਨੀਰ,
- ਪਕਾਉਣ ਲਈ ਤੇਲ।

ਵਿਧੀ : ਟਿੰਡਿਆਂ ਨੂੰ ਧੋ ਕੇ ਪੂੰਝ ਲਓ ਅਤੇ ਚਾਰ ਕੱਟ ਲਗਾ ਕੇ ਰੱਖ ਦਿਓ। ਧਿਆਨ ਰੱਖੋ ਕਿ ਟਿੰਡੇ ਹੇਠੋਂ ਜੁੜੇ ਰਹਿਣ। ਸਾਰੇ ਸੁੱਕੇ ਮਸਾਲੇ ਇਕ ਪਲੇਟ ਵਿਚ ਮਿਲਾ ਕੇ ਟਿੰਡਿਆਂ ਵਿਚ ਭਰ ਦਿਓ। ਕੜਾਹੀ ਨੂੰ ਅੱਗ 'ਤੇ ਰੱਖੋ। ਖਾਣ ਵਾਲਾ ਤੇਲ ਪਾ ਕੇ ਉਸ ਨੂੰ ਚੰਗਾ ਗਰਮ ਹੋਣ ਦਿਓ। ਅੱਗ ਘੱਟ ਕਰਕੇ ਟਿੰਡੇ ਉਸ ਵਿਚ ਪਾ ਦਿਓ। ਹੌਲੀ-ਹੌਲੀ ਟਿੰਡਿਆਂ ਨੂੰ ਪਲਟਦੇ ਰਹੋ। ਜਦੋਂ ਟਿੰਡੇ ਸੁਨਹਿਰੀ ਹੋਣ ਲੱਗਣ ਤਾਂ ਥੋੜ੍ਹੀ ਦੇਰ ਲਈ ਢਕ ਕੇ ਪਕਾਓ, ਜਿਸ ਨਾਲ ਟਿੰਡੇ ਖਾਣ ਦੇ ਯੋਗ ਹੋ ਜਾਣ। ਪੱਕਣ 'ਤੇ ਗੈਸ ਤੋਂ ਉਤਾਰੋ। ਹਰੇ ਧਨੀਏ ਦੇ ਪੱਤਿਆਂ ਨਾਲ ਅਤੇ ਬਰੀਕ ਕੱਟੇ ਪਨੀਰ ਨਾਲ ਸਜਾਓ ਅਤੇ ਗਰਮ-ਗਰਮ ਪਰਾਉਂਠੇ ਅਤੇ ਪੂੜੀ ਨਾਲ ਪਰੋਸੋ।

# ਤਕਨਾਲੋਜੀ ਟਾਈਮਜ਼

## ਟੈਸਲਾ 'ਚ ਜਾਏਗੀ 6 ਹਜ਼ਾਰ ਤੋਂ ਵੱਧ ਲੋਕਾਂ ਦੀ ਨੌਕਰੀ

ਅਰਬਪਤੀ ਕਾਰੋਬਾਰੀ ਐਲੋਨ ਮਸਕ ਦੀ ਕੰਪਨੀ ਟੈਸਲਾ ਨੇ ਆਪਣੇ ਤਿਮਾਹੀ ਨਤੀਜਿਆਂ ਦਾ ਐਲਾਨ ਕਰ ਦਿੱਤਾ ਹੈ ਅਤੇ ਕੰਪਨੀ ਦੇ ਪ੍ਰਦਰਸ਼ਨ ਨੂੰ ਲੈ ਕੇ ਕੋਈ ਬਹੁਤੀ ਚੰਗੀ ਖ਼ਬਰ ਨਹੀਂ ਹੈ। ਟੈਸਲਾ ਦੇ ਤਿਮਾਹੀ ਨਤੀਜਿਆਂ 'ਚ ਇਸ ਦੇ ਮੁਨਾਫੇ 'ਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ ਅਤੇ 2020 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਕੰਪਨੀ ਨੇ ਮਾਲੀਏ 'ਚ ਗਿਰਾਵਟ ਦਰਜ ਕੀਤੀ ਹੈ। 2024 ਦੀ ਪਹਿਲੀ ਤਿਮਾਹੀ ਲਈ ਟੈਸਲਾ ਦੇ ਨਤੀਜਿਆਂ ਨੇ ਦਿਖਾਇਆ ਹੈ ਕਿ ਈ.ਵੀ. ਮਾਰਕੀਟ ਵਿੱਚ ਟੈਸਲਾ ਕਾਰਾਂ ਦੀ ਦਿਲਚਸਪੀ ਘੱਟ ਗਈ ਹੈ। ਦੂਜੇ ਪਾਸੇ ਕੰਪਨੀ ਆਉਣ ਵਾਲੇ ਦਿਨਾਂ ਵਿੱਚ ਹਜ਼ਾਰਾਂ ਕਰਮਚਾਰੀਆਂ ਦੀ ਛਾਂਟੀ ਕਰਨ ਜਾ ਰਹੀ ਹੈ।

**6 ਹਜ਼ਾਰ ਤੋਂ ਵੱਧ ਕਰਮਚਾਰੀਆਂ 'ਤੇ ਅਸਰ**

ਕੰਪਨੀ ਨੇ ਮੰਗਲਵਾਰ ਨੂੰ ਮਾਰਚ ਤਿਮਾਹੀ ਦੇ ਨਤੀਜੇ ਜਾਰੀ ਕੀਤੇ। ਇਸ ਤੋਂ ਪਹਿਲਾਂ ਕੰਪਨੀ ਨੇ ਹਜ਼ਾਰਾਂ ਕਰਮਚਾਰੀਆਂ ਦੀ ਛਾਂਟੀ ਕਰਨ ਦੀ ਆਪਣੀ ਯੋਜਨਾ ਦੀ ਜਾਣਕਾਰੀ ਦਿੱਤੀ ਸੀ। ਟੈਸਲਾ ਦੀ ਯੋਜਨਾ ਦੇ ਅਨੁਸਾਰ, ਕੁੱਲ 6,020 ਕਰਮਚਾਰੀ ਪ੍ਰਭਾਵਿਤ ਹੋਣਗੇ ਜਿਨ੍ਹਾਂ ਦੀ ਛਾਂਟੀ ਕੀਤੀ ਜਾਵੇਗੀ, ਉਹ ਕੈਲੀਫੋਰਨੀਆ ਅਤੇ ਟੈਕਸਾਸ ਬੇਸਡ ਹਨ। ਕੈਲੀਫੋਰਨੀਆ ਵਿੱਚ 3,332 ਲੋਕਾਂ ਦੀਆਂ ਨੌਕਰੀਆਂ ਜਾਣ ਵਾਲੀਆਂ ਹਨ, ਜਦੋਂ ਕਿ ਟੈਕਸਾਸ ਵਿੱਚ, 2,688 ਕਰਮਚਾਰੀਆਂ ਦੀ ਛਾਂਟੀ ਕੀਤੀ ਜਾ ਰਹੀ ਹੈ। ਨਿਊਯਾਰਕ ਵਿਚ ਟੈਸਲਾ ਦੇ ਬਫੇਲੋ ਪਲਾਂਟ ਤੋਂ 285 ਕਰਮਚਾਰੀਆਂ ਨੂੰ ਵੀ ਕੱਢਿਆ ਜਾਵੇਗਾ।

**14 ਜੂਨ ਤੋਂ ਹੋਵੇਗਾ ਛਾਂਟੀ ਦੀ ਯੋਜਨਾ 'ਤੇ ਅਮਲ**

ਇਸ ਤੋਂ ਪਹਿਲਾਂ, ਟੈਸਲਾ ਨੇ ਸਭ ਤੋਂ ਪਹਿਲਾਂ ਪਿਛਲੇ ਹਫਤੇ ਛਾਂਟੀ ਯੋਜਨਾ ਬਾਰੇ ਜਾਣਕਾਰੀ ਦਿੱਤੀ ਸੀ। ਉਸ ਸਮੇਂ ਕੰਪਨੀ ਨੇ ਕਿਹਾ ਸੀ ਕਿ ਉਹ ਆਪਣੇ ਗਲੋਬਲ ਵਰਕਫੋਰਸ ਨੂੰ 10 ਫੀਸਦੀ ਤੱਕ ਘਟਾਉਣ ਦੀ ਯੋਜਨਾ ਬਣਾ ਰਹੀ ਹੈ। ਹਾਲਾਂਕਿ, ਉਸ ਸਮੇਂ ਕੰਪਨੀ ਨੇ ਇਹ ਨਹੀਂ




ਦੱਸਿਆ ਸੀ ਕਿ ਇਸ ਦੀ ਛਾਂਟੀ ਯੋਜਨਾ ਨਾਲ ਕਿਹੜੇ ਕਰਮਚਾਰੀ ਪ੍ਰਭਾਵਿਤ ਹੋਣਗੇ। ਹੁਣ ਕੰਪਨੀ ਨੇ ਇਹ ਵੀ ਦੱਸ ਦਿੱਤਾ ਹੈ ਕਿ ਛਾਂਟੀ ਕਦੋਂ ਹੋਣ ਵਾਲੀ ਹੈ। ਕੰਪਨੀ ਇਸ ਯੋਜਨਾ ਨੂੰ 14 ਜੂਨ ਤੋਂ ਲਾਗੂ ਕਰਨਾ ਸ਼ੁਰੂ ਕਰਨ ਜਾ ਰਹੀ ਹੈ।

**ਅਜੇ ਹੋਰ ਕਰਮਚਾਰੀਂਦੀ ਹੋ ਸਕਦੀ ਹੈ ਛਾਂਟੀ**

ਟੈਸਲਾ ਪਿਛਲੇ ਸਾਲ ਤੱਕ ਛਾਂਟੀ ਦੀ ਗਲੋਬਲ ਲਹਿਰ ਤੋਂ ਪ੍ਰਭਾਵਿਤ ਨਹੀਂ ਸੀ ਅਤੇ ਲਗਾਤਾਰ ਨਵੇਂ ਕਰਮਚਾਰੀਆਂ ਦੀ ਭਰਤੀ ਕਰ ਰਹੀ ਸੀ। ਸਾਲ 2021 ਵਿੱਚ, ਟੈਸਲਾ ਦੇ ਕੁੱਲ ਗਲੋਬਲ ਕਰਮਚਾਰੀਆਂ ਦੀ ਗਿਣਤੀ ਲਗਭਗ 1 ਲੱਖ ਸੀ, ਜੋ ਪਿਛਲੇ ਸਾਲ ਤੱਕ ਵਧ ਕੇ 1 ਲੱਖ 40 ਹਜ਼ਾਰ ਤੋਂ ਪਾਰ ਹੋ ਗਈ ਹੈ। ਹੁਣ ਕੰਪਨੀ ਨੇ ਇਸ 'ਚ 10 ਫੀਸਦੀ ਦੀ ਕਟੌਤੀ ਕਰਨ ਦੀ ਆਪਣੀ ਯੋਜਨਾ ਬਾਰੇ ਦੱਸਿਆ ਹੈ, ਜਿਸ ਦਾ ਮਤਲਬ ਹੈ ਕਿ ਆਉਣ ਵਾਲੇ ਦਿਨਾਂ 'ਚ ਟੈਸਲਾ ਦੇ ਹੋਰ ਕਰਮਚਾਰੀਆਂ ਨੂੰ ਛਾਂਟੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਇੰਸਟਾਗ੍ਰਾਮ 'ਚ ਆਏਗੀ ਵੱਡੀ ਅਪਡੇਟ, ਅਪੱਤੀਜਨਕ ਤਸਵੀਰਾਂ ਹੋਣਗੀਆਂ ਬਲੱਰ

ਮੈਟਾ ਦੀ ਮਲਕੀਅਤ ਵਾਲਾ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਅਸ਼ਲੀਲਤਾ ਨੂੰ ਰੋਕਣ ਲਈ ਇਕ ਵੱਡੇ ਫੀਚਰ 'ਤੇ ਕੰਮ ਕਰ ਰਿਹਾ ਹੈ। ਰਿਪੋਰਟ ਮੁਤਾਬਕ, ਇੰਸਟਾਗ੍ਰਾਮ ਇਕ ਅਜਿਹੇ ਫੀਚਰ 'ਤੇ ਕੰਮ ਕਰ ਰਿਹਾ ਹੈ ਜਿਸ ਦੇ ਆਉਣ ਤੋਂ ਬਾਅਦ ਡਾਇਰੈਕਟ ਮੈਸੇਜ 'ਚ ਆਉਣ ਵਾਲੀਆਂ ਅਸ਼ਲੀਲ ਤਸਵੀਰਾਂ ਅਟੋਮੈਟਿਕ ਬਲੱਰ (ਧੁੰਦਲੀ) ਹੋ ਜਾਣਗੀਆਂ।

ਇੰਸਟਾਗ੍ਰਾਮ ਨੇ ਆਪਣੇ ਇੱਕ ਬਲਾਗ ਵਿੱਚ ਇਹ ਜਾਣਕਾਰੀ ਦਿੱਤੀ ਹੈ। ਇਹ ਜਿਨਸੀ ਘੁਟਾਲਿਆਂ ਅਤੇ ਚਿੱਤਰ ਦੁਰਵਿਵਹਾਰ ਨੂੰ ਰੋਕਣ ਦੀ ਦਿਸ਼ਾ ਵਿੱਚ ਕੰਪਨੀ ਦੁਆਰਾ ਇੱਕ ਨਵਾਂ ਕਦਮ ਹੈ। ਕੰਪਨੀ ਮੁਤਾਬਕ ਇਸ ਨਾਲ ਬੱਚਿਆਂ ਨੂੰ ਨਿਸ਼ਾਨਾ ਬਣਾਉਣਾ ਮੁਸ਼ਕਲ ਹੋ ਜਾਵੇਗਾ। ਇਸ ਤੋਂ ਇਲਾਵਾ ਜਿਨਸੀ ਸ਼ੋਸ਼ਣ ਅਤੇ ਛੇੜਛਾੜ 'ਤੇ ਰੋਕ ਲਗਾਈ ਜਾਵੇਗੀ। ਧੋਖੇਬਾਜ਼ ਆਮ ਤੌਰ 'ਤੇ ਸੋਸ਼ਲ ਮੀਡੀਆ 'ਤੇ ਆਪਣੀਆਂ ਨਗਨ ਫੋਟੋਆਂ ਸਾਂਝੀਆਂ ਕਰਕੇ ਲੋਕਾਂ ਨੂੰ ਧਮਕੀਆਂ ਦਿੰਦੇ ਹਨ ਅਤੇ ਬਲੈਕਮੇਲ ਕਰਦੇ ਹਨ। ਧੋਖੇਬਾਜ਼ ਫੋਟੋ ਵਾਇਰਲ ਕਰਨ ਦੀ ਧਮਕੀ ਦੇ ਕੇ




ਪੈਸੇ ਵੀ ਮੰਗਦੇ ਹਨ। ਹਾਲ ਹੀ ਵਿੱਚ ਇਸ ਮਾਮਲੇ ਵਿੱਚ ਨਾਈਜੀਰੀਆ ਦੇ ਦੋ ਭਰਾਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਵਾਂ ਭਰਾਵਾਂ ਨੇ ਪਹਿਲਾਂ ਬਲੈਕਮੇਲ ਕੀਤਾ ਅਤੇ ਫਿਰ 15 ਸਾਲ ਦੀ ਲੜਕੀ ਨੂੰ ਅਗਵਾ ਕਰ ਲਿਆ ਸੀ। ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਸ ਨੂੰ ਰੋਕਣ ਲਈ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਸੈਕਸਟੋਰਸ਼ਨ ਨੂੰ ਲੈ ਕੇ ਕਈ ਵਾਰ ਮੁਆਫੀ ਮੰਗੀ ਹੈ। ਇਸ ਸਾਲ ਦੀ ਸ਼ੁਰੂਆਤ 'ਚ ਵੀ ਉਨ੍ਹਾਂ ਨੇ ਮੁਆਫੀ ਮੰਗੀ ਸੀ।

## ਐਲੋਨ ਮਸਕ ਦਾ ਭਾਰਤ ਦੌਰਾ ਰੱਦ

ਸਪੇਸਐਕਸ ਅਤੇ ਟੈਸਲਾ ਦੇ ਮਾਲਕ ਐਲੋਨ ਮਸਕ ਦਾ ਭਾਰਤ ਦੌਰਾ ਰੱਦ ਹੋ ਗਿਆ ਹੈ। ਸੂਤਰਾਂ ਦੇ ਹਵਾਲੇ ਤੋਂ ਮਸਕ ਦਾ ਦੌਰਾ ਮੁਲਤਵੀ ਕਰਨ ਦੀ ਜਾਣਕਾਰੀ ਸ਼ਨੀਵਾਰ (20 ਅਪ੍ਰੈਲ) ਨੂੰ ਸਾਹਮਣੇ ਆਈ ਹੈ। ਦੱਸ ਦੇਈਏ ਕਿ ਮਸਕ 21-22 ਅਪ੍ਰੈਲ ਨੂੰ ਦੋ ਦਿਨਾਂ ਲਈ ਭਾਰਤ ਦੇ ਦੌਰੇ 'ਤੇ ਆਉਣ ਵਾਲੇ ਸਨ। ਇਸ ਦੌਰੇ ਦੌਰਾਨ ਐਲੋਨ ਮਸਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨੀ ਸੀ, ਜਿੱਥੇ ਉਹ ਭਾਰਤੀ ਬਾਜ਼ਾਰ 'ਚ ਟੈਸਲਾ ਦੀ ਐਂਟਰੀ ਬਾਰੇ ਗੱਲ ਕਰਨ ਜਾ ਰਹੇ ਸਨ। ਦੱਸ ਦੇਈਏ ਕਿ ਭਾਰਤ ਵਿੱਚ ਟੈਸਲਾ ਪਲਾਂਟ ਸਥਾਪਤ ਕਰਨ ਬਾਰੇ ਵਿਚਾਰ ਵਟਾਂਦਰੇ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਹੁਣ ਤੱਕ ਇਹ ਪਤਾ ਨਹੀਂ ਲੱਗਿਆ ਕਿ ਅਜਿਹਾ ਕਿਉਂ ਹੋਇਆ ਹੈ। ਹਾਲਾਂਕਿ ਇਸ ਮਾਮਲੇ ਨਾਲ ਜੁੜੇ ਲੋਕਾਂ ਦੇ ਅਨੁਸਾਰ ਮਸਕ ਨੂੰ ਟੈਸਲਾ ਦੀ ਪਹਿਲੀ ਤਿਮਾਹੀ ਦੇ ਪਰਫਾਰਮੈਂਸ ਨਾਲ ਜੁੜੇ ਸਵਾਲਾਂ ਦੇ ਜਵਾਬ ਦੇਣ ਲਈ 23 ਅਪ੍ਰੈਲ ਨੂੰ ਅਮਰੀਕਾ ਵਿਚ ਇਕ ਕਾਨਫਰੰਸ ਕਾਲ ਵਿਚ ਹਿੱਸਾ ਲੈਣਾ ਹੈ। ਅਜਿਹੇ ਵਿਚ ਭਾਰਤ ਨਾ ਆਉਣ ਦਾ ਇਹ ਇਕ ਕਾਰਨ ਹੋ ਸਕਦਾ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਪਥਰੀ ਵਾਲਾ ਨਗ



ਪਸ਼ੂਆਂ ਦਾ ਵਪਾਰੀ ਰੇਸ਼ਮ ਦਖਾਣ ਸੱਥ ਕੋਲ ਆ ਕੇ ਸਾਇਕਲ ਦੇ ਖੱਬੇ ਪਾਸਿਉਂ ਉੱਤਰਦਿਆਂ ਹੀ ਸੱਥ 'ਚ ਥੜ੍ਹੇ 'ਤੇ ਲੱਤਾਂ ਲਮਕਾਈ ਬੈਠੇ ਬਾਬੇ ਆਤਮਾ ਸਿਉਂ ਨੂੰ ਕਹਿੰਦਾ, ''ਸਣਾ ਬਈ ਬਾਬਾ! ਕੀ ਚੱਜ ਹਾਲ ਐ। ਵੇਚਣੀ ਐਂ ਫਿਰ ਝੋਟੀ ਕੁ ਰੱਖਣੀ ਐਂ?''

ਬਾਬੇ ਦੇ ਕੋਲ ਬੈਠਾ ਸੀਤਾ ਮਰਾਸੀ ਕਹਿੰਦਾ, ''ਕਿਉਂਹ ਤੂੰ ਲੈਣੀ ਐਂ ਕੁ ਐਮੇਂ ਪੂਛਾਂ ਈਂ ਮਰੋੜ ਦਾ ਫਿਰਦੈਂ?'' ਰੇਸ਼ਮ ਦਖਾਣ ਬੋਲਿਆ, ''ਲੈਣੀ ਕਰਕੇ ਤਾਂ ਪੁੱਛਿਆ। ਸੂਅ ਤਾਂ ਪਈ ਹੋਣੀ ਐ ਬਾਬਾ ਕੁ ਅਜੇ ਲੈਂਦੀ ਐ ਕੁਸ ਦਿਨ?''

ਨਾਥਾ ਅਮਲੀ ਦਖਾਣ ਦਾ ਸੁਆਲ ਸੁਣ ਕੇ ਕਹਿੰਦਾ, ''ਕਿੱਦੇਂ ਦੀ ਤਾਂ ਸੂਈ ਵੀ ਐ ਓਏ। ਹੁਣ ਤਾਂ ਕੱਟਾ ਵੀ ਗੱਭਰੂ ਹੋ ਗਿਆ ਹੋਣਾ, ਤੈਨੂੰ ਹੁਣ ਯਾਦ ਆਇਐ ਝੋਟੀ ਦਾ ਸੂਆ। ਕਿੱਥੇ ਰਹਿਨੈਂ ਯਾਰ ਤੂੰ। ਪਹਿਲਾਂ ਤੂੰ ਇਉਂ ਦੱਸ ਬਈ ਤੂੰ ਵਪਾਰੀ ਐ ਕੁ ਪਛਾਰੀ ਐਂ। ਲੈਣੀ ਨ੍ਹੀ ਤੂੰ ਕਰਨੀ ਨ੍ਹੀ। ਪੁੱਛ ਪਛਈਆ ਇਉਂ ਕਰਦੈਂ ਜਿਮੇਂ ਲੱਕ ਨੂੰ ਬਾਸਣੀ ਬੰਨ੍ਹੀ ਫਿਰਦੈਂ ਬਈ ਝੋਟੀ ਖਰੀਦ ਕੇ ਈ ਘਰੇ ਵੜਣੈਂ?''

ਨਾਥੇ ਅਮਲੀ ਦੀ ਗੱਲ ਤੋਂ ਹੱਸ ਕੇ ਬਾਬੇ ਆਤਮਾ ਸਿਉਂ ਨੇ ਪੁੱਛਿਆ, ''ਨਾਥਾ ਸਿਆਂ! ਵਪਾਰੀ ਤਾਂ ਸੁਣਦੇ ਆਏ ਆਂ, ਆਹ ਪਛਾਰੀ ਕੀ ਹੁੰਦਾ ਬਈ?''

ਅਮਲੀ ਕਹਿੰਦਾ, ''ਐਮੇਂ ਈਂ ਪੂਛਾਂ ਮਰੋੜਣ ਆਲੇ ਨੂੰ ਪਛਾਰੀ ਕਹਿੰਦੇ ਐ ਬਾਬਾ। ਜੱਲ੍ਹੇ ਕੇ ਨੇਕ ਆਂਗੂੰ ਚੀਜ ਤਾਂ ਕੋਈ ਲੈਣੀ ਨ੍ਹੀ ਹੁੰਦੀ ਕਰਨੀ ਨ੍ਹੀ ਹੁੰਦੀ, ਭਾਅ ਥੋਕ ਦਾ ਪੁੱਛੀ ਜਾਊ। ਪਹਿਲਾਂ ਪਹਿਲਾਂ ਤਾਂ ਨੇਕ ਨੂੰ ਵੀ ਹੱਟਾਂ ਆਲੇ ਬਹਾ-ਬਹਾ ਚਾਹ ਪਿਆਉਂਦੇ ਹੁੰਦੇ ਸੀ ਬਈ ਖਣੀ ਇਹੀ ਸਾਰੀ ਹੱਟ ਖਰੀਦ ਕੇ ਲੈ ਜੂ। ਜਦੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਬਈ ਇਹਨੇ ਲੈਣਾ ਤਾਂ ਕੁਸ ਹੁੰਦਾ ਨ੍ਹੀ, ਐਮੇਂ ਉੱਜੜੀਆਂ ਖੱਡਾਂ 'ਚ ਈ ਹੱਥ ਪਾਉਣ ਆਲਿਆਂ 'ਚੋਂ ਐ ਇਹੇ, ਫੇਰ ਹੱਟੀਆਂ ਆਲੇ ਨੇਕ ਨੂੰ ਵੇਖ ਕੇ ਦੂਰੋਂ ਈ ਇਉਂ ਹੋਕਰੇ ਮਾਰਨ ਲੱਗ ਜਿਆ ਕਰਨ ਜਿਮੇਂ ਸਬਜੀ ਮੰਡੀ 'ਚ ਵਿਕਣ ਆਈ ਫੁੱਲ ਗੋਭੀ ਦੇ ਢੇਰ ਨੂੰ ਮੂੰਹ ਮਾਰਦੇ ਅਵਾਰਾ ਪਸੂਆਂ ਨੂੰ ਗੋਭੀ ਵੇਚਣ ਆਇਆ ਜੱਟ ਲਲਕਰਦਾ ਹੁੰਦਾ। ਉਹੀ ਗੱਲ ਇਹਦੀ ਰੇਸ਼ਮ ਦੀ ਐ। ਇਹਨੇ ਹੁਣ ਝੋਟੀ ਲੈਣੀ ਤਾਂ ਹੈਨ੍ਹੀ। ਇਹ ਤਾਂ ਐਮੇਂ ਐਧਰ ਓਧਰ ਦੀਆਂ ਗੱਲਾਂ ਮਾਰ ਕੇ ਵੇਹਲੇ ਨੇ ਦਿਨ ਟਪਾਉਣੈਂ।''

ਅਮਲੀ ਵੱਲੋਂ ਰੇਸ਼ਮ ਨੇ ਆਵਦੇ 'ਤੇ ਤਵਾ ਧਰਿਆ ਸੁਣ ਕੇ ਸਾਇਕਲ ਚੁੱਕਿਆ ਤੇ ਸੱਥ 'ਚੋਂ ਭੱਜ ਗਿਆ ਬਈ ਹੁਣ ਅਮਲੀ ਮੇਰੀ ਸਾਰੀ ਜਮ੍ਹਾਂਬੰਦੀ ਖੋਲ੍ਹਕੇ ਬਹਿ ਜੂ। ਜਦੋਂ ਰੇਸ਼ਮ ਸੱਥ 'ਚੋਂ ਚਲਾ ਗਿਆ ਤਾਂ ਸੀਤੇ ਮਰਾਸੀ ਨੇ ਅਮਲੀ ਨੂੰ ਪੁੱਛਿਆ,

''ਅਮਲੀਆ ਇਹ ਤਾਂ ਹੁਣ ਗਿਆ ਭੱਜ। ਹੁਣ ਤੂੰ ਇਉਂ ਦੱਸ ਬਈ ਜੇ ਇਹਨੇ ਕੁਸ ਲੈਣਾ ਦੇਣਾ ਨ੍ਹੀ ਹੁੰਦਾ ਤਾਂ ਇਹਨੂੰ ਪਿੰਡ 'ਚ ਵਪਾਰੀ ਕਿਉਂ ਕਹਿੰਦੇ ਐ?''

ਅਮਲੀ ਤਰੱਭ ਕੇ ਬੋਲਿਆ, ''ਆਹ! ਵਪਾਰੀ ਐ ਇਹ ਸੱਤਾਂ ਚੁੱਲਿਆਂ ਦੀ ਸੁਆਹ! ਫੱਟੇ ਚੱਕਾਂ ਦੇ ਬਿੱਕਰ ਦੀਆਂ ਕੁਕੜੀਆਂ ਨੂੰ ਕਿਤੇ ਝੁਲਸ ਰੋਗ ਪੈ ਗਿਆ। ਉਹਦੀਆਂ ਕੁਕੜੀਆਂ ਮਰੀ ਜਾਣ। ਜਿਹੜੀਆਂ ਮਾੜੀਆਂ ਮੋਟੀਆਂ ਬਚੀਆਂ ਸੀ, ਉਹ ਇਹਨੇ ਕਿਤੇ ਓਧਰਲੇ ਗੁਆੜ ਆਲੇ ਝਿੱਫਾਂ ਦੇ ਮਖਤਿਆਰੇ ਨੂੰ ਰਾਤੋ ਰਾਤ ਮੁੱਲ ਦੁਆ 'ਤੀਆਂ। ਮਖਤਿਆਰੇ ਦੀ ਕੁੜੀ ਦੇ ਵਿਆਹ 'ਚ ਵੇਖ ਲਾ ਪੰਜ ਸੱਤ ਦਿਨ ਰਹਿੰਦੇ ਸੀ। ਉਹ ਤਾਂ ਕਰਕੇ ਸਸਤੀਆਂ ਸਮਝ ਕੇ ਲੈ ਗਿਆ ਬਈ ਵਿਆਹ 'ਚ ਜੰਨ ਨੂੰ ਝੜਕਾ ਝੁੜਕਾ ਵੀ ਦੇਣਾ ਪਊ। ਸੱਠ ਸੱਤਰ ਕੁਕੜੀਆਂ ਸੀ। ਕੁਕੜੀਆਂ ਅਗਲੇ ਦਿਨ ਝਿੱਫਾਂ ਦੇ ਘਰੇ ਜਾ ਕੇ ਆਥਣ ਨੂੰ ਸਾਰੀਆਂ ਈ ਫੰਘ ਝਾੜ ਗੀਆਂ। ਉਹਦੇ 'ਚੋਂ ਬਿੱਕਰ ਤੋਂ ਕਿਤੇ ਇਹੇ ਪਾਂਜਾ ਸਾਤਾ ਦਲਾਲੀ ਦਾ ਲੈ ਗਿਆ ਹੋਣਾ, ਵੱਸ ਐਨੀ ਗੱਲ 'ਤੇ ਫੱਟੇ ਚੱਕਾਂ ਨੇ ਇਹਦਾ ਨਾਂ ਵਪਾਰੀ ਧਰ 'ਤਾ। ਗੱਲ ਚੱਕਣ ਨੂੰ ਤੈਨੂੰ ਪਤਾ ਬਈ ਫੱਟ ਚੱਕ ਪਹਿਲਾਂ ਤੋਂ ਈ ਗੱਲ ਬਣਾਉਣ ਦੇ ਫੱਟੇ ਚੱਕ ਦਿੰਦੇ ਐ। ਤਾਹੀਉਂ ਬਿੱਕਰ ਕਿਆਂ ਨੂੰ ਫੱਟੇ ਚੱਕ ਕਹਿੰਦਾ ਸਾਰਾ ਪਿੰਡ। ਹੋਰ ਵਪਾਰ ਨੂੰ ਕਿਤੇ ਇਹੇ ਗਾਹਾਂ ਚੱਕ ਸ਼ੇਰੇ ਆਲੇ ਆਲਾ ਦੀਨਾ ਵਪਾਰੀ ਐ ਬਈ ਜੈਤੋ ਆਲੀ ਅੱਧੀ ਮੰਡੀ ਦੇ ਪਸੂ ਖਰੀਦ ਕੇ ਲੈ ਜੂ।''

ਸੀਤਾ ਮਰਾਸੀ ਮੁਖਤਿਆਰੇ ਕਿਆਂ ਦੀ ਕੁਕੜੀਆਂ ਦੀ ਸਸਤੀ ਖਰੀਦ 'ਤੇ ਤੋੜਾ ਝਾੜਦਾ ਹੱਸ ਕੇ ਕਹਿੰਦਾ, ''ਫੇਰ ਤਾਂ ਅਮਲੀਆ ਪਤੀਲੇ ਦਾ ਮੁੱਲ ਤਪਲੇ ਈ ਖਾ ਗੇ ਹੈਂਅ। ਨਾਲੇ ਜਦੋਂ ਕੁੱਕੜ ਕੁਕੜੀਆਂ ਨੂੰ ਕੋਈ ਬਮਾਰੀ ਪੈ ਜੇ ਨਾਹ, ਇਹ ਜਾਨਵਰ ਫਿਰ ਬਹੁਤਾ ਚਿਰ ਨ੍ਹੀ ਰਹਿੰਦਾ ਹੁੰਦਾ।''

ਅਮਲੀ ਦੀ ਝੁਲਸ ਰੋਗ ਵਾਲੀ ਗੱਲ ਟੁੱਕ ਕੇ ਜੋਗਾ ਕਾਮਰੇਡ ਬੋਲਿਆ, ''ਝੁਲਸ ਰੋਗ ਤਾਂ ਅਮਲੀਆ ਫਸਲਾਂ ਨੂੰ ਪੈਂਦਾ ਹੁੰਦਾ ਓਏ, ਤੂੰ ਜਾਨਵਰਾਂ ਨੂੰ ਪਾਈ ਜਾਨੈਂ।''




ਕਾਮਰੇਡ ਦੀ ਗੱਲ ਸੁਣ ਕੇ ਅਮਲੀ ਕਹਿੰਦਾ, ''ਚੱਲ! ਜੇ ਝੁਲਸ ਰੋਗ ਨਾ ਹੋਇਆ ਤਾਂ ਕੋਈ ਹੋਰ ਮਰਨ ਮਰਾਉਣ ਆਲੀ ਬਮਾਰੀ ਪੈ ਗੀ ਹੋਣੀ ਐਂ। ਐਮੇਂ ਬਿਨਾਂ ਕਿਸੇ ਬਮਾਰੀ ਤੋਂ ਤਾਂ ਨ੍ਹੀ ਮਰੀਆਂ ਕੁਕੜੀਆਂ। ਮਰੀਆਂ ਤਾਂ ਕਾਮਰੇਟਾ ਬਮਾਰੀ ਨਾਲ ਈ ਐ ਕੁ ਉਈਂ ਕਿਸੇ ਖੁਸ਼ੀ 'ਚ ਮਰ ਗੀਆਂ?''

ਮਾਹਲਾ ਨੰਬਰਦਾਰ ਕਹਿੰਦਾ, ''ਆਹ ਪਿੱਛੇ ਜੇ ਮਹੀਨਾ ਕੁ ਹੋਇਆ ਸੁਣਿਐਂ ਇਹਨੂੰ ਰੇਸ਼ਮ ਨੂੰ ਵੀ ਕੋਈ ਰੋਗ ਰਾਗ ਲੱਗ ਗਿਆ ਸੀ। ਕਹਿੰਦੇ ਮੰਡੀ ਆਲੇ ਕਪਲਾ ਡਾਕਦਾਰ ਦੇ ਦਾਖਲ ਰਿਹਾ ਕਈ ਦਿਨ।''

ਸੀਤਾ ਮਰਾਸੀ ਹੱਸ ਕੇ ਕਹਿੰਦਾ, ''ਭੋਲ਼ੇ ਦਾ ਵੀ ਭਗਵਾਨ ਈਂ ਹੁੰਦਾ ਨੰਬਰਦਾਰਾ। ਇਹ ਤਾਂ ਕਹਿੰਦੇ ਬਚ ਗਿਆ ਅਜੇ। ਇਹਨੂੰ ਤਾਂ ਐਹੋ ਜੀ ਬਮਾਰੀ ਚਿੰਬੜੀ ਸੀ, ਜੇ ਨਾ 'ਰਾਮ ਆਉਂਦਾ ਤਾਂ ਛੱਕੇ ਛੁੱਟ ਜਾਣੇ ਸੀ ਸਾਰੇ ਟੱਬਰ ਦੇ।''

ਮਰਾਸੀ ਦੀ ਗੱਲ ਸੁਣ ਕੇ ਨਾਥਾ ਅਮਲੀ ਮਰਾਸੀ ਨੂੰ ਕੌੜ ਤੁੰਮੇ ਵਾਂਗੂੰ ਕਤਾੜ ਕੇ ਪੈ ਗਿਆ, ''ਕਿਹੜਾ ਰੋਗ ਸੀ ਓਏ ਐਹੋ ਜਾ ਇਹਨੂੰ ਜਿਹੜਾ ਖਾ ਜਾਂਦਾ। ਤੁਸੀਂ ਵੀ ਪਤੰਦਰੋਂ ਹਰੇਕ ਗੱਲ ਦੀ ਸੂਈ ਚੜ੍ਹਾ ਕੇ ਈ ਰੱਖਦੇ ਐਂ। ਸੀ ਤਾਂ ਇਹਦੇ ਢਿੱਡ 'ਚ ਪਥਰੀ, ਤੁਸੀਂ ਇਹਨੂੰ ਫੱਟੇ ਚੱਕਾਂ ਆਲਿਆਂ ਦੀਆਂ ਕੁਕੜੀਆਂ ਨਾਲ ਰਲਾ 'ਤਾ। ਡਾਕਦਾਰ ਨੇ ਪਥਰੀ ਕੱਢ 'ਤੀ, ਇਹਨੂੰ 'ਰਾਮ ਆ ਗਿਆ। ਹੁਣ ਇਹ ਗਾਹਾਂ ਕਾਨਿਆਂ ਆਲੀ ਆਲਾ ਵੱਡਾ ਸਰਦਾਰਾ ਮੁੱਚ ਬਣਿਆਂ ਫਿਰਦਾ ਖੜ੍ਹਦਾ ਖੜੋਂਦਾ ਈ ਨ੍ਹੀ ਕਿਤੇ।''

ਬਾਬੇ ਨੇ ਅਮਲੀ ਨੂੰ ਪੁੱਛਿਆ, ''ਅਮਲੀਆ ਮੁੱਚ ਕਾਹਤੋਂ ਕਹਿੰਦੇ ਐ ਸਰਦਾਰੇ ਨੂੰ ਬਈ?''

ਅਮਲੀ ਕਹਿੰਦਾ, ''ਹੇਠੋਂ ਉੱਤੋਂ ਇੱਕੋ ਜਾ ਈ ਚੌੜਾ ਭੀੜਾ ਜਾ ਭਾਰੀ ਕਿੱਕਰ ਦੇ ਮੋਟੇ ਮੁੱਚ ਅਰਗਾ। ਲੋਕ ਵੀ ਵੇਖ ਕੇ ਈ ਨਾਂਅ ਧਰਦੇ ਅਗਲੇ ਦਾ। ਐਮੇਂ ਬਿਨਾਂ ਗੱਲ ਤੋਂ ਨ੍ਹੀ ਕਿਸੇ ਦਾ ਨਾਂਅ ਪੈਂਦਾ। ਜਮਾਂ ਮਣਕੇ ਠਣਕਾ ਮਾਰਦੈ ਐ।''

ਬੁੱਘਰ ਦਖਾਣ ਕਹਿੰਦਾ, ''ਜਿਹੜੀ ਨਾ ਖੜ੍ਹਣ ਖੜ੍ਹੋਣ ਆਲੀ ਗੱਲ ਐ ਉਹ ਤਾਂ ਫੇਰ ਡਾਕਦਾਰ ਨੇ ਗੋਡੇ 'ਚੋਂ ਪਥਰੀ ਕੱਢ ਕੇ ਲੱਗਦਾ ਮੋਟੇ ਦੰਦਿਆਂ ਆਲੀ ਕੋਈ ਵੱਡੀ ਗਲਾਰੀ ਪਾ ਕੇ ਬਰੈਕ ਖੋਹਲ 'ਤੇ ਹੋਣੇ ਐਂ ਜੀਹਦੇ ਕਰਕੇ ਚੱਕਰ ਵਧ ਗੇ। ਤਾਹੀਉਂ ਖੜ੍ਹਦਾ ਖੜੋਂਦਾ ਨ੍ਹੀ।''

ਨਾਥਾ ਅਮਲੀ ਬੁੱਘਰ ਨੂੰ ਕਹਿੰਦਾ, ''ਗੋਡੇ 'ਚ ਨ੍ਹੀ ਸੀ ਓਏ ਪਥਰੀ, ਢਿੱਡ 'ਚ ਸੀ। ਲਉਂ ਹੋਰ ਸੁਣ ਲੋ ਇਹਦੀ ਗੁੱਜਰ ਆਲੀਏ ਦਿਆਲੇ ਦੀ।''

ਨਿਹਾਲ ਝਿਓਰ ਕਾ ਗੋਰਖਾ ਕਹਿੰਦਾ, ''ਇੱਕ ਆਹ ਛਾਂਪ ਜੀ ਪਤਾ ਨ੍ਹੀ ਕਿਥੋਂ ਲੈ ਕੇ ਪਾਈ ਫਿਰਦਾ, ਅਕੇ ਨੌ ਹਜਾਰ ਲੱਗਿਆ ਇਹਦੇ 'ਤੇ। ਲੈ ਦੱਸ ਬਾਬਾ, ਨੌ ਹਜਾਰ ਦੀ ਮੱਝ ਲੈਂਦਾ, ਸਾਰਾ ਟੱਬਰ ਰੱਜ ਰੱਜ ਦੁੱਧ ਪੀਂਦਾ। ਕੌਣ ਦੇਵੇ ਅਕਲ ਇਨ੍ਹਾਂ ਲੋਕਾਂ ਨੂੰ?''

ਨਾਥਾ ਅਮਲੀ ਗੋਰਖੇ ਵੱਲ ਵੀ ਇਉਂ ਝਾਕਿਆ ਜਿਮੇਂ ਬੱਛੀ ਭੀੜੀ ਕਰਕੇ ਬੰਨ੍ਹੀ ਹੁੰਦੀ ਐ। ਗੋਰਖੇ ਦੀ ਬਾਂਹ ਝੰਜੋੜ ਕੇ ਕਹਿੰਦਾ, ''ਅੱਗੇ ਇੱਕ ਮੌਲੜ ਜੀ ਮੱਝ ਰੱਖੀ ਤਾਂ ਸੀ। ਜਿੱਦੇਂ ਪਹਿਲੇ ਦਿਨ ਘਰੇ ਲੈ ਕੇ ਆਇਆ ਓਹਨੇ ਘਰੇ ਵੜਦੀ ਨੇ ਕਿਤੇ ਗੋਹਾ ਕਰ 'ਤਾ। ਰੇਸ਼ਮ ਦੀ ਬਹੂ ਨੇ ਤਾਂ ਤਲ਼ ਪੱਟ ਲਿਆ੍ 'ਤੀ। ਕਹੇ 'ਇਹਨੂੰ ਹੁਣੇ ਈਂ ਬਾਹਰ ਕੱਢ ਖੋਲੜ ਨੂੰ, ਬਾਹਰ ਗਲੀ 'ਚ ਬੰਨ੍ਹ ਕੇ ਆ। ਘਰੇ ਤਾਂ ਇਹ ਤੜਕੇ ਨੂੰ ਮੁਸ਼ਕ ਆਲੀ ਬੂ ਵਰਾਹ ਦੂ'। ਗਰਮੀਆਂ ਦੇ ਬਾਬਾ ਦਿਨ ਸੀ, ਰੇਸ਼ਮ ਨੇ ਬਹੂ ਦੀ ਕੁੱਤੇ ਖਾਣੀ ਤੋਂ ਡਰਦੇ ਨੇ ਰਾਤ ਨੂੰ ਕਿਤੇ ਮੱਝ ਬਾਹਰ ਬੀਹੀ 'ਚ ਬੰਨ੍ਹ 'ਤੀ। ਆਪ ਸਾਰਾ ਟੱਬਰ ਕੋਠੇ 'ਤੇ ਚੜ੍ਹਕੇ ਸੌਂ ਗਿਆ। ਰਾਤ ਨੂੰ ਕੋਈ ਮੱਝ ਖੋਲ੍ਹ ਕੇ ਲੈ ਗਿਆ। ਤੜਕੇ ਉੱਠਿਆਂ ਤੋਂ ਜਦੋਂ ਪਤਾ ਲੱਗਿਆ ਬਈ ਮੱਝ ਤਾਂ ਚੋਰੀ ਹੋ ਗੀ, ਅਕੇ ਰੇਸ਼ਮ ਦੀ ਬਹੂ ਆਂਢ ਗੁਆਂਢ 'ਚ ਕਹਿੰਦੀ ਫਿਰੇ 'ਘਰ 'ਚੋਂ ਕੀ ਪਿੰਡ 'ਚੋਂ ਈ ਮੁਸ਼ਕ ਚੱਕਿਆ ਗਿਆ'। ਹੁਣ ਗੱਲ ਤਾਂ ਇਹ ਐ ਬਈ ਜਦੋਂ ਅੱਗੇ ਨ੍ਹੀ ਬਹੂ ਨੇ ਮੱਝ ਘਰੇ ਵੜਣ ਦਿੱਤੀ ਹੁਣ ਕਿੱਥੋਂ ਕੋਟ ਸ਼ਮ੍ਹੀਰ ਆਲੀ ਖੁਰਲੀ 'ਤੇ ਬੰਨ੍ਹ ਲੂ ।''

ਸੀਤਾ ਮਰਾਸੀ ਕਹਿੰਦਾ, ''ਚੱਲੋ ਛੱਡੋ ਯਾਰ ਮੱਝ ਦੀ ਗੱਲ। ਆਹ ਛਾਂਪ ਦੀ ਗੱਲ ਦੱਸੋ ਜਿਹੜੀ ਗੋਰਖਾ ਦੱਸਦਾ ਬਈ ਕਹਿੰਦਾ ਨੌ ਹਜਾਰ ਲੱਗਿਆ। ਐਹੋ ਜਾ ਕਿਹੜਾ ਮਣਕਾ ਪਰੋਤਾ ਸਨਿਆਰੇ ਨੇ ਜਿਹੜਾ ਐਨਾਂ ਮਹਿੰਗਾ?''

ਬਿਸ਼ਨੇ ਕਾ ਲੱਭਾ ਕਹਿੰਦਾ, ''ਰੇਸ਼ਮ ਤਾਂ ਇਉਂ ਦੱਸਦਾ ਬਈ ਤਾਂਬੇ 'ਤੇ ਤਾਂ ਪੰਜ ਸੌ ਈ ਲੱਗਿਆ, ਆਹ ਜਿਹੜਾ ਵਿੱਚ ਨਗ ਨੁਗ ਐ, ਇਹਦੇ 'ਤੇ ਸਾਢੇ ਅੱਠ ਹਜਾਰ ਲੱਗ ਗਿਆ।''

ਅਮਲੀ ਕਹਿੰਦਾ, ''ਹੁਣ ਛਾਂਪ ਦੀ ਵੀ ਸੁਣ ਲੋ ਫਿਰ। ਇਹ ਜਿਹੜਾ ਕੋਈ ਨਗ ਨੁਗ ਛਾਂਪ 'ਚ ਪਾਈ ਫਿਰਦਾ, ਇਹ ਹੀਰਾ ਹੂਰਾ ਜਾਂ ਚਮਕ ਪੱਥਰ ਨ੍ਹੀ ਕੋਈ। ਇਹ ਤਾਂ ਜਿਹੜੀ ਡਾਕਦਾਰ ਨੇ ਪ੍ਰੇਸ਼ਨ ਕਰਕੇ ਢਿੱਡ 'ਚੋਂ ਪਥਰੀ ਕੱਢੀ ਐ, ਉਹ ਐ। ਇਹ ਸੋਨੂੰ ਬੁੱਧੂ ਬਣਾਉਂਦਾ।''

ਬਾਬੇ ਆਤਮਾ ਸਿਉਂ ਨੇ ਅਮਲੀ ਨੂੰ ਹੈਰਾਨੀ ਨਾਲ ਪੁੱਛਿਆ, ''ਉਹ ਪਥਰੀ ਕਿਮੇਂ ਬਈ?''

ਅਮਲੀ ਕਹਿੰਦਾ, ''ਜਦੋਂ ਡਾਕਦਾਰ ਨੇ ਪਥਰੀ ਕੱਢ ਕੇ ਰੇਸ਼ਮ ਨੂੰ ਵਖਾਈ ਬਈ ਆਹ ਪਥਰੀ ਨਿਕਲੀ ਐ ਤੇਰੇ ਢਿੱਡ 'ਚੋਂ। ਅਕੇ ਰੇਸ਼ਮ ਦਖਾਣ ਡਾਕਦਾਰ ਨੂੰ ਕਹਿੰਦਾ 'ਮੈਂ ਘਰੇ ਲੈ ਜਾਂ ਇਹੇ'। ਰੇਸ਼ਮ ਪਥਰੀ ਘਰੇ ਲਿਆਇਆ। ਉਹ ਇਹਨੇ ਹੁਣ ਛਾਂਪ 'ਚ ਪਾ ਲੀ। ਤਾਂ ਕਰਕੇ ਕਹਿੰਦਾ ਬਈ ਨੌ ਹਜਾਰ ਲੱਗਿਆ।''


ਸੀਤਾ ਮਰਾਸੀ ਕਹਿੰਦਾ, ''ਫੇਰ ਪੱਥਰ ਨਿੱਕਲਿਆ ਤਾਂ ਢਿੱਡ 'ਚੋਂ ਐਂ, ਨੌ ਹਜਾਰ ਕਾਸਤੇ ਲੱਗ ਗਿਆ?''

ਅਮਲੀ ਮਰਾਸੀ ਨੂੰ ਨੇਰ੍ਹੀ 'ਚ ਉੱਡੀ ਆਉਂਦੀ ਪੋਹ਼ਲੀ ਵਾਂਗੂੰ ਚਿੰਬਰ ਗਿਆ, ''ਓਏ ਮਰਦਾਨੇ ਕਿਆ ਜਦੋਂ ਰੇਸ਼ਮ ਨੂੰ ਪੁੱਛਿਆ ਬਈ ਤੂੰ ਕਿੱਥੋਂ ਆ ਗਿਆ ਛਾਂਪ 'ਤੇ ਨੌ ਹਜਾਰ ਲਾਉਣ ਆਲਾ ਸਰਾਮਾਂ ਬੋਦਲਾਂ ਆਲਾ ਕਰਤਾਰ ਸਿਉਂ, ਤਾਂ ਰੇਸ਼ਮ ਕਹਿੰਦਾ 'ਸਾਢੇ ਅੱਠ ਹਜਾਰ ਤਾਂ ਡਾਕਦਾਰ ਨੇ 'ਪ੍ਰੇਸਨ ਦਾ ਲੈ ਲਿਆ। ਪੰਜ ਸੌ ਦੁਆਈ ਬੂਟੀ 'ਤੇ ਲੱਗ ਗਿਆ। ਪੱਥਰੀ ਮੈਂ ਛਾਂਪ 'ਚ ਪੁਆ ਲੀ ਬਈ ਇਹ ਪਥਰੀ ਨੇ ਈਂ ਨੌ ਹਜਾਰ ਲੁਆਇਆ ਮੇਰਾ।

ਫੇਰ ਨੌ ਹਜਾਰ ਦੀ ਓ ਈ ਹੋਈ। ਅਕੇ ਮੈਂ ਕਿਹੜਾ ਵੱਧ ਘੱਟ ਪੈਂਸੇ ਦੱਸ ਕੇ ਵਿੱਚੋਂ ਕੁਸ ਖਾ ਲਿਆ। ਆਹ ਗੱਲ ਐ ਛਾਂਪ ਦੀ ਮੀਰ। ਤੁਸੀਂ ਆਖਿਆ ਖਣੀ ਸੱਚੀਉਂ ਈ ਨੌ ਹਜਾਰ ਲਾ 'ਤਾ ਹੋਣਾ ਇਹਨੇ। ਚਾਹ ਤਾਂ ਸਾਰਾ ਟੱਬਰ ਸੁੱਕੇ ਦੁੱਧ ਦੀ ਬਣਾ ਕੇ ਪੀਂਦਾ, ਛਾਂਪ 'ਤੇ ਕਿੱਥੋਂ ਪੈਂਸੇ ਲਾਉਣ ਆਲਾ ਆ ਗਿਆ ਇਹੇ ਸਮਾਲਸਰ ਆਲਾ ਮੁੱਲਖਾ।''

ਗੱਲਾਂ ਕਰਦਿਆਂ ਤੋਂ ਏਨੇ ਚਿਰ ਨੂੰ ਬੋਘੜ ਚੌਂਕੀਦਾਰ ਸੱਥ 'ਚ ਆ ਕੇ ਬਾਬੇ ਆਤਮਾ ਸਿਉਂ ਨੂੰ ਕਹਿੰਦਾ, ''ਬਾਬਾ ਜੀ! ਪਚੈਤ ਘਰ 'ਚ ਪਿਲਸਨਾਂ ਦੇ ਕਾਤਕ ਭਰਨ ਆਲੇ ਅਸਫਰ ਆਏ ਐ, ਜੀਹਨੇ ਕਿਸੇ ਨੇ ਆਵਦੇ ਕਾਤਕ ਭਰਨੇ ਐਂ ਪਚੈਤ ਘਰ 'ਚ ਜਾਵੜੋ।'' ਚੌਂਕੀਦਾਰ ਦਾ ਸੁਨੇਹਾ ਸੁਣਦੇ ਸਾਰ ਹੀ ਸੱਥ 'ਚ ਬੈਠੇ ਸਾਰੇ ਜਣੇ ਉੱਠ ਕੇ ਪੰਚਾਇਤ ਘਰ ਨੂੰ ਚੱਲ ਪਏ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey


# ਕਰਜ਼

ਲੇਖਕ : ਜਗਦੀਸ਼ ਕੌਰ ਮਾਨ
ਸੰਪਰਕ: 78146-98117

ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਕਵਿਤਾ 'ਸਿੰਪਥੀ' ਪੜ੍ਹਾ ਰਹੀ ਸਾਂ। ਇਸ ਕਵਿਤਾ ਦੇ ਰਚੇਤਾ ਚਾਰਲਸ ਮੈਕੇ ਹਨ। ਨੈਤਿਕ ਅਮੀਰੀ ਨਾਲ ਭਰਪੂਰ ਇਹ ਕਵਿਤਾ ਮਾਨਸਿਕ ਤੌਰ 'ਤੇ ਹਲੂਣਾ ਦੇ ਕੇ ਇਨਸਾਨ ਦੀ ਸੁੱਤੀ ਪਈ ਜ਼ਮੀਰ ਜਗਾਉਣ ਦਾ ਉਪਰਾਲਾ ਕਰਦੀ ਹੈ।

ਕਵੀ ਆਪਣੀ ਮਾੜੀ ਆਰਥਿਕ ਹਾਲਤ ਦਾ ਵਰਨਣ ਕਰਦਾ ਹੋਇਆ ਦੱਸਦਾ ਹੈ ਕਿ ਇਕ ਵਾਰ ਉਸ ਦੀ ਆਰਥਿਕ ਹਾਲਤ ਬੇਹੱਦ ਡਾਵਾਂਡੋਲ ਹੋ ਗਈ ਤੇ ਉਹ ਕੰਗਾਲੀ ਦੀ ਕਗਾਰ 'ਤੇ ਪਹੁੰਚ ਗਿਆ। ਉਦੋਂ ਉਸ ਨੂੰ ਉਧਾਰ ਮੰਗਣ ਲਈ ਕਈਆਂ ਅੱਗੇ ਹੱਥ ਅੱਡਣੇ ਪਏ। ਕਿਸੇ ਨੇ ਸੋਨੇ ਨਾਲ ਉਸ ਦੀ ਮਦਦ ਕੀਤੀ, ਕਿਸੇ ਨੇ ਚਾਂਦੀ ਨਾਲ ਤੇ ਕਿਸੇ ਨੇ ਨਕਦੀ ਨਾਲ। ਖ਼ੁਦ ਗਰੀਬੀ ਨਾਲ ਜੂਝ ਰਹੇ ਇਕ ਸੱਜਣ ਕੋਲ ਉਸ ਦੀ ਮਦਦ ਕਰਨ ਵਾਸਤੇ ਕੁਝ ਵੀ ਨਹੀਂ ਸੀ ਪਰ ਉਸ ਸ਼ਖ਼ਸ ਨੇ ਘੋਰ ਨਿਰਾਸ਼ਾ ਦੇ ਆਲਮ ਵਿਚੋਂ ਗੁਜ਼ਰ ਰਹੇ ਕਵੀ ਦੇ ਮੋਢੇ 'ਤੇ ਹੱਥ ਧਰ ਕੇ ਉਸ ਨੂੰ ਦਿਲਾਸਾ ਦਿੱਤਾ, "ਦੇਖੀਂ ਕਿਤੇ ਹੌਂਸਲਾ ਨਾ ਹਾਰ ਜਾਵੀਂ! ਦਿਲ ਨੂੰ ਤਕੜਾ ਰੱਖੀਂ, ਅੜੇ ਥੁੜੇ ਦਿਨਾਂ ਵਿਚ ਬੰਦੇ ਵਾਸਤੇ ਸਬਰ ਤੇ ਹੌਂਸਲਾ, ਢਾਲ ਦਾ ਕੰਮ ਕਰਦਾ ਹੈ। ਚੰਗਾ ਮਾੜਾ ਸਮਾਂ ਤਾਂ ਬੰਦੇ 'ਤੇ ਆਉਂਦਾ ਜਾਂਦਾ ਹੀ ਰਹਿੰਦਾ, ਦਿਨ ਸਦਾ ਇਕੋ ਜਿਹੇ ਕਦੇ ਵੀ ਨਹੀਂ ਰਹਿੰਦੇ ਹੁੰਦੇ, ਬੱਸ ਤੂੰ ਧੀਰਜ ਦਾ ਪੱਲਾ ਘੁੱਟ ਕੇ ਫੜੀ ਰੱਖੀਂ। ਉਸ ਸੱਚੇ ਰੱਬ 'ਤੇ ਰੱਖਿਆ ਭਰੋਸਾ ਤੈਨੂੰ ਡੋਲਣ ਤੋਂ ਬਚਾਵੇਗਾ।" ਬੜੇ ਹੀ ਪਿਆਰ ਨਾਲ ਉਸ ਨੇ ਹੱਥ ਵਿਚ ਫੜੀ ਹੋਈ ਰੋਟੀ ਵਿਚੋਂ ਅੱਧੀ ਰੋਟੀ ਉਸ ਨੂੰ ਮੱਲੋਮੱਲੀ ਖੁਆ ਦਿੱਤੀ ਤੇ ਥਾਪੀ ਦੇ ਕੇ ਚੜ੍ਹਦੀ ਕਲਾ ਵਿੱਚ ਰਹਿਣ ਦਾ ਕਹਿ ਕੇ ਅਗਾਂਹ ਚਲਾ ਗਿਆ।

ਕਵੀ ਲਿਖਦਾ ਹੈ ਕਿ ਉਸ ਦੀ ਗੱਲ ਸੱਚੀ ਸਾਬਤ ਹੋ ਗਈ।... ਬੁਰੇ ਦਿਨਾਂ ਵਾਲਾ ਔਖਾ ਵਕਤ ਨਿਕਲ ਗਿਆ ਸੀ। ਆਰਥਿਕ ਪੱਖੋਂ ਸੁਖਾਲਾ ਹੋਣ 'ਤੇ ਮੈਂ ਧੌਣ ਉੱਚੀ ਕਰ ਕੇ ਸੋਨਾ ਦੇਣ ਵਾਲੇ ਨੂੰ ਸੋਨਾ ਵਾਪਸ ਕਰ ਦਿੱਤਾ, ਚਾਂਦੀ ਦੇਣ ਵਾਲੇ ਨੂੰ ਚਾਂਦੀ ਤੇ ਨਕਦੀ ਵਾਲੇ ਨੂੰ ਨਕਦੀ ਮੋੜ ਦਿੱਤੀ। ਇਹ ਸਾਰੇ ਹੱਥ ਉਧਾਰ ਮੈਂ ਸਿਰ ਉੱਚਾ ਕਰ ਕੇ ਬਿਨਾਂ ਦੇਣਦਾਰਾਂ ਅੱਗੇ ਝੁਕਿਆਂ ਚੁਕਾ ਦਿੱਤੇ ਪਰ ਹੌਂਸਲਾਸ਼ੇਰੀ ਦੇ ਕੇ ਮੈਨੂੰ ਢਹਿੰਦੀ ਕਲਾ ਵਿਚੋਂ ਬਾਹਰ ਕੱਢਣ ਵਾਲੇ ਦੇ ਸਾਹਮਣੇ ਮੇਰਾ ਸਿਰ ਆਪਣੇ ਆਪ ਨੀਵਾਂ ਹੋ ਗਿਆ; ਉਸ ਨੇ ਵੇਲੇ ਸਿਰ ਦਿਲੋਂ ਹਮਦਰਦੀ ਜਤਾ ਕੇ ਜਿਹੜਾ ਅਮੋੜ ਕਰਜ਼ ਮੇਰੇ ਸਿਰ ਚੜ੍ਹਾ ਦਿੱਤਾ ਸੀ, ਉਸ ਨੂੰ ਤਾਂ ਮੈਂ ਤਾਉਮਰ ਵੀ ਨਹੀਂ ਸੀ ਚੁਕਾ ਸਕਦਾ।...



ਕਵੀ ਦੇ ਇਨ੍ਹਾਂ ਮਨੋਭਾਵਾਂ ਨੇ ਮੈਨੂੰ ਸਕੂਨ ਨਾਲ ਮਾਲਾਮਾਲ ਕਰ ਦਿੱਤਾ ਕਿ ਇਸ ਦੁਨੀਆ ਵਿੱਚ ਅਜਿਹੇ ਸੱਚੇ ਸੁੱਚੇ ਕਿਰਦਾਰ ਵੀ ਹਨ! ਕਿੰਨਾ ਚਿਰ ਬੈਠੀ ਮੈਂ ਕਵੀ ਦੀ ਅਹਿਸਾਨਮੰਦੀ ਵਾਲੀ ਸੋਚ ਬਾਰੇ ਸੋਚਦੀ ਰਹੀ। ਫਿਰ ਮੈਨੂੰ ਕਰੋਨਾ ਵਾਲੇ ਕਹਿਰ ਦੌਰਾਨ ਆਪਣੇ ਨਾਲ ਵਾਪਰੀ ਘਟਨਾ ਯਾਦ ਆ ਗਈ। ਉਦੋਂ ਅਸੀਂ ਸਾਰਾ ਟੱਬਰ ਕਰੋਨਾ ਦੀ ਲਪੇਟ ਵਿਚ ਆ ਗਏ ਸਾਂ। ਮੇਰੀ ਤੇ ਪੁੱਤਰ ਦੀ ਹਾਲਤ ਕੁਝ ਜ਼ਿਆਦਾ ਹੀ ਖਰਾਬ ਸੀ। ਹਾਲਾਤ ਇੰਨੇ ਮਾੜੇ ਹੋ ਗਏ ਕਿ ਘਰ ਵਿੱਚ ਸਾਨੂੰ ਪਾਣੀ ਦਾ ਗਿਲਾਸ ਫੜਾਉਣ ਵਾਲਾ ਵੀ ਕੋਈ ਨਹੀਂ ਸੀ। ਫਲ, ਸਬਜ਼ੀਆਂ, ਦਵਾਈਆਂ ਤੇ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਹੋਰ ਚੀਜ਼ਾਂ ਬਾਜ਼ਾਰੋਂ ਮੰਗਵਾਉਣ ਵਿਚ ਵੀ ਭਾਰੀ ਦਿੱਕਤ ਆ ਰਹੀ ਸੀ। ਪੁੱਤਰ ਦੁਕਾਨਦਾਰਾਂ ਨੂੰ ਫੋਨ ਕਰ ਕੇ ਇਹ ਚੀਜ਼ਾਂ ਵਸਤਾਂ ਘਰ ਹੀ ਮੰਗਵਾ ਲੈਂਦਾ। ਹੋਮ ਡਿਲਿਵਰੀ ਵਾਲੇ ਸਾਰਾ ਸਾਮਾਨ ਗੇਟ 'ਤੇ ਲਾਹ ਕੇ ਮੁੜ ਜਾਂਦੇ ਪਰ ਘਰ ਦੇ ਅੰਦਰ ਕੌਣ ਰੱਖੇ? ਇਹ ਉਸ ਸਮੇਂ ਦੀ ਵੱਡੀ ਸਮੱਸਿਆ ਸੀ। ਜਿਹੜੀ ਕੰਮ ਵਾਲੀ ਸਾਡੇ ਘਰ ਦਸ ਬਾਰਾਂ ਸਾਲ ਤੋਂ ਕੰਮ ਕਰ ਰਹੀ ਸੀ, ਉਹ ਵੀ ਇਸ ਨਾਮੁਰਾਦ ਬਿਮਾਰੀ ਤੋਂ ਡਰਦੀ ਮਾਰੀ ਛੁੱਟੀਆਂ ਲੈ ਗਈ ਸੀ। ਗੁੱਸਾ ਤਾਂ ਬਹੁਤ ਆਇਆ ਪਰ ਉਹ ਆਪਣੀ ਜਗ੍ਹਾ ਸੱਚੀ ਸੀ; ਉਹ ਵੇਲਾ ਹੀ ਅਜਿਹਾ ਸੀ ਕਿ ਲੋਕ ਤਾਂ ਚੰਗੇ ਭਲੇ ਬੰਦੇ ਕੋਲ ਖੜ੍ਹਨ ਤੋਂ ਵੀ ਡਰਦੇ ਸਨ। ਬਿਮਾਰੀ ਦੀ ਗ੍ਰਿਫ਼ਤ ਵਿਚ ਆਏ ਸਾਡੇ ਵਰਗਿਆਂ ਤੋਂ ਤਾਂ ਫਿਰ ਨੌਕਰਾਂ ਨੇ ਡਰਨਾ ਹੀ ਸੀ। ਜਾਨ ਤਾਂ ਸਭ ਨੂੰ ਪਿਆਰੀ ਸੀ। ਇਉਂ ਆਰਜ਼ੀ ਤੌਰ 'ਤੇ ਖਾਣਾ ਬਣਾਉਣ ਵਾਸਤੇ ਰੱਖੀ ਸੁਆਣੀ ਦੇ ਜ਼ਿੰਮੇ ਪਹਿਲੀ ਕੰਮ ਵਾਲੀ ਦੇ ਕੰਮ ਵੀ ਪੈ ਗਏ। ਉਹ ਸਾਰਾ ਦਿਨ ਬੌਂਦਲੀ ਰਹਿੰਦੀ। ਉਹੀ ਸਾਡੀ ਸਾਂਭ ਸੰਭਾਲ ਕਰਦੀ ਸੀ। ਸਾਨੂੰ ਸਾਰਿਆਂ ਨੂੰ ਸਮੇਂ ਸਿਰ ਦਵਾਈ ਬੂਟੀ ਤੇ ਖਾਣਾ ਬਣਾ ਕੇ ਦੇਣਾ, ਸਾਡੇ ਨਹਾਉਣ ਧੋਣ ਦਾ ਪ੍ਰਬੰਧ ਕਰਨਾ ਵੀ ਉਸ ਦੀ ਡਿਊਟੀ ਵਿਚ ਸ਼ਾਮਲ ਸੀ। ਸਾਰਾ ਦਿਨ ਊਰੀ ਵਾਂਗ ਘੁਕਦੀ ਰਹਿੰਦੀ। ਥੱਕ ਕੇ ਚੂਰ ਹੋ ਜਾਂਦੀ, ਫਿਰ ਵੀ ਔਖੀ ਸੌਖੀ ਕੰਮ ਕਰੀ ਜਾਂਦੀ।

ਇਕ ਦਿਨ ਉਹਨੇ ਦੱਸਿਆ ਕਿ ਰਾਹ ਵਿੱਚ ਮਿਲਦੇ ਲੋਕ ਉਹਨੂੰ ਡਰਾਉਂਦੇ ਰਹਿੰਦੇ- "ਤੂੰ ਨਿਆਣਿਆਂ ਨਿੱਕਿਆਂ ਵਾਲੀ ਏਂ, ਜੇ ਭਲਾ ਇਨ੍ਹਾਂ ਦੀ ਸਾਂਭ ਸੰਭਾਲ ਕਰਦੀ ਤੂੰ ਖ਼ੁਦ ਹੀ ਬਿਮਾਰ ਹੋ ਗਈ, ਫੇਰ? ਤੁਹਾਥੋਂ ਗਰੀਬਾਂ ਤੋਂ ਤਾਂ ਇਹੋ ਜਿਹੀ ਭਿਆਨਕ ਬਿਮਾਰੀ ਦਾ ਇਲਾਜ ਵੀ ਨਹੀਂ ਕਰਵਾਇਆ ਜਾਣਾ, ਇਸ ਲਈ ਤੂੰ ਭਾਈ ਬੀਬੀ ਨਾ ਲਾਲਚ ਕਰ। ਐਵੇਂ ਨਾ ਕੋਈ ਨੁਕਸਾਨ ਕਰਵਾ ਕੇ ਬਹਿ ਜੀਂ ਕਿਤੇ। ਇਨ੍ਹਾਂ ਨੂੰ ਕੰਮ ਤੋਂ ਹੁਣੇ ਈ ਜਵਾਬ ਦੇ ਦੇ, ਚੰਗੀ ਰਹੇਂਗੀ, ਬਾਅਦ ਵਿੱਚ ਪਛਤਾਉਣ ਨਾਲੋਂ।"

ਉਹਦੀ ਗੱਲ ਸੁਣ ਕੇ ਇੱਕ ਵਾਰ ਤਾਂ ਖਾਨਿਓਂ ਗਈ- ਜੇ ਲੋਕਾਂ ਦੀਆਂ ਗੱਲਾਂ ਵਿਚ ਆ ਕੇ ਇਹ ਸੱਚੀਂ ਕੰਮ ਤੋਂ ਹਟ ਗਈ, ਫਿਰ ਕੀ ਬਣੂ?... ਇਹੋ ਜਿਹੇ ਵੇਲੇ ਤਾਂ ਬਿਮਾਰੀ ਤੋਂ ਦਹਿਲੇ ਹੋਏ ਕਿਸੇ ਰਿਸ਼ਤੇਦਾਰ ਨੇ ਵੀ ਸਾਥ ਨਹੀਂ ਦੇਣਾ!

ਦੂਜੇ ਦਿਨ ਉਹਨੇ ਸਾਨੂੰ ਦੱਸਿਆ ਕਿ ਉਹਦਾ ਘਰ ਵਾਲਾ ਕਹਿੰਦਾ, ਬਈ ਕੋਈ ਲੋੜ ਨਹੀਂ ਕਿਸੇ ਦੀਆਂ ਗੱਲਾਂ ਵਿਚ ਆਉਣ ਦੀ, ਤੂੰ ਉਨ੍ਹਾਂ ਦਾ ਕੰਮ ਨਹੀਂ ਛੱਡਣਾ। ਜੇ ਦੁੱਖ ਵੇਲੇ ਕੰਮ ਨਾ ਆਏ ਤਾਂ ਫਿਰ ਹੋਰ ਕਦੋਂ ਆਵਾਂਗੇ?

ਅਸੀਂ ਸ਼ੁਕਰ ਮਨਾਇਆ। ਹੁਣ ਤਾਂ ਸਗੋਂ ਉਹਦੀ ਵੱਡੀ ਧੀ ਵੀ ਉਸ ਨਾਲ ਕੰਮ ਕਰਵਾਉਣ ਵਾਸਤੇ ਆ ਜਾਂਦੀ ਸੀ। ਉਂਝ, ਕੁਦਰਤ ਦਾ ਕ੍ਰਿਸ਼ਮਾ ਦੇਖੋ! ਉਨ੍ਹਾਂ ਦਾ ਸਾਰਾ ਪਰਿਵਾਰ ਪੂਰੀ ਤਰ੍ਹਾਂ ਤੰਦਰੁਸਤ ਰਿਹਾ। ਅਸੀਂ ਵੀ ਜਿਥੋਂ ਤੱਕ ਹੋ ਸਕਿਆ, ਉਹਦਾ ਹੱਕ ਨਹੀਂ ਰੱਖਿਆ। ਉਹਦੀ ਵੱਡੀ ਧੀ ਨੂੰ ਬੀਏ ਬੀਐੱਡ ਕਰਵਾ ਦਿੱਤੀ। ਹੁਣ ਤਾਂ ਉਹ ਸਾਡੇ ਘਰ ਕੰਮ ਵੀ ਨਹੀਂ ਕਰਦੀ, ਅਸੀਂ ਹਰ ਤਿੱਥ ਤਿਉਹਾਰ 'ਤੇ ਬਣਦਾ ਸਰਦਾ ਕੁਝ ਨਾ ਕੁਝ ਉਹਦੇ ਘਰ ਦੇ ਕੇ ਆਉਂਦੇ ਹਾਂ। ਉਹਦਾ ਉਹ ਅਹਿਸਾਨ ਅਸੀਂ ਕਿੱਥੇ ਉਤਾਰ ਸਕਦੇ ਹਾਂ। ਕਵੀ ਦੇ ਕਹਿਣ ਮੁਤਾਬਕ ਅਜਿਹੇ ਲੋਕਾਂ ਦਾ ਕਰਜ਼ ਚੁਕਾਉਣਾ ਅਸੰਭਵ ਹੁੰਦਾ ਹੈ।

# ਅਫ਼ਸੋਸ

ਲੇਖਕ : ਡਾ. ਜਸਵਿੰਦਰ ਸਿੰਘ ਬਰਾੜ,
ਸੰਪਰਕ: 98776-61770

"ਮੈਂ ਤਾਂ ਕਦੋਂ ਦੀ ਤਿਆਰ ਖੜ੍ਹੀ ਆਂ, ਤੁਸੀਂ ਬਹੁਤ ਜਿੱਲ੍ਹੇ ਓ। ਆਹ ਦੇਖੋ 10 ਵੱਜ ਚੁੱਕੇ ਐ। ਡਾਕਟਰ ਕੋਲ ਵੀ ਜਾਣੈ ਤੇ ਟੇਲਰ ਕੋਲ ਵੀ ਜਾਣੈ ਪਰ ਘੰਟਾ ਹੋ ਗਿਆ ਤੁਸੀਂ ਇੱਥੇ ਹੀ ਪੱਗ ਦੀਆਂ ਮੋਰਨੀਆਂ ਬਣਾਈ ਜਾਨੇ ਓ," ਮੇਰੀ ਧਰਮ ਪਤਨੀ ਨੇ ਘੜੀ ਚੁੱਕ ਕੇ ਮੇਰੇ ਮੂਹਰੇ ਕਰਦਿਆਂ ਕਿਹਾ। "ਬੱਸ ਮੈਂ ਵੀ ਤਿਆਰ ਹੀ ਆਂ, ਤੂੰ ਡਾਕਟਰ ਨੂੰ ਫੋਨ ਕਰਕੇ ਪੁੱਛ ਵੀ ਮਿਲ ਜਾਵੇਗਾ?" ਮੈਂ ਫਟਾਫਟ ਪੱਗ ਦਾ ਆਖਰੀ ਲੜ ਲਗਾ ਕੇ ਕਿਹਾ। "ਤੁਸੀਂ ਕਰੋ ਗੱਲ ਡਾਕਟਰ ਨਾਲ" ਕਹਿੰਦਿਆਂ ਉਸ ਨੇ ਮੈਨੂੰ ਫੋਨ ਫੜਾ ਦਿੱਤਾ। ਮੈਂ ਡਾਕਟਰ ਨੂੰ ਫੋਨ ਲਗਾਇਆ ਤਾਂ ਪਤਾ ਲੱਗਿਆ ਕਿ ਡਾਕਟਰ ਸਾਹਿਬ ਖ਼ੁਦ ਬਿਮਾਰ ਚੱਲ ਰਹੇ ਹਨ, ਇਸ ਕਰਕੇ ਅੱਜ ਹਸਪਤਾਲ ਨਹੀਂ ਮਿਲਣਗੇ। ਮੈਨੂੰ ਅਫ਼ਸੋਸ ਵੀ ਹੋ ਰਿਹਾ ਸੀ ਤੇ ਡਰ ਵੀ ਲੱਗ ਰਿਹਾ ਸੀ। ਅਫ਼ਸੋਸ ਇਸ ਗੱਲ ਦਾ ਸੀ ਕਿ ਵਿਚਾਰੀ ਪਿਛਲੇ ਦਸ ਦਿਨਾਂ ਤੋਂ ਮੈਨੂੰ ਲਗਾਤਾਰ ਕਹਿ ਰਹੀ ਸੀ ਡਾਕਟਰ ਕੋਲ ਲੈ ਕੇ ਚੱਲੋ ਅਤੇ ਘਰ ਦੇ ਰੁਝੇਵਿਆਂ ਕਾਰਨ ਮੈਂ ਸਮਾਂ ਨਹੀਂ ਕੱਢ ਸਕਿਆ ਸੀ; ਜੇ ਅੱਜ ਸਮਾਂ ਕੱਢਿਆ ਤਾਂ ਡਾਕਟਰ ਨਹੀਂ ਸੀ ਮਿਲਣਾ। ਡਰ ਇਸ ਗੱਲ ਦਾ ਸੀ ਕਿ ਹੁਣ ਇਹ ਜ਼ਰੂਰ ਬੋਲੇਗੀ ਕਿ 'ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਲੈ ਕੇ ਗਿਆ, ਮੈਂ ਕਿੱਦੇਂ ਦੀ ਕਹਿ ਰਹੀ ਸੀ'। ਪਰ ਉਹ ਮਹਾਤਮਾ ਬੁੱਧ ਦੀ ਤਸਵੀਰ ਵਾਂਗ ਚੁੱਪਚਾਪ ਸ਼ਾਂਤੀ ਨਾਲ ਖੜ੍ਹੀ ਰਹੀ। ਉਸ ਦੀ ਇਹ ਸ਼ਾਂਤੀ ਮੈਨੂੰ ਸੱਚਮੁੱਚ ਹੈਰਾਨ ਕਰ ਰਹੀ ਸੀ। ਮੈਂ ਗੱਲ ਨੂੰ ਟਾਲਣ ਅਤੇ ਮਾਹੌਲ ਨੂੰ ਥੋੜ੍ਹਾ ਹਲਕਾ ਬਣਾਉਣ ਦੀ ਇੱਛਾ ਨਾਲ ਹੱਸ ਕੇ ਕਿਹਾ, "ਟੇਲਰ ਨੂੰ ਵੀ ਫੋਨ ਕਰਕੇ ਪੁੱਛ ਕਿਤੇ ਉਹ ਵੀ ਛੁੱਟੀ 'ਤੇ ਨਾ ਹੋਵੇ।" ਉਸ ਨੇ ਮੇਰੀ ਗੱਲ ਸੁਣਦਿਆਂ ਹੀ ਝੱਟ ਦਰਜ਼ੀ ਨੂੰ ਫੋਨ ਮਿਲਾਇਆ।

ਮੇਰੀ ਭਵਿੱਖਬਾਣੀ ਠੀਕ ਨਿਕਲੀ ਅੱਜ ਦਰਜ਼ੀ ਵੀ ਛੁੱਟੀ 'ਤੇ ਸੀ। ਮੇਰੀ ਪਤਨੀ ਨੇ ਫੋਨ ਵਗਾਹ ਮਾਰਿਆ ਤੇ ਗੁੱਸੇ ਨਾਲ ਬੈੱਡ 'ਤੇ ਬੈਠ ਗਈ। ਮੈਨੂੰ ਸੱਚੀਂ ਬੜੀ ਹਮਦਰਦੀ ਹੋ ਰਹੀ ਸੀ ਕਿ ਵਿਚਾਰੀ ਨੇ ਕਾਲਜ ਤੋਂ ਛੁੱਟੀ ਵੀ ਲਈ ਪਰ ਦੋਹਾਂ ਵਿੱਚੋਂ ਕੰਮ ਉਸ ਦਾ ਇੱਕ ਵੀ ਨਹੀਂ ਸੀ ਹੋਇਆ। ਮੈਂ ਉਸ ਦੇ ਮੋਢੇ 'ਤੇ ਹੱਥ ਰੱਖਿਆ ਤੇ ਬੜੀ ਹਲੀਮੀ ਜਹੀ ਨਾਲ ਆਖਿਆ, "ਕੋਈ ਨਾ ਆਪਾਂ ਅਗਲੇ ਸ਼ਨਿਚਰਵਾਰ ਚੱਲਾਂਗੇ। ਮੈਂ ਸਮਝ ਸਕਦਾਂ ਤੈਨੂੰ ਅਫ਼ਸੋਸ ਹੋ ਰਿਹਾ ਹੋਵੇਗਾ ਬਈ ਛੁੱਟੀ ਵੀ ਮਾਰੀ ਤੇ ਡਾਕਟਰ ਤੇ ਟੇਲਰ ਕੋਲ ਵੀ ਨਹੀਂ ਜਾ ਸਕੇ।" ਉਸ ਨੇ ਚੁੱਪੀ ਤੋੜੀ ਤੇ ਸਾਉਣ ਦੇ ਬੱਦਲ ਵਾਂਗੂੰ ਗਰਜ ਕੇ ਬੋਲੀ, "ਅੱਗ ਲੱਗੇ ਡਾਕਟਰ, ਉਹਦਾ ਮੈਨੂੰ ਡੱਕਾ ਅਫ਼ਸੋਸ ਨਹੀਂ। ਅਫ਼ਸੋਸ ਤਾਂ ਇਸ ਗੱਲ ਦਾ ਵੀ ਐ ਟੇਲਰ ਨੇ ਵੀ ਅੱਜ ਹੀ ਕਿਸੇ ਪਾਸੇ ਉੱਜੜਨਾ ਸੀ।" ਬੇਸ਼ੱਕ ਮੇਰੀ ਪਤਨੀ ਬੇਹੱਦ ਅਫ਼ਸੋਸ ਕਰ ਰਹੀ ਪਰ ਮੈਂ ਬੇਹੱਦ ਹੈਰਾਨ ਸੀ।

# ਰੱਬ ਦੀਆਂ ਬਰਕਤਾਂ

ਲੇਖਕ : ਬਰਜਿੰਦਰ ਕੌਰ ਬਿਸਰਾਓ
ਸੰਪਰਕ: 99889-01324

ਬਲਦੇਵ ਘਰ ਦਾ ਵੱਡਾ ਮੁੰਡਾ ਸੀ। ਉਸ ਤੋਂ ਛੋਟੇ ਉਸ ਦੇ ਦੋ ਭਰਾ ਅਤੇ ਇੱਕ ਭੈਣ ਸੀ। ਘਰ ਵੀ ਕੱਚਾ ਜਿਹਾ ਹੀ ਸੀ ਕਿਉਂਕਿ ਘਰ ਦੀ ਆਰਥਿਕ ਹਾਲਤ ਬਹੁਤੀ ਵਧੀਆ ਨਹੀਂ ਸੀ। ਬਲਦੇਵ ਦਸਵੀਂ ਪਾਸ ਕਰਦਿਆਂ ਹੀ ਸ਼ਹਿਰ ਕਿਸੇ ਕੰਪਨੀ ਵਿੱਚ ਥੋੜ੍ਹੀ ਜਿਹੀ ਤਨਖ਼ਾਹ 'ਤੇ ਲਿਖਾ-ਪੜ੍ਹੀ ਦਾ ਕੰਮ ਕਰਨ ਲੱਗਿਆ ਤੇ ਨਾਲ ਹੀ ਉਹ ਪ੍ਰਾਈਵੇਟ ਤੌਰ 'ਤੇ ਅਗਾਂਹ ਪੜ੍ਹਾਈ ਕਰਨ ਲੱਗਿਆ। ਘਰ ਵਿੱਚ ਗ਼ਰੀਬੀ ਦਾ ਅਸਲ ਕਾਰਨ ਉਸ ਦੇ ਪਿਓ ਗੁਰਮੀਤ ਸਿੰਘ ਦਾ ਨਿਕੰਮਾਪਣ ਸੀ ਜੋ ਸਾਰਾ ਦਿਨ ਵਿਹਲੜਾਂ ਵਿੱਚ ਬੈਠ ਕੇ ਲੰਘਾ ਦਿੰਦਾ ਸੀ। ਜ਼ਮੀਨ ਚੰਗੀ ਸੀ ਤਾਂ ਹੀ ਘਰ ਦਾ ਤੋਰੀ ਫੁਲਕਾ ਜ਼ਮੀਨ ਦੇ ਠੇਕੇ ਨਾਲ ਤੁਰੀ ਜਾਂਦਾ ਸੀ। ਸਾਰੇ ਭੈਣ ਭਰਾਵਾਂ ਦੇ ਖਰਚੇ ਵਧ ਰਹੇ ਸਨ ਕਿਉਂਕਿ ਜਿਉਂ ਜਿਉਂ ਸਾਰੇ ਵੱਡੇ ਹੋ ਰਹੇ ਸਨ ਉਨ੍ਹਾਂ ਦੀਆਂ ਜ਼ਰੂਰਤਾਂ ਵੀ ਵੱਡੀਆਂ ਹੋ ਰਹੀਆਂ ਸਨ। ਘਰ ਦੀ ਸਾਰੀ ਜ਼ਿੰਮੇਵਾਰੀ ਬਲਦੇਵ ਨੇ ਛੋਟੀ ਉਮਰ ਵਿੱਚ ਹੀ ਆਪਣੇ ਸਿਰ ਲੈ ਲਈ ਸੀ ਕਿਉਂਕਿ ਉਸ ਨੇ ਬਚਪਨ ਤੋਂ ਬਹੁਤ ਔਖੇ ਦਿਨ ਵੇਖੇ ਸਨ। ਉਸ ਦੇ ਮਨ ਵਿੱਚ ਘਰ ਦੀ ਹਾਲਤ ਸੁਧਾਰਨ ਦੀ ਲਗਨ ਸੀ। ਇਸੇ ਲਈ ਤਾਂ ਉਸ ਨੇ ਛੋਟੀ ਉਮਰੇ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਬਲਦੇਵ ਨੇ ਪੁਰਾਣਾ ਘਰ ਵੇਚ ਕੇ, ਕੁਝ ਪੈਸੇ ਪੱਲਿਓਂ ਪਾ ਕੇ ਤੇ ਕੁਝ ਰਿਸ਼ਤੇਦਾਰਾਂ ਤੋਂ ਉਧਾਰ ਫੜ ਕੇ ਪਿੰਡ ਵਿੱਚ ਹੀ ਪਹਿਲਾਂ ਤਾਂ ਪੱਕਾ ਤੇ ਖੁੱਲ੍ਹਾ-ਡੁੱਲ੍ਹਾ ਘਰ ਖਰੀਦਿਆ। ਫਿਰ ਉਸ ਨੇ ਦੋ ਤਿੰਨ ਸਾਲਾਂ ਵਿੱਚ ਕਰਜ਼ਾ ਮੋੜਿਆ ਤੇ ਨਾਲ ਦੀ ਨਾਲ ਆਪਣੀ ਪੜ੍ਹਾਈ ਪੂਰੀ ਕੀਤੀ। ਇਸੇ ਤਰ੍ਹਾਂ ਹੱਥ-ਪੱਲੇ ਮਾਰਦੇ ਦੀ ਪਰਮਾਤਮਾ ਨੇ ਸੁਣ ਲਈ ਤੇ ਉਸ ਨੂੰ ਸਰਕਾਰੀ ਨੌਕਰੀ ਵੀ ਮਿਲ ਗਈ।

ਬਲਦੇਵ ਦੇ ਮਿਹਨਤੀ ਹੋਣ ਕਰਕੇ ਸ਼ਰੀਕੇ ਵਿੱਚੋਂ ਹੀ ਕਿਸੇ ਨੇ ਉਸ ਨੂੰ ਪੜ੍ਹੀ ਲਿਖੀ ਕੁੜੀ ਦਾ ਰਿਸ਼ਤਾ ਕਰਵਾ ਦਿੱਤਾ। ਜਿਉਂ ਹੀ ਵਿਆਹ ਹੋਇਆ ਤਾਂ ਹਾਲੇ ਦਸ ਦਿਨ ਵੀ ਨਹੀਂ ਨਿਕਲੇ ਸਨ ਕਿ ਬਲਦੇਵ ਦੀ ਭੈਣ ਅਤੇ ਮਾਂ ਨੇ ਉਸ ਦੀ ਵਹੁਟੀ ਨਾਲ ਵਿਆਹ ਵਿੱਚ ਲੈਣ-ਦੇਣ ਨੂੰ ਲੈ ਕੇ ਲੜਨਾ ਝਗੜਨਾ ਸ਼ੁਰੂ ਕਰ ਦਿੱਤਾ। ਬਲਦੇਵ ਨੇ ਮਜਬੂਰੀ ਵਿੱਚ ਘਰਦਿਆਂ ਤੋਂ ਅੱਡ ਹੋ ਕੇ ਸ਼ਹਿਰ ਆਪਣੀ ਨੌਕਰੀ ਵਾਲੀ ਥਾਂ ਦੇ ਨੇੜੇ ਘਰ ਲੈ ਕੇ ਆਪਣੇ ਪਰਿਵਾਰ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਘਰ ਦੀਆਂ ਔਰਤਾਂ ਦੀ ਆਪਸ ਵਿੱਚ ਚਾਹੇ ਬਣਦੀ ਨਹੀਂ ਸੀ ਪਰ ਉਹ ਆਪ ਘਰ ਦੇ ਸਾਰੇ ਕੰਮ ਮੂਹਰੇ ਹੋ ਕੇ ਕਰਦਾ ਰਿਹਾ। ਛੋਟੀ ਭੈਣ ਲਈ ਮੁੰਡਾ ਲੱਭ ਕੇ ਵਿਆਹ ਕੀਤਾ, ਸਾਰਾ ਕੁਝ ਆਪ ਮੂਹਰੇ ਹੋ ਕੇ ਕੀਤਾ। ਜਦੋਂ ਤੋਂ ਬਲਦੇਵ ਨੇ ਆਪਣੀ ਪਤਨੀ ਨਾਲ ਸ਼ਹਿਰ ਰਹਿਣਾ ਸ਼ੁਰੂ ਕੀਤਾ ਸੀ ਉਸ ਦੇ ਪਿਤਾ ਗੁਰਮੀਤ ਸਿੰਘ ਨੇ ਤਾਂ ਉਸ ਨੂੰ ਆਪਣਾ ਦੁਸ਼ਮਣ ਹੀ ਮੰਨ ਲਿਆ ਸੀ। ਫਿਰ ਵੀ ਬਲਦੇਵ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਨਹੀਂ ਭੱਜਿਆ। ਉਸ ਨੇ ਛੋਟੇ ਭਰਾਵਾਂ ਨੂੰ ਦਸ ਦਸ ਪੜ੍ਹਨ ਤੋਂ ਬਾਅਦ ਹੋਰ ਨਾ ਪੜ੍ਹਦੇ ਵੇਖ ਕੇ ਅਤੇ ਗ਼ਲਤ ਸੰਗਤ ਵਿੱਚ ਪੈਂਦੇ ਵੇਖ ਕੇ ਕਿਤੇ ਨਾ ਕਿਤੇ ਕਹਿ ਸੁਣ ਕੇ ਨੌਕਰੀਆਂ 'ਤੇ ਲਗਵਾਇਆ, ਉਨ੍ਹਾਂ ਦੇ ਵਿਆਹਾਂ ਦੇ ਕਾਰਜ ਆਪ ਮੂਹਰੇ ਹੋ ਕੇ ਨਿਬੇੜੇ।

ਘਰ ਦਾ ਵੱਡਾ ਮੁੰਡਾ ਲਾਇਕ ਸੀ ਤਾਂ ਹੀ ਪੰਜਾਂ ਸੱਤਾਂ ਸਾਲਾਂ ਵਿੱਚ ਘਰ ਦਾ ਹੁਲੀਆ ਹੀ ਬਦਲ ਗਿਆ ਪਰ ਗੁਰਮੀਤ ਸਿੰਘ ਦਾ ਸਾਰਾ ਝੁਕਾਅ ਆਪਣੇ ਦੋਵੇਂ ਛੋਟੇ ਮੁੰਡਿਆਂ ਵੱਲ ਸੀ। ਉਸ ਨੇ ਬਲਦੇਵ ਤੋਂ ਚੋਰੀ ਚੋਰੀ ਪਿੰਡ ਵਾਲਾ ਘਰ ਉਨ੍ਹਾਂ ਦੋਵਾਂ ਦੇ ਨਾਂ ਕਰਵਾ ਦਿੱਤਾ। ਬਲਦੇਵ ਤੇ ਉਸ ਦੀ ਪਤਨੀ ਦੋਵੇਂ ਸਰਕਾਰੀ ਨੌਕਰੀ ਕਰਦੇ ਸਨ। ਉਨ੍ਹਾਂ ਨੇ ਸ਼ਹਿਰ ਵਿੱਚ ਹੀ ਆਪਣਾ ਵਧੀਆ ਘਰ ਬਣਾ ਲਿਆ ਸੀ। ਦੋਵਾਂ ਦੀ ਕਮਾਈ ਚੰਗੀ ਸੀ ਜਿਸ ਕਰਕੇ ਉਨ੍ਹਾਂ ਨੂੰ ਕੋਈ ਕਮੀ ਨਹੀਂ ਸੀ। ਗੁਰਮੀਤ ਸਿੰਘ ਦੀਆਂ ਛੋਟੀਆਂ ਨੂੰਹਾਂ ਸਕੀਆਂ ਭੈਣਾਂ ਸਨ ਤੇ ਅੱਠ ਅੱਠ ਪੜ੍ਹੀਆਂ ਹੋਣ ਕਰਕੇ ਆਪਣੀ ਪੜ੍ਹੀ ਲਿਖੀ ਜਠਾਣੀ ਤੋਂ ਬਹੁਤ ਸੜਦੀਆਂ ਰਹਿੰਦੀਆਂ ਸਨ। ਸਾੜੇ ਸਾੜੇ ਵਿੱਚ ਹੀ ਉਸ ਦੇ ਖਿਲਾਫ਼ ਉਹ ਆਪਣੇ ਸੱਸ ਸਹੁਰੇ ਦੇ ਕੰਨ ਭਰਦੀਆਂ ਰਹਿੰਦੀਆਂ। ਗੁਰਮੀਤ ਸਿੰਘ ਤੋਂ ਬਲਦੇਵ ਨਾਲ ਜੋ ਧੱਕਾ ਹੋ ਸਕਦਾ ਸੀ, ਉਸ ਨੇ ਕੀਤਾ। ਜ਼ਮੀਨ ਦੇ ਬਟਵਾਰੇ ਵਿੱਚ ਵੀ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਹਿੱਸਾ ਇੱਕ ਪਾਸੇ ਰੱਖ ਕੇ ਉਸ ਨੂੰ ਛੇਵਾਂ ਹਿੱਸਾ ਹੀ ਦਿੱਤਾ ਤੇ ਬਾਕੀ ਦਾ ਹਿੱਸਾ ਦੋਵੇਂ ਛੋਟੇ ਮੁੰਡਿਆਂ ਵਿੱਚ ਵੰਡ ਦਿੱਤਾ। ਬਲਦੇਵ ਨਾਲ ਇੰਨਾ ਧੱਕਾ ਹੋਇਆ ਪਰ ਉਸ ਨੇ ਕੋਈ ਕਿੰਤੂ-ਪ੍ਰੰਤੂ ਨਾ ਕੀਤਾ ਕਿਉਂਕਿ ਉਸ ਨੂੰ ਆਪਣੀ ਅਤੇ ਆਪਣੀ ਪਤਨੀ ਦੀ ਮਿਹਨਤ 'ਤੇ ਪੂਰਾ ਭਰੋਸਾ ਸੀ।

ਵਕਤ ਬੀਤਦਾ ਗਿਆ। ਬਲਦੇਵ ਆਪਣੇ ਫ਼ਰਜ਼ ਨਿਭਾਉਂਦਾ ਰਿਹਾ। ਬਲਦੇਵ ਦੇ ਦੋ ਪੁੱਤਰ ਸਨ ਜੋ ਬਹੁਤ ਲਾਇਕ ਸਨ ਤੇ ਵਧੀਆ ਪੜ੍ਹਾਈ ਕਰਕੇ ਵਿਦੇਸ਼ਾਂ ਵਿੱਚ ਜਾ ਵਸੇ। ਉਨ੍ਹਾਂ ਦੇ ਚੰਗੇ ਖਾਨਦਾਨਾਂ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨਾਲ ਵਿਆਹ ਹੋ ਗਏ ਸਨ। ਕਦੇ ਤਾਂ ਬੁਢਾਪਾ ਬੰਦੇ ਨੂੰ ਆਪਣਾ ਜ਼ੋਰ ਵਿਖਾਉਂਦਾ ਹੀ ਹੈ। ਗੁਰਮੀਤ ਸਿੰਘ ਤੇ ਉਸ ਦੀ ਪਤਨੀ ਬੁਢਾਪੇ ਕਾਰਨ ਕਮਜ਼ੋਰ ਹੋ ਰਹੇ ਸਨ। ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੇ ਘੇਰਾ ਪਾ ਲਿਆ ਸੀ। ਛੋਟੇ ਦੋਵੇਂ ਮੁੰਡਿਆਂ ਦੀ ਔਲਾਦ ਨਾਲਾਇਕ ਨਿਕਲੀ। ਉਨ੍ਹਾਂ ਦੇ ਇੱਕ ਇੱਕ ਪੁੱਤਰ ਸੀ ਜੋ ਨਸ਼ਿਆਂ ਦੇ ਆਦੀ ਹੋ ਚੁੱਕੇ ਸਨ। ਉਨ੍ਹਾਂ ਨੂੰ ਬੁੱਢੇ ਮਾਂ ਬਾਪ ਹੁਣ ਬੋਝ ਲੱਗਦੇ ਸਨ ਤੇ ਬਲਦੇਵ ਤੋਂ ਵੱਧ ਜ਼ਮੀਨ ਲੈ ਕੇ ਵੀ ਉਨ੍ਹਾਂ ਪੱਲੇ ਗ਼ਰੀਬੀ ਤੇ ਬੇਈਮਾਨੀ ਹੀ ਰਹੀ। ਉਨ੍ਹਾਂ ਤੋਂ ਬਲਦੇਵ ਦੇ ਬੱਚਿਆਂ ਦੀ ਤਰੱਕੀ ਬਰਦਾਸ਼ਤ ਨਾ ਹੁੰਦੀ ਤੇ ਬੁੱਢੇ ਮਾਪਿਆਂ ਨੂੰ ਹਰ ਵੇਲੇ ਠੋਕਰਾਂ ਮਾਰਦੇ ਕਿ ਉਹ ਜਾ ਕੇ ਵੱਡੇ ਕੋਲ ਰਹਿਣ, ਇਨ੍ਹਾਂ ਦੇ ਕਿਉਂ ਦੱਦ ਲੱਗੇ ਹੋਏ ਹਨ। ਗੁਰਮੀਤ ਸਿੰਘ ਉੱਤੇ ਉਨ੍ਹਾਂ ਦੇ ਕੌੜੇ ਬੋਲਾਂ ਨੇ ਇੰਨਾ ਅਸਰ ਕੀਤਾ ਕਿ ਉਸ ਨੇ ਮੰਜਾ ਹੀ ਫੜ ਲਿਆ ਤੇ ਆਪਣੀ ਸਾਂਭ ਸੰਭਾਲ ਜੋਗਾ ਵੀ ਨਾ ਰਿਹਾ। ਇਸ ਵਾਰ ਵੀ ਬਲਦੇਵ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਿਆ। ਉਸ ਨੇ ਆਪਣੇ ਮਾਂ ਬਾਪ ਦੀ ਆਖਰੀ ਸਮੇਂ ਦੀ ਸਾਂਭ ਸੰਭਾਲ ਤੋਂ ਲੈ ਕੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਤੱਕ ਦੀ ਸਾਰੀ ਜ਼ਿੰਮੇਵਾਰੀ ਨਿਭਾਈ। ਜਿਨ੍ਹਾਂ ਖ਼ਾਤਰ ਗੁਰਮੀਤ ਸਿੰਘ ਨੇ ਉਸ ਨਾਲ ਕਾਣੀ ਵੰਡ ਕੀਤੀ ਸੀ ਉਨ੍ਹਾਂ ਨੇ ਸਾਰੀ ਜ਼ਮੀਨ ਉਸ ਦੇ ਜਿਉਂਦੇ ਜੀਅ ਹੀ ਵੇਚ ਕੇ ਖਾ ਲਈ ਸੀ ਤੇ ਉਨ੍ਹਾਂ ਦੀਆਂ ਔਲਾਦਾਂ ਬੁਰੀ ਸੰਗਤ ਵਿੱਚ ਪੈ ਕੇ ਵਿਹਲੀਆਂ, ਨਿਕੰਮੀਆਂ ਤੇ ਨਸ਼ੇੜੀ ਨਿਕਲ ਗਈਆਂ ਸਨ। ਬਲਦੇਵ ਵੱਡੀ ਸਾਰੀ ਕਾਰ ਵਿੱਚ ਆਪਣੀ ਔਲਾਦ ਨਾਲ ਕਦੇ ਕਦੇ ਆਪਣੀ ਜ਼ਮੀਨ ਵੇਖਣ ਪਿੰਡ ਆਉਂਦਾ ਤਾਂ ਸੱਥ ਵਿੱਚ ਬਜ਼ੁਰਗ ਉਸ ਦੀ ਸਾਫ਼ ਨੀਅਤ ਦੀਆਂ ਗੱਲਾਂ ਕਰਦੇ ਤੇ ਆਪਣੀਆਂ ਔਲਾਦਾਂ ਨੂੰ ਉਸ ਨੂੰ ਰੱਬ ਵੱਲੋਂ ਮਿਲੀਆਂ ਬਰਕਤਾਂ ਦੀਆਂ ਮਿਸਾਲਾਂ ਦਿੰਦੇ।

# ਕਾਵਿ ਕਿਆਰੀ

## ਬੋਲ ਪੰਜਾਬੀ

ਲੋਕੋ ਵੇ! ਕਿਉ ਭੁੱਲਦੇ ਜਾਉਪੰਜਾਬੀ?
ਲੋਕੋ ਵੇ! ਕਿਉਂ ਛੱਡਦੇ ਜਾਉ ਪੰਜਾਬੀ?
ਤੁਸੀ ਪੰਜਾਬੀ ਤੁਹਾਡੀ ਕੁਲ ਪੰਜਾਬੀ।
ਆਉਣ ਵਾਲੀਤਾਰੀਖ ਹੈ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਕੱਖਾਂ ਵਾਂਗ ਨਾ ਰੋਲੋ ਇਸ ਨੂੰ।
ਗੈਰਤ ਮੰਦੋ ਤੁਸੀ ਬੋਲੋ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਦਰ-ਦਰ ਤੇ ਕਿਉ ਧੱਕੇ ਪਏ ਖਾਉ।
ਰੂਹ ਦੇਜਦ ਹੈ ਕੋਲ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਚੜ੍ਹਦੇ-ਲਹਿੰਦੇ,ਪੂਰਬੋ-ਪੱਛਮ।
ਦੁਨੀਆਂ ਚੱਕਰ ਗੋਲ ਪੰਜਾਬੀ।
ਲੋਕੋ ਵੇ! ਕਿਉਂ ਭੁੱਲਦੇ ਜਾਉ ਪੰਜਾਬੀ?
ਮਾਂ ਬੋਲੀ ਹੈ ਸਭ ਨਾਲੋਂ ਉੱਤਮ।
ਖੋਲ੍ਹਣ ਲੇਖਕ ਪੋਲ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਉੱਚਾ ਇਹਦਾ ਨਾਂ ਅਸੀਂ ਕਰਕੇ।
ਵਜਾਈਏ ਖੁਸ਼ੀ ਦੇ ਢੋਲ ਪੰਜਾਬੀ।
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?
ਸਭ ਬੋਲੀਆਂ ਹੀ ਵਧੀਆ ਭਾਵੇਂ।
'ਬੁੱਟਰ' ਹੈ ਅਨਮੋਲ ਪੰਜਾਬੀ
ਲੋਕੋ ਵੇ! ਕਿਉ ਭੁੱਲਦੇ ਜਾਉ ਪੰਜਾਬੀ?

**ਡਾ: ਸਤਿੰਦਰਜੀਤ ਕੌਰ ਬੁੱਟਰ**

## ਦਲ ਬਦਲੂਆਂ ਦੀ ਰੁੱਤ

ਦਲ ਬਦਲੂਆਂ ਦੀ ਰੁੱਤ ਹੈ ਆਈ।
ਜਾਣ ਲੋਕਾਂ ਨੂੰ ਮੂਰਖ ਬਣਾਈ।

ਕੀਤੇ ਕੌਲ ਕਰਾਰ ਸਭ ਭੁੱਲੇ,
ਦੌੜੀ ਜਾਂਦੇ ਪਹਿਲੇ ਬੁੱਲੇ,

ਦਿਨੇ ਚੈਨ ਰਾਤੀਂ ਨੀਂਦ ਨਾ ਆਵੇ,
ਡਰ ਈਡੀ ਦਾ ਜਾਵੇ ਸਤਾਈ।

ਦਲ ਬਦਲੂਆਂ ਦੀ ਰੁੱਤ ਹੈ ਆਈ।
ਜਾਣ ਲੋਕਾਂ ਨੂੰ ਮੂਰਖ ਬਣਾਈ।

ਵੱਡੇ ਦਿੱਗਜ ਲੀਡਰ ਢਹਿ ਗਏ,
ਮਾਂ ਪਾਰਟੀ ਨੂੰ ਅਲਵਿਦਾ ਕਹਿ ਗਏ,

ਅੱਗੇ ਪਿੱਛੇ ਜਾਣਗੇ ਦੌੜੇ,
ਜਿਹਦੀ ਜਿਹਦੀ ਰੇਲ ਬਣਾਈ।

ਦਲ ਬਦਲੂਆਂ ਦੀ ਰੁੱਤ ਹੈ ਆਈ।
ਜਾਣ ਲੋਕਾਂ ਨੂੰ ਮੂਰਖ ਬਣਾਈ।

ਵਿਕਦਾ ਰਿਹਾ ਜੇ ਇੰਝ ਹੀ ਲਾਣਾ,
ਲੋਕਤੰਤਰ ਨੇ ਮਰ ਮੁੱਕ ਜਾਣਾ,

ਲੁੱਟੀ ਜਾਂਦੇ ਦੇਸ਼ ਨੂੰ ਰਲ ਕੇ,
ਇਨ੍ਹਾਂ ਜਨਤਾ ਸੁੱਕਣੇ ਪਾਈ।

ਦਲ ਬਦਲੂਆਂ ਦੀ ਰੁੱਤ ਹੈ ਆਈ।
ਜਾਣ ਲੋਕਾਂ ਨੂੰ ਮੂਰਖ ਬਣਾਈ।

ਸੋਚ ਸਮਝ ਸਭ ਵੋਟਾਂ ਪਾਈਏ,
ਦਲ ਬਦਲੂਆਂ ਨੂੰ ਮੂੰਹ ਨਾ ਲਾਈਏ,

'ਪਸਨਾਵਾਲੀਆ' ਇਹ ਕਰਦੇ ਧੋਖਾ,
ਹਰ ਵਾਰੀ ਜਦ ਚੋਣ ਹੈ ਆਈ।

ਦਲ ਬਦਲੂਆਂ ਦੀ ਰੁੱਤ ਹੈ ਆਈ।
ਜਾਣ ਲੋਕਾਂ ਨੂੰ ਮੂਰਖ ਬਣਾਈ।

**ਲੇਖਕ : ਸੁੱਚਾ ਸਿੰਘ ਪਸਨਾਵਾਲ**
**ਸੰਪਰਕ:** 99150-33740

## ਪੰਜਾਬ ਨੂੰ

ਓ ਕੁਦਰਤ ਦੇ ਸ਼ਿੰਗਾਰਿਆ,
ਓ ਮੇਰੇ ਦੇਸ ਪਿਆਰਿਆ।
ਹੇ ਰਿਸ਼ੀ ਬਣਾਉਣ ਵਾਲਿਆ,
ਹੇ ਵੇਦ ਰਚਾਉਣ ਵਾਲਿਆ!
ਹੈ ਮਿੱਠੇ ਸਾਦ ਮੁਰਾਦਿਆ,
ਮਨਮੋਹਨੇ ਸੁੱਧ ਸੁਭਾ ਦਿਆ।
ਪੰਜ ਵਹਿਣ ਵਗਾਵਣ ਵਾਲਿਆ।
ਦਸ ਗੁਰੂ ਖਿਡਾਵਣ ਵਾਲਿਆ।
ਪਾਪਾਂ ਨੂੰ ਮਾਰ ਮੁਕਾਇਆ,
ਹੱਕ ਖ਼ਾਤਰ ਜਿੰਦ ਲੁਟਾਇਆ।
ਹੇ ਭਾਰਤ ਦੇ ਮੂੰਹ ਮੱਥਿਆ,
ਅਣਖੀ ਤੀਰਾਂ ਦੇ ਭੱਥਿਆ।
ਹੇ ਖੁਲ੍ਹਾਂ ਦੇ ਮਤਵਾਲਿਆ,
ਸਭਰਾਂਵਾਂ ਛਿਲੀਆਂ ਵਾਲਿਆ।
ਹੇ ਪ੍ਰੇਮ ਝਨਾਂ ਦਿਆ ਮਾਲਕਾ,
ਹੇ ਰਾਂਝਣ ਦਿਆ ਪਾਲਕਾ।
ਕੋਮਲ ਹੁਨਰਾਂ ਦਿਆ ਬਾਦਸ਼ਾਹ,
ਹੇ ਵਾਰਸ ਦਿਆ ਵਾਰਸਾ।
ਹੇ ਚੰਨਾ ਸ਼ਾਹ ਚਾਤਾਂ ਦਿਆ।
ਹੇ ਇੰਦਰਾ ਬਰਸਾਤ ਦਿਆਂ ।
ਹੇ ਘਟਾ ਝੁਲਾਉਣ ਵਾਲਿਆ,
ਕੂਲ੍ਹਾਂ ਲਹਿਰਾਉਣ ਵਾਲਿਆ।
ਹੇ ਮੋਰ ਨਚਾਵਣ ਵਾਲਿਆ,
ਪੰਛੀ ਪਰਚਾਵਣ ਵਾਲਿਆ।
ਕਿਰਸਾਨਾਂ ਦਿਆ ਸਹਾਰਿਆ।
ਉੱਚੇ ਇਕਬਾਲ ਪਿਆਰਿਆ।
ਮੈਂ ਇਕੋ ਗੱਲ ਹਾਂ ਭਾਲਦਾ,
ਮਹਿਰਮ ਕਰ ਆਪਣੇ ਹਾਲ ਦਾ ।

**ਲੇਖਕ : ਹਰਿੰਦਰ ਸਿੰਘ ਰੂਪ**

## ਗ਼ਜ਼ਲ

ਸਾਡੇ ਦਿਲ ਵਿੱਚ ਸ਼ੋਰ ਬਾਕੀ ਰਹਿ ਗਿਆ।
ਬੇਵਫ਼ਾ ਹੋ ਕੇ ਉਹ ਅਲਵਿਦਾ ਕਹਿ ਗਿਆ।
ਨਾ ਮਿਲੀਆਂ ਸਾਡੇ ਹਿੱਸੇ ਦੀਆਂ ਰੌਸ਼ਨੀਆਂ,
ਕੋਈ ਹਨੇਰਿਆਂ ਦਾ ਹੋ ਕੇ ਬਹਿ ਗਿਆ।
ਪੱਥਰਾਂ ਅੱਗੇ ਉਸ ਦੀ ਇੱਕ ਵੀ ਨਾ ਚੱਲੀ,
ਸ਼ੀਸ਼ਾ ਤਿੜਕ ਕੇ ਸਭ ਕੁਝ ਸਹਿ ਗਿਆ।
ਸ਼ਾਹਾਂ ਨੇ ਜਦ ਕੀਤੀਆਂ ਦੀਵਾਰਾਂ ਉੱਚੀਆਂ,
ਸੱਧਰਾਂ ਦਾ ਮਹਿਲ ਸਾਡਾ ਢਹਿ ਗਿਆ।
ਸਾਥੋਂ ਦੂਰ ਹੋ ਕੇ ਬੜਾ ਖ਼ੁਸ਼ ਜਿਹਾ ਲੱਗਦਾ ਹੈ,
ਜਿਵੇਂ ਕੋਈ ਬੋਝ ਦਿਲ ਤੋਂ ਲਹਿ ਗਿਆ।

**ਲੇਖਕ : ਰਾਕੇਸ਼ ਕੁਮਾਰ**
**ਸੰਪਰਕ:** 94630-24455

## ਦਰ-ਦਰਵਾਜ਼ੇ

ਤੁਹਾਡੇ ਖ਼ਿਆਲ
ਇੰਨੇ ਵੀ ਅਵਾਰਾ ਨਾ ਹੋਣ
ਕਿ ਉਹ ਬੰਦ ਗਲੀ ਦੇ
ਬੰਦ ਦਰਵਾਜ਼ਿਆਂ 'ਤੇ
ਹੀ ਟੱਕਰਾਂ ਮਾਰੀ ਜਾਣ...
ਬਹੁਤੀ ਦੇਰ ਬੰਦ ਰਹਿਣ ਵਾਲੇ
ਦਰਵਾਜ਼ਿਆਂ ਪਿੱਛੇ
ਸੋਚਾਂ ਵੀ ਅਕਸਰ
ਬੌਣੀਆਂ ਰਹਿ ਜਾਂਦੀਆਂ,
ਪਰਾਂ ਨੂੰ ਮੌਲਣ-ਵਿਗਸਣ ਲਈ
ਅੰਬਰ ਨਹੀਂ ਮਿਲਦੇ...
ਖੁੱਲ੍ਹੇ ਦਰਵਾਜ਼ਿਆਂ
ਅਤੇ ਖੁੱਲ੍ਹੀਆਂ ਗਲੀਆਂ
'ਚ ਅਕਸਰ ਨਵੀਨਤਾ
ਅਤੇ ਤਾਜ਼ੀ ਹਵਾ ਆਉਂਦੀ ਰਹਿੰਦੀ ਹੈ...
ਸੋਚਾਂ ਅੰਦਰ ਤਾਜ਼ਗੀ ਭਰਦੀ
ਵਕਤ-
ਮੁਹੱਬਤੀ ਛਾਤੀਆਂ ਮਾਰਦਾ
ਖ਼ਿਆਲ ਉੱਚੇ ਕਰੀਏ
ਅੰਬਰਾਂ ਨੂੰ ਵੀ ਟਾਕੀਆਂ
ਆਪੇ ਹੀ ਲੱਗ ਹੀ ਜਾਣਗੀਆਂ...!

**ਲੇਖਕ : ਕੁਲਵਿੰਦਰ ਵਿਰਕ**
**ਸੰਪਰਕ:** 73470-94800

## ਦਲ ਬਦਲੂ

ਵੰਨ ਸਵੰਨੇ ਚੌਧਰੀ ਹੋ 'ਕੱਠੇ,
ਬਿਨਾਂ ਗੱਲ ਤੋਂ ਪਾਈ ਫ਼ਤੂਰ ਗਏ।
ਵੇਂਹਦੇ ਰਹਿ ਗਏ ਖੜ੍ਹੇ ਪੱਤਣਾਂ 'ਤੇ,
ਸਾਥੀ ਝਾੜੂ ਦੇ ਲੰਘ ਦੂਰ ਗਏ।

ਰਹੀ ਗੱਲ ਨਾ ਕਿਸੇ ਦੇ ਵੱਸ ਉਦੋਂ,
ਦਾਣੇ ਪੱਕ ਕੇ ਮਾਰ ਢੰਗੂਰ ਗਏ
ਡਿੱਗਦੇ ਢਹਿੰਦਿਆਂ ਖੱਬਾ ਵੇਖ ਸੱਜਾ,
ਰਲ ਚਿੱਟਿਆਂ 'ਚ ਹੋ ਭਰਪੂਰ ਗਏ।

ਡੰਗੇ ਸੱਪ ਦੇ ਡਰਨ ਰੱਸੀਆਂ ਤੋਂ,
ਡਰਦੇ ਹਾਰ ਤੋਂ ਹੋ ਚਕਨਾ ਚੂਰ ਗਏ।
ਬਾਣਾ ਬਦਲ ਸਿਆਸੀ ਲਿਆ ਭਾਵੇਂ,
ਟਪੂਸੀਆਂ ਮਾਰਨੇ ਬਣ ਲੰਗੂਰ ਗਏ।

ਮੇਲੇ ਵੇਖ ਵੇਖ ਚੋਂਦੇ ਮੱਸਿਆ ਦੇ,
ਆਖਰ ਪੰਜੇ ਦੀ ਫੱਕ ਧੂੜ ਗਏ।
ਗੁੱਝੀ ਰਹੀ ਨਾ ਕਿਸੇ ਤੋਂ ਗੱਲ 'ਭਗਤਾ',
ਨਿੱਕਲ ਚੁੱਲ੍ਹਿਉਂ ਫਸ ਵਿੱਚ ਤੰਦੂਰ ਗਏ।

**ਲੇਖਕ : ਬਰਾੜ-ਭਗਤਾ ਭਾਈ ਕਾ**
1-604-751-1113

## ਗ਼ਜ਼ਲ

ਜੇਕਰ ਏਥੇ ਭੁੱਖੇ ਮਰਦੇ ਨਾ ਪਰਿੰਦੇ
ਫੇਰ ਉਡਾਰੀ ਲੰਬੀ ਭਰਦੇ ਨਾ ਪਰਿੰਦੇ।
ਜਾਲ ਉਡਾ ਲੈ ਜਾਂਦੇ, ਤੂੰ ਸੁਣਿਆ ਹੋਣਾ
ਏਕਾ ਕਰ ਲੈਂਦੇ ਜਦ ਹਰਦੇ ਨਾ ਪਰਿੰਦੇ।
ਸੱਪਾਂ ਨੂੰ ਖੁੱਡਾਂ ਵਿੱਚ ਫਿਰ ਵੜਨਾ ਪੈਂਦਾ
ਆਈ ਉੱਤੇ ਆਏ ਡਰਦੇ ਨਾ ਪਰਿੰਦੇ।
ਸਮਝ ਜ਼ਮਾਨੇ ਨੂੰ ਜੇ ਇਹ ਪੂਰਾ ਜਾਂਦੇ
ਤੀਲ੍ਹਾਂ ਉੱਤੇ ਅੰਡੇ ਧਰਦੇ ਨਾ ਪਰਿੰਦੇ।
ਖੰਭਾਂ ਦਾ ਹੰਕਾਰ ਜ਼ਰਾ ਵੀ ਜੇ ਕਰਦੇ
ਇਹ ਤੁਰਦੇ ਨਾ ਪਰਿੰਦੇ, ਤਰਦੇ ਨਾ ਪਰਿੰਦੇ।
ਜੇ ਕਰ ਲੈਂਦੇ, ਫਿਰ ਉਸ ਦੇ ਹੋ ਜਾਂਦੇ ਨੇ
ਛੇਤੀ ਵਿਸ਼ਵਾਸ ਕਦੇ ਕਰਦੇ ਨਾ ਪਰਿੰਦੇ।
ਸ਼ਾਂਤ ਚਾਰ ਚੁਫ਼ੇਰਾ ਹਰ ਵੇਲੇ ਚਾਹੁੰਦੇ
ਖੜਕਾ ਦੜਕਾ ਬਹੁਤਾ ਜਰਦੇ ਨਾ ਪਰਿੰਦੇ।

**ਲੇਖਕ : ਜਗਜੀਤ ਗੁਰਮ**
**ਸੰਪਰਕ:** 99152-64836

## ਗ਼ਜ਼ਲ

ਜਿਨ੍ਹਾਂ ਨੇ ਮਿਹਨਤ ਮੁਸ਼ੱਕਤ ਕੀਤੀ,
ਉਨ੍ਹਾਂ ਨੇ ਹੀ ਪਾ ਲਿਆ ਮੰਜ਼ਿਲਾਂ ਨੂੰ।
ਜਿਨ੍ਹਾਂ ਬਹਿ ਬੱਸ ਗੱਲੀਂ ਟੇਕ ਰੱਖੀ,
ਉਹ ਤੁਰ ਗਏ ਨੇ ਸਭ ਜੰਗਲਾਂ ਨੂੰ।

ਮੋਹ ਮੁਹਬੱਤ ਦੇ ਦੀਵੇ ਬਾਲ ਕੇ ਜਿਨ੍ਹਾਂ,
ਅੱਖੀਆਂ ਪਿਆਰ ਨਾਲ ਭਰ ਲਈਆਂ।
ਉਹ ਕਦ ਵਲਗਣ ਦੇ ਕੈਦੀ ਨੇ ਬਣਦੇ,
ਦੇਰ ਨਾ ਲਾਈ ਤੋੜਣ ਲਈ ਸੰਗਲਾਂ ਨੂੰ।

ਜਿਹੜੇ ਪਾਂਧੀ ਬਣ ਕੇ ਤੁਰ ਪਏ ਨੇ,
ਬਿਖੜੇ ਪੈਂਡੇ, ਰਾਹੀ ਵਾਟਾਂ ਲੰਬੀਆਂ ਦੇ।
ਉਨ੍ਹਾਂ ਨੇ ਕਦੇ ਵੀ ਨ੍ਹੀਂ ਰੋੜਾ ਮੰਨਿਆ,
ਤਿੱਥ ਤਿਉਹਾਰਾਂ ਅਤੇ ਮੰਗਲਾਂ ਨੂੰ।

'ਬੁੱਕਣਵਾਲ' ਕੁਝ ਕਰ ਲੈ ਤਹੱਈਆ,
ਕੁਝ ਇੱਥੇ ਹੀ ਚੰਗਾ ਕਰ ਜਾਵਣ ਦਾ।
ਹੱਥਾਂ ਦੇ ਅੱਟਣਾਂ ਨੂੰ ਸਮਝੇ ਕੋਈ ਕੋਈ,
ਲੋਕੀ ਤਾਂ ਹੱਥ ਪਾਉਂਦੇ ਨੇ ਗੰਦਲਾਂ ਨੂੰ।

**ਨਾਇਬ ਬੁੱਕਣਵਾਲ**
**ਸੰਪਰਕ:** 94176-61708

## ਦੇਸਾਂ ਵਾਲਿਓ

ਦੇਸਾਂ ਵਾਲਿਓ ਅਪਣੇ ਦੇਸ ਅੰਦਰ,
ਅਸੀਂ ਆਏ ਆਂ ਵਾਂਗ ਪਰਦੇਸੀਆਂ ਦੇ।
ਘਰਾਂ ਵਾਲਿਓ ਅਪਣੇ ਘਰ ਅੰਦਰ,
ਅਸੀਂ ਆਏ ਆਂ ਵਾਂਗ ਪਰਾਹੁਣਿਆਂ ਦੇ।

ਦਿਲਾਂ ਵਾਲਿਓ ਦਿਲਾਂ ਦੇ ਬੰਨ੍ਹ ਟੁੱਟ ਗਏ,
ਠਾਠਾਂ ਮਾਰਦੇ ਨੇ ਹੜ੍ਹ ਸੱਧਰਾਂ ਦੇ।
ਕਿਸੇ ਬੰਨ੍ਹ ਦੇ ਕੱਲੜੇ ਰੁੱਖ ਵਾਂਙੂੰ,
ਧੁੱਪਾਂ ਛਾਵਾਂ ਦੇ ਭਾਰ ਨਾਲ ਡੋਲਨਾ ਵਾਂ।

ਅਪਣੀ ਮਾਂ ਦੀ ਕਬਰ ਨੂੰ ਲੱਭਨਾ ਵਾਂ,
ਭੈਣਾਂ ਭਰਾਵਾਂ ਦੀਆਂ ਹੱਡੀਆਂ ਟੋਲ੍ਹਨਾ ਵਾਂ।
ਤੁਸੀਂ ਦੇਸ਼ ਵਾਲੇ , ਤੁਸੀਂ ਘਰਾਂ ਵਾਲੇ ,
ਅਸੀਂ ਬੇਘਰੇ , ਅਸੀਂ ਪਰਦੇਸੀ ।

ਤੁਸੀਂ ਹੱਸ ਕੇ ਸੀਨੇ ਨਾਲ ਲਾ ਲੀਤਾ,
ਅਸਾਂ ਰੋ ਕੇ ਅੱਖ ਪਰਚਾ ਲੀਤੀ।
ਤਾਰੇ ਬੁਝੇ ਹੋਏ ਫੇਰ ਇਕ ਵਾਰ ਚਮਕੇ ,
ਜਿਹਦੀ ਆਸ ਨਹੀਂ ਸੀ, ਉਹ ਆਸ ਪੁੱਗੀ।

ਜੀਵੇ ਸ਼ਹਿਰ ਮੇਰਾ, ਜੀਵਣ ਸ਼ਹਿਰ ਵਾਲੇ ,
ਅਸੀਂ ਆਏ ਦੁਆਵਾਂ ਇਹ ਦੇ ਚੱਲੇ।
ਚਾਰੇ ਕੰਨੀਆਂ ਸਾਡੀਆਂ ਵੇਖ ਖਾਲੀ,
ਅਸੀਂ ਨਾਲ ਨਾਹੀਂ ਕੁਝ ਲੈ ਚੱਲੇ।

ਏਸ ਮਿੱਟ ਦੀ ਕੁੱਖ 'ਚ ਮਾਂ ਮੇਰੀ,
ਸੁੱਤੀ ਪਈ ਹੈ ਸਮਿਆਂ ਦੀ ਹੂਕ ਬਣ ਕੇ ।
ਏਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ,
ਏਥੇ ਆਸ ਤੜਫੀ ਮੇਰੀ ਹੂਕ ਬਣ ਕੇ।

ਜਿਨ੍ਹਾਂ ਕੰਧਾਂ ਦੀਆਂ ਛਾਵਾਂ 'ਚ ਖੇਡਦੇ ਸਾਂ,
ਉਨ੍ਹਾਂ ਕੰਧਾਂ ਨਾਲ ਲਗ ਕੇ ਰੋ ਲਈਏ।
ਦੁੱਖਾਂ ਦਰਦਾਂ ਦੇ ਹਾਲੜੇ ਫੋਲ ਕੇ ਤੇ ,
ਦੁਖੀ ਕਰ ਲਈਏ ਦੁਖੀ ਹੋ ਲਈਏ।

ਐਸ ਸ਼ਹਿਰ ਦੇ ਬਾਗ ਬਗੀਚਿਆਂ ਦੇ,
ਕਦੀ ਅਸੀਂ ਨਮਾਣੇ ਸਾਂ ਫੁੱਲ ਯਾਰੋ।
ਐਸ ਆਲ੍ਹਣਿਉਂ ਡਿੱਗੇ ਹੋਏ ਬੋਟ ਅਸੀਂ,
ਕੋਈ ਚੁੱਕੇ ਨ ਕੱਖਾਂ ਦੇ ਮੁੱਲ ਯਾਰੋ।

ਅੱਧਾ ਦਿਲ ਸਾਡਾ ਏਥੇ ਤੜਫਦਾ ਏ,
ਅੱਧਾ ਦਿਲ ਗਿਆ ਉੱਥੇ ਰੁਲ ਯਾਰੋ।
ਜਿਨ੍ਹਾਂ ਰਾਹਵਾਂ ਦੇ ਸਾਹਵਾਂ 'ਚ ਧੜਕਦੇ ਸਾਂ,
ਉਨ੍ਹਾਂ ਰਾਹਵਾਂ ਲਈ ਅਸੀਂ ਅਣਜਾਣ ਹੋ ਗਏ।
ਅਸੀਂ ਲੋਕ ਇਨਸਾਨ ਤੇ ਕੀ ਬਣਦੇ,
ਹਿੰਦੂ ਸਿੱਖ ਹੋ ਗਏ, ਮੁਸਲਮਾਨ ਹੋ ਗਏ।

**ਲੇਖਕ : ਅਹਿਮਦ ਰਾਹੀ**

## ਪਹਿਰੇਦਾਰ

ਜਿਹੋ ਜਿਹੀ ਮਨੁੱਖ ਦੀ ਸੋਚ ਹੋਵੇ,
ਓਹੋ ਜਿਹਾ ਹੋ ਜਾਂਦਾ ਕਿਰਦਾਰ ਜੀ।

ਬੁੱਧ ਪ੍ਰਧਾਨ ਹੈ ਕਾਇਆ ਅੰਦਰ,
ਇਸ 'ਤੇ ਨਿਰਭਰ ਸਾਰਾ ਸੰਸਾਰ ਜੀ।

ਆਪਣੇ ਕਾਬੂ 'ਚ ਰੱਖੀਏ ਇਸ ਨੂੰ,
ਬਣਕੇ ਰਹੀਏ ਸਭ ਪਹਿਰੇਦਾਰ ਜੀ।

ਜਿਸ ਨੇ ਮਨ ਨੂੰ ਕਾਬੂ ਕਰ ਲਿਆ ਹੈ,
ਉਹ ਤਾਂ ਬਣ ਜਾਣਾ ਹੈ ਸਰਦਾਰ ਜੀ।

ਸਦਾ ਸੋਚ ਆਪਣੀ ਨੂੰ ਉੱਚੀ ਰੱਖੀਏ,
ਹੋ ਜਾਣਗੇ ਸਾਫ਼ ਤੇ ਸ਼ੁੱਧ ਵਿਚਾਰ ਜੀ।

ਫਿਰ ਦੇਹੀ ਹੋ ਜਾਵੇਗੀ ਕੰਚਨ ਵਰਗੀ,
ਆਉਣੀ ਜ਼ਿੰਦਗੀ 'ਚ ਖ਼ੂਬ ਬਹਾਰ ਜੀ।

'ਅਟਵਾਲ' ਤੂੰ ਵੀ ਕੁਝ ਸਮਝ ਕਰ ਲੈ,
ਵੇਖੀਂ ਹੋ ਨਾ ਜਾਵੀਂ ਕਿਤੇ ਲਾਚਾਰ ਜੀ।

**ਕਰਨੈਲ ਅਟਵਾਲ**
**ਸੰਪਰਕ:** 75082-75052

## ਓਹਦੇ ਦੇਸ਼

ਲੈ ਕੇ ਘਸਮੈਲਾ ਜਿਹਾ ਖੇਸ
ਤੁਰਿਆਂ ਜਾਵਾਂ ਓਹਦੇ ਦੇਸ਼ ।
ਜਟਾਵਾਂ ਬਣੇ ਨੇ ਮੇਰੇ ਕੇਸ ।
ਉਹਨੂੰ ਪਹਿਚਾਣ ਨਾ ਆਵੇ ਭੇਸ ।

ਉਹ ਤਾਂ ਮਹਿਕੇ ਵਿੱਚ ਹਵਾਵਾਂ।
ਮੈਂ ਤਾਂ ਦਿੰਦਾ ਇਹੀ ਦੁਆਵਾਂ ।
ਜਿੱਧਰ ਵੀ ਮੈਂ ਤੁਰਿਆ ਜਾਵਾਂ।
ਹੋਵਣ ਸੱਜਣ ਦੀਆਂ ਉਹ ਰਾਹਵਾਂ।

ਮੈਂ ਤਾਂ ਵਾਂਗ ਫਕੀਰਾਂ ਰਹਿੰਦਾ ।
ਉਹਦੀ ਮੌਜ 'ਚ ਉੱਠਦਾ ਬਹਿੰਦਾ।
ਮੈਨੂੰ ਦੇਖ ਕੇ ਉਹ ਵੀ ਕਹਿੰਦਾ ।
ਕਾਹਤੋਂ ਦਰਦ ਜੁਦਾਈਆਂ ਸਹਿੰਦਾ।

ਉਹਦੇ ਦੇਸ਼ ਬਿਨਾਂ ਨੀਂ ਸਰਦਾ ।
ਹੁਣੇ ਪਤਾ ਲੱਗਿਐ ਘਰ ਦਾ ।
ਬੂਹਾ ਖੁੱਲ੍ਹ ਰਿਹਾ ਐ ਦਰ ਦਾ ।
ਅਰਜ਼ਾ ਦਿਲ ਪਿਆ ਐ ਮਰਦਾ ।

ਪਹਿਲਾਂ ਨੱਕ ਬੁੱਲ੍ਹ ਜਿਹਾ ਵਟਾਇਆ ।
ਆਹ ਤਾਂ ਮੰਗਣ ਫੱਕਰ ਆਇਆ ।
ਮੇਰੀ ਝੋਲੀ ਆਟਾ ਪਾਇਆ ।
ਫਿਰ ਥੋੜ੍ਹਾ ਜਿਹਾ ਮੁਸਕਾਇਆ ।

ਓਦੋਂ ਗੀਤ ਪਿਆਰ ਦੇ ਗਾਈਏ ।
ਜਦ ਵੀ ਸੱਜਣ ਮੂਹਰੇ ਆਈਏ ।
ਉਹਦੀ ਖੈਰ 'ਚ ਮਿਲ ਗਈ ਮੁਕਤੀ ।
ਕਿਉਂ ਨਾ ਐਥੇ ਈ ਮਰ ਜਾਈਏ ।

**ਲੇਖਕ : ਅਰਜ਼ਪ੍ਰੀਤ**

## ਦੋਹੇ

ਖਾਂਦੇ ਮੇਰੇ ਦੇਸ਼ ਨੂੰ,
ਅਫਸਰ ਰਿਸ਼ਵਤਖੋਰ।
ਲੁੱਟ ਖਜ਼ਾਨਾ ਲੈ ਗਏ,
ਕੁਝ ਨੇਤਾ ਜੋ ਚੋਰ।

ਜਿੱਥੇ ਹੱਕਾਂ ਵਾਸਤੇ,
ਰੁਲਦੇ ਨੇ ਕਿਰਸਾਨ।
ਫਿਰ ਵੀ ਲੋਕੀਂ ਆਖਦੇ,
ਸਾਡਾ ਦੇਸ਼ ਮਹਾਨ।

ਮਿਲਦਾ ਨਹੀਂ ਗ਼ਰੀਬ ਦੇ,
ਸੱਚ ਨੂੰ ਵੀ ਇਨਸਾਫ਼।
ਹੋਵਣ ਪੈਸੇ ਨਾਲ ਤਾਂ,
ਕਤਲ ਕੇਸ ਵੀ ਮਾਫ਼।

ਸੋਚ ਸੋਚ ਭਰ ਜਾਵਦੀਂ,
ਕਈ ਵਾਰ ਏ ਅੱਖ।
ਜਾਤ-ਪਾਤ ਤੇ ਧਰਮ ਨੇ,
ਕਰ 'ਤਾ ਬੰਦਾ ਵੱਖ।

ਆਖਾਂ ਮੈਂ ਸਰਕਾਰ ਨੂੰ,
ਪਾ ਚਿੱਟੇ ਨੂੰ ਠੱਲ।
ਸੁਣ ਮਾਵਾਂ ਦੇ ਕੀਰਨੇ,
ਪੈਣ ਕਾਲਜੇ ਸੱਲ।

ਸਾਧ ਪਖੰਡੀ ਬਾਬਿਆਂ,
ਲੁੱਟ ਲਏ ਨੇ ਲੋਕ।
ਕਾਮੇ ਭੁੱਖੇ ਮਰ ਰਹੇ,
ਖਾਂਦੇ ਵਿਹਲੜ ਬੋਕ।

ਕਦੇ ਕਿਸੇ ਵੀ ਗੱਲ ਦਾ,
ਨਹੀਂ ਕਰੀਦਾ ਵਹਿਮ।
'ਗੋਸਲ' ਗਊ ਗ਼ਰੀਬ 'ਤੇ,
ਸਿੱਖ ਤੂੰ ਕਰਨਾ ਰਹਿਮ।

**ਲਿਖਤ : ਗੁਰਵਿੰਦਰ ਗੋਸਲ**
**ਸੰਪਰਕ:** 97796-96042

# ਨਾਰੀ ਸੰਸਾਰ

ਲੇਖਕ : ਸੁਮੰਤ ਤਲਵਾਣੀ
ਮੋਬਾ: 96460-55370



## ਪਰਿਵਾਰਾਂ 'ਚ ਕਿਉਂ ਖ਼ਤਮ ਹੁੰਦੀ ਜਾ ਰਹੀ ਹੈ ਮਿਠਾਸ ਤੇ ਅਪਣਾਪਨ

ਅੱਜ ਦੇ ਦੌਰ ਵਿਚ ਅਕਸਰ ਦੇਖਣ 'ਚ ਆਉਂਦਾ ਹੈ ਕਿ ਜ਼ਿਆਦਾਤਰ ਪਰਿਵਾਰਾਂ 'ਚ ਆਪਣਾਪਨ ਤੇ ਮਿਠਾਸ ਖ਼ਤਮ ਹੋਣ ਕਾਰਨ ਘਰਾਂ ਦੇ ਘਰ ਟੁੱਟਦੇ ਜਾ ਰਹੇ ਹਨ। ਇਹ ਇਕ ਅਟਲ ਸੱਚਾਈ ਹੈ ਕਿ ਔਰਤ ਤੇ ਮਰਦ ਜ਼ਿੰਦਗੀ ਰੂਪੀ ਗੱਡੀ ਦੇ ਦੋ ਪਹੀਏ ਹਨ, ਜਿਨ੍ਹਾਂ ਆਪਣੀ ਜ਼ਿੰਦਗੀ ਦਾ ਸਫ਼ਰ ਇਕ-ਦੂਜੇ ਦੀਆਂ ਭਾਵਨਾਵਾਂ 'ਤੇ ਨਿਰਭਰ ਹੋ ਕੇ ਲੰਘਾਉਣਾ ਹੁੰਦਾ ਹੈ। ਅਕਸਰ ਸੁਣਦੇ ਆਏ ਹਾਂ ਕਿ ਪੁਰਾਤਨ ਸਮੇਂ ਵਿਚ ਰਿਸ਼ਤਿਆਂ ਦੀ ਅਹਿਮੀਅਤ ਬਜ਼ੁਰਗਾਂ ਦੇ ਲਏ ਫ਼ੈਸਲਿਆਂ 'ਤੇ ਹੀ ਨਿਰਭਰ ਕੀਤੀ ਜਾਂਦੀ ਹੈ। ਬਜ਼ੁਰਗਾਂ ਵੱਲੋਂ ਦੇਖ-ਪਰਖ ਕੇ ਲਏ ਫ਼ੈਸਲਿਆਂ ਨੂੰ ਕੋਈ ਵੀ ਨਕਾਰਨ ਦੀ ਹਿੰਮਤ ਨਹੀਂ ਸੀ ਕਰਦਾ। ਸਮੇਂ 'ਚ ਆਏ ਬਦਲਾਓ ਕਾਰਨ ਜਿਥੇ ਸਮਾਜ ਵਿਚ ਚਮਕ-ਦਮਕ ਆ ਗਈ ਹੈ, ਉਥੇ ਪਰਿਵਾਰਾਂ 'ਚ ਵੱਡੇ ਬਜ਼ੁਰਗਾਂ ਦਾ ਮਾਣ-ਸਤਿਕਾਰ ਬਰਕਰਾਰ ਰਹਿਣ ਦੇ ਨਾਲ-ਨਾਲ ਬੱਚਿਆਂ ਦੀ ਅਹਿਮੀਅਤ ਨੂੰ ਸਮਝਦਿਆਂ ਉਨ੍ਹਾਂ ਦੇ ਸਲਾਹ-ਮਸ਼ਵਰੇ ਨਾਲ ਲਏ ਫ਼ੈਸਲਿਆਂ ਤੇ ਰਿਸ਼ਤਿਆਂ ਦੀ ਬੁਨਿਆਦ ਰੱਖੀ ਜਾਣ ਲੱਗ ਪਈ, ਜੋ ਕਾਫੀ ਹੱਦ ਤੱਕ ਸਫ਼ਲ ਤਾਂ ਸਿੱਧ ਹੁੰਦੀ ਆਈ ਹੈ ਪਰ ਇਸ ਦਾ ਇਕ ਬਹੁਤ ਹੀ ਦੁਖਦਾਈ ਪਹਿਲੂ ਇਹ ਹੈ ਕਿ ਇਸ ਪੀੜ੍ਹੀ ਦੇ ਪਰਿਵਾਰਾਂ ਨੂੰ ਆਪਣੇ ਬਜ਼ੁਰਗਾਂ ਵੱਲੋਂ ਮਿਲੀ ਵਿਰਾਸਤੀ ਜ਼ਮੀਨ-ਜਾਇਦਾਦ ਦੇ ਬਲਬੂਤੇ 'ਤੇ ਜਿਥੇ ਆਪਣੀ ਅਗਲੇਰੀ ਪੀੜ੍ਹੀ ਨੂੰ ਵਧਾਉਣ ਲਈ ਬਹੁਤ ਮਦਦ ਮਿਲੀ, ਉਥੇ ਵਿਰਾਸਤੀ ਜਾਇਦਾਦਾਂ ਦੇ ਬਟਵਾਰੇ ਨੂੰ ਲੈ ਕੇ ਆਪਸੀ ਲੜਾਈ-ਝਗੜੇ ਅਤੇ ਕੋਰਟ-ਕਚਹਿਰੀਆਂ ਤੱਕ ਪਹੁੰਚਣ ਵਰਗੀਆਂ ਗੱਲਾਂ ਵੀ ਦੇਖਣ 'ਚ ਆਈਆਂ ਹਨ।

ਪਰਿਵਾਰਾਂ ਅੰਦਰ ਸਹਿਜ, ਸੰਜਮ ਅਤੇ ਸਬਰ ਦਾ ਮਾਹੌਲ ਕਾਫੂਰ ਹੋ ਰਿਹਾ ਹੈ, ਪਦਾਰਥਾਂ ਅਤੇ ਪੈਸੇ ਦੀ ਖਿੱਚ ਨੇ ਰਿਸ਼ਤਿਆਂ ਅੰਦਰਲਾ ਮੋਹ ਖ਼ਤਮ ਕਰ ਦਿੱਤਾ ਹੈ। ਪਦਾਰਥਾਂ ਦੀ ਲਾਲਸਾ ਅਤੇ ਮਨੁੱਖੀ ਹੰਕਾਰ ਨੇ ਮਾਤਾ-ਪਿਤਾ, ਭੈਣ-ਭਰਾ ਅਤੇ ਪਤੀ-ਪਤਨੀ ਦੇ ਰਿਸ਼ਤਿਆਂ ਦੀ ਰੂਹਾਨੀਅਤ ਨੂੰ ਤਾਰ-ਤਾਰ ਕਰਕੇ ਰੱਖ ਦਿੱਤਾ ਹੈ। ਇਹੀ ਕਾਰਨ ਹੈ ਕਿ ਹੁਣ ਪਰਿਵਾਰਕ ਜਾਇਦਾਦਾਂ ਦੀ ਵੰਡ ਘਰ ਦੀ ਚਾਰਦੀਵਾਰੀ ਅੰਦਰ ਨਾ ਹੋ ਕੇ ਕੋਰਟ-ਕਚਹਿਰੀਆਂ ਤੱਕ ਪਹੁੰਚ ਗਈ ਹੈ। ਜਿਹੜਾ ਕੰਮ ਵੱਡਿਆਂ ਦੀ ਹਾਜ਼ਰੀ 'ਚ ਘਰ ਬੈਠ ਕੇ ਹੀ ਪਿਆਰ ਅਤੇ ਰਿਸ਼ਤਿਆਂ ਦੇ ਨਿੱਘ ਨੂੰ ਬਰਕਰਾਰ ਰੱਖਦੇ ਹੋਏ ਨੇਪਰੇ ਚੜ੍ਹ ਸਕਦਾ ਸੀ, ਉਹ ਅੱਜ ਔਰਤਾਂ ਲਈ ਹੀ ਵੱਡੀ ਸਮੱਸਿਆ ਬਣਦਾ ਨਜ਼ਰ ਆ ਰਿਹਾ ਹੈ, ਜਦੋਂ ਉਨ੍ਹਾਂ ਦੇ ਬਾਲਗ ਬੱਚਿਆਂ (ਲੜਕੇ-ਲੜਕੀਆਂ) ਵੱਲੋਂ ਕੀਤੀਆਂ ਜਾਂਦੀਆਂ ਮਨਮਾਨੀਆਂ ਅਤੇ ਰੁੱਖਾ ਵਰਤਾਓ ਕਈ ਪਰਿਵਾਰਾਂ ਦੇ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਦਾ ਰਾਹ ਦਿਖਾ ਰਿਹਾ ਹੈ। ਤੀਜੀ ਧਿਰ ਵਜੋਂ ਉੱਭਰ ਕੇ ਆ ਰਹੀ ਹਰ ਵਰਗ ਦੀ ਨੌਜਵਾਨ ਪੀੜ੍ਹੀ ਪ੍ਰਤੀ ਇਥੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਸ ਪੀੜ੍ਹੀ ਦੇ ਕਈ ਬੱਚਿਆਂ ਵਿਚ ਸਬਰ, ਸੰਤੋਖ ਤੇ ਆਪਣਾਪਨ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਨੈੱਟਵਰਕਿੰਗ ਸਿਸਟਮ ਸੋਸ਼ਲ ਨੈੱਟਵਰਕ ਦਾ ਇਨ੍ਹਾਂ ਬੱਚਿਆਂ 'ਤੇ ਭਾਰੂ ਹੋਣ ਦਾ ਅਹਿਮ ਕਾਰਨ ਮੰਨਿਆ ਜਾ ਰਿਹਾ ਹੈ।

ਆਪਣੇ ਮੋਬਾਈਲਾਂ ਰਾਹੀਂ ਨੌਜਵਾਨ ਪੀੜ੍ਹੀ ਨੈੱਟਵਰਕ ਦੀ ਆੜ 'ਚ ਕੁਝ ਸਿੱਖਣ ਦੀ ਬਜਾਏ ਗ਼ਲਤ ਗੱਲਾਂ ਅਪਣਾ ਕੇ ਜਿਥੇ ਖ਼ੁਦ ਗੁੰਮਰਾਹ ਹੋ ਰਹੀ ਹੈ, ਉਥੇ ਆਪਣੇ ਮਾਪਿਆਂ ਨੂੰ ਵੀ ਗੁੰਮਰਾਹ ਕਰਨ 'ਚ ਸਫ਼ਲ ਹੋ ਰਹੇ ਹਨ। ਇਥੋਂ ਤੱਕ ਕਿ ਮੋਬਾਈਲਾਂ 'ਚ ਰੁੱਝੇ ਇਸ ਪੀੜ੍ਹੀ ਦੇ ਬੱਚੇ-ਬੱਚੀਆਂ ਵੱਲੋਂ ਬਾਲਗ ਹੋਣ ਦੀ ਸੂਰਤ ਵਿਚ ਆਪਣੇ ਪਰਿਵਾਰ ਪੱਖੀ ਸੋਚਣਾ ਤਾਂ ਕੋਹਾਂ ਦੂਰ, ਬਲਕਿ ਗ਼ੈਰ-ਰਸਮੀ ਢੰਗ-ਤਰੀਕੇ ਅਪਣਾ ਕੇ ਵਿਆਹ-ਸ਼ਾਦੀਆਂ ਆਦਿ ਰਚਾ ਕੇ ਰਿਸ਼ਤਿਆਂ ਦੀਆਂ ਗਹਿਰਾਈਆਂ ਨੂੰ ਖ਼ਤਮ ਕਰਦੇ ਜਾ ਰਹੇ ਹਨ। ਵੱਟਸਐਪ, ਫੇਸਬੁੱਕ ਤੇ ਟਵਿੱਟਰਾਂ ਆਦਿ ਦੇ ਸ਼ਿਕੰਜੇ 'ਚ ਜਕੜੀ ਜਾ ਚੁੱਕੀ ਅਤੇ ਨਸ਼ਿਆਂ ਦੇ ਸੇਵਨ 'ਚ ਪੈ ਚੁੱਕੀ ਨੌਜਵਾਨ ਪੀੜ੍ਹੀ ਵੱਲੋਂ ਆਪਣੇ ਮਾਪਿਆਂ ਨਾਲ ਦੁੱਖ-ਸੁੱਖ ਸਾਂਝੇ ਕਰਨੇ ਤਾਂ ਦੂਰ, ਬਲਕਿ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਬਜ਼ੁਰਗਾਂ ਨੂੰ ਆਪਣੇ ਤੋਂ ਦੂਰ ਕਰਨ ਦੀਆਂ ਕੋਸ਼ਿਸ਼ਾਂ 'ਚ ਜੁਟੇ ਹੋਏ ਹਨ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਪ੍ਰਤੀ ਪੂਰੀ ਜਾਣਕਾਰੀ ਹੋਣਾ ਤਾਂ ਦੂਰ, ਰਿਸ਼ਤੇ-ਨਾਤਿਆਂ ਤੱਕ ਦੀ ਵੀ ਮੁਢਲੀ ਜਾਣਕਾਰੀ ਨਹੀਂ ਹੈ। ਅਜਿਹੇ ਕਾਰਨਾਂ ਕਰਕੇ ਨੌਜਵਾਨ ਪੀੜ੍ਹੀ ਅੰਦਰ ਦਿਨ-ਬਦਿਨ ਵਧ ਰਿਹਾ ਫਾਸਲਾ ਅਤੇ ਔਰਤਾਂ ਦੀ ਨਾਸਮਝੀ ਕਾਰਨ ਰਿਸ਼ਤਿਆਂ 'ਚ ਪੈ ਰਹੀਆਂ ਦਰਾੜਾਂ ਦੇ ਆਉਣ ਵਾਲੇ ਸਮੇਂ 'ਚ ਬਹੁਤ ਘਾਤਕ ਸਿੱਟੇ ਦੇਖਣ ਨੂੰ ਮਿਲ ਸਕਦੇ ਹਨ।

---

# ਜੰਕ ਫੂਡ ਅਤੇ ਬੱਚੇ

ਪ੍ਰੋ. ਕੁਲਜੀਤ ਕੌਰ

ਅੱਜ ਦਾ ਬਚਪਨ ਬਹੁਤ ਸਾਰੀਆਂ ਨਵੀਆਂ ਸਹੂਲਤਾਂ ਤਬਦੀਲੀਆਂ ਅਤੇ ਜੀਵਨ ਸ਼ੈਲੀ ਵਿਚ ਹੋ ਰਹੇ ਬਦਲਾਵਾਂ ਨਾਲ ਜੁੜਿਆ ਹੈ ਮਸ਼ੀਨੀਕਰਨ। ਸੋਸ਼ਲ ਮੀਡੀਆ ਅਤੇ ਹੋਰ ਪਰਿਵਰਤਨਾਂ ਨੇ ਜ਼ਿੰਦਗੀ ਦੀਆਂ ਕਈ ਨਵੀਆਂ ਚੁਣੌਤੀਆਂ ਵੀ ਸਾਡੇ ਸਨਮੁਖ ਲਿਆਂਦੀਆਂ ਹਨ। ਹੁਣ ਬਚਪਨ ਓਨਾ ਸਾਦਾ ਨਹੀਂ ਰਿਹਾ, ਤਣਾਅ, ਭੱਜ-ਦੌੜ, ਵਧੇਰੇ ਚੁਣੌਤੀਆਂ, ਟਿਊਸ਼ਨ ਕਲਚਰ ਖੇਡਾਂ ਦੇ ਬਦਲਦੇ ਰੂਪ ਸਭ ਕੁਝ ਸਮੇਂ ਨਾਲ ਤਬਦੀਲ ਹੋ ਰਿਹਾ ਹੈ। ਇਸ ਤਬਦੀਲੀ ਨੇ ਸਭ ਤੋਂ ਵੱਡਾ ਹੜ੍ਹ ਲਿਆਂਦਾ ਹੈ ਖਾਣ-ਪੀਣ ਅਤੇ ਟੈਕਨਾਲੋਜੀ ਦੇ ਖੇਤਰ ਵਿਚ। ਇਥੇ ਮੇਰਾ ਵਿਸ਼ਾ ਖਾਣ-ਪੀਣ ਨਾਲ ਸਬੰਧਤ ਹੈ। ਵਿਦੇਸ਼ੀ ਕੰਪਨੀਆਂ ਦੀ ਆਮਦ ਨਾਲ ਭਾਰਤ ਵਿਚ ਜੰਕ ਫੂਡ ਦਾ ਹੜ੍ਹ ਹੀ ਆ ਗਿਆ ਹੈ। ਵਿਦੇਸ਼ੀ ਕੰਪਨੀਆਂ ਦਾ ਮੁੱਢ ਤੋਂ ਹੀ ਇਹ ਨਿਯਮ ਰਿਹਾ ਹੈ ਕਿ ਜੇਕਰ ਭਾਰਤ ਵਿਚ ਆਪਣੇ ਪੈਰ ਮਜ਼ਬੂਤ ਕਰਨੇ ਹਨ ਤਾਂ ਸਭ ਤੋਂ ਪਹਿਲਾਂ ਬੱਚਿਆਂ ਨੂੰ ਆਪਣਾ ਗੁਲਾਮ ਬਣਾਇਆ ਜਾਵੇ ਭਾਵ ਉਨ੍ਹਾਂ ਦੇ ਅੰਦਰ ਜੰਕ ਫੂਡ ਦੀ ਰੁਚੀ ਵਧਾਈ ਜਾਵੇ। ਸਿੱਟੇ ਵਜੋਂ ਕਈ ਕਿਸਮ ਦੇ ਡੱਬਾਬੰਦ ਅਤੇ ਖੁੱਲ੍ਹੇ ਜੰਕ ਫੂਡ ਦਾ ਰਿਵਾਜ ਆਮ ਹੋ ਗਿਆ ਹੈ। ਇਸ਼ਤਿਹਾਰਬਾਜ਼ੀ ਨੇ ਵੀ ਜੰਕ ਫੂਡ ਦੇ ਫੈਲਾਅ ਵਿਚ ਯੋਗਦਾਨ ਪਾਇਆ ਹੈ। ਹੈਰਾਨੀ ਦੀ ਗੱਲ ਹੈ ਕਿ ਘਰ ਦੀ ਸਬਜ਼ੀ ਵਿਚ ਮਿਰਚਾਂ ਹੋਣ ਤੋਂ ਡਰਦੇ ਨੱਕ-ਮੂੰਹ ਵੱਟਦੇ ਬੱਚੇ ਬਰਗਰ, ਨੂਡਲਜ਼, ਟਿੱਕੀਆਂ, ਪੀਜ਼ਾ ਬੜੇ ਆਰਾਮ ਨਾਲ ਖਾਈ ਜਾ ਰਹੇ ਹਨ। ਕਿਸ਼ੋਰ ਲੜਕੇ-ਲੜਕੀਆਂ ਵੀ ਪੌਸ਼ਟਿਕ ਭੋਜਨ ਖਾਣ ਦੀ ਥਾਂ ਕੋਲਡ ਡਰਿੰਕ ਅਤੇ ਹੋਰ ਬਾਜ਼ਾਰੂ ਭੋਜਨ ਵੱਲ ਵਧੇਰੇ ਰੁਚਿਤ ਹਨ।

ਜੰਕ ਫੂਡ/ਫਾਸਟ ਫੂਡ ਦਾ ਵਧਦਾ ਰੁਝਾਨ ਮਾਂ-ਬਾਪ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ ਪਰ ਅੱਜਕਲ੍ਹ ਨੌਕਰੀਸ਼ੁਦਾ ਅਤੇ ਜਾਂ ਘਰੇਲੂ ਮਾਵਾਂ ਵੀ ਆਪਣਾ ਸਮਾਂ ਬਚਾਉਣ ਲਈ ਬੱਚਿਆਂ ਨੂੰ ਜੰਕ ਫੂਡ ਲਈ ਉਤਸ਼ਾਹਿਤ ਕਰਦੀਆਂ ਹਨ। ਸੰਯੁਕਤ ਪਰਿਵਾਰਾਂ ਦਾ ਘਟਣਾ, ਮਾਵਾਂ ਦੇ ਰੁਝੇਵੇਂ ਵਧਣਾ ਇਸ ਲਈ ਕੁਝ ਹੱਦ ਤੱਕ ਜ਼ਿੰਮੇਵਾਰ ਕਾਰਨ ਹਨ। ਦੁੱਧ, ਫਲ, ਸਬਜ਼ੀਆਂ ਨਾਲੋਂ ਵੱਧ ਪੈਸੇ ਅਜਿਹੇ ਬਾਜ਼ਾਰੀ ਭੋਜਨ ਉਪਰ ਖਰਚ ਹੁੰਦੇ ਹਨ ਪਰ ਮਾਂ-ਬਾਪ ਬੱਚਿਆਂ ਨੂੰ ਆਧੁਨਿਕ ਬਣਾਉਣ ਦੀ ਦੌੜ ਵਿਚ ਪ੍ਰਵਾਹ ਨਹੀਂ ਕਰਦੇ। ਇਸ ਦੇ ਸਿਹਤ ਉੱਪਰ ਪ੍ਰਭਾਵ ਕਾਫੀ ਘਾਤਕ ਹਨ-




- ਫਾਸਟ ਫੂਡ ਜਾਂ ਬਾਜ਼ਾਰੀ ਖਾਣੇ ਨਾਲ ਸਭ ਤੋਂ ਜ਼ਿਆਦਾ ਮੋਟਾਪੇ ਦੀ ਸਮੱਸਿਆ ਹੁੰਦੀ ਹੈ। ਜੰਕ ਫੂਡ ਦਾ ਸੇਵਨ ਕਰਕੇ ਬੱਚੇ ਬਾਹਰ ਖੇਡਣ ਵੀ ਨਹੀਂ ਜਾਂਦੇ, ਘਰ ਹੀ ਖੇਡਾਂ ਖੇਡਦੇ ਟੀ. ਵੀ. ਅੱਗੇ ਸਮਾਂ ਬਿਤਾਉਂਦੇ ਆਲਸੀ ਬਣ ਜਾਂਦੇ ਹਨ। ਮੋਟਾਪਾ ਤਾਂ ਨਿਸਚਿਤ ਹੀ ਹੈ ਤੇ ਹੱਥੀਂ ਕੰਮ ਕਰਨ ਦੀ ਆਦਤ ਵੀ ਪ੍ਰਭਾਵਿਤ ਹੁੰਦੀ ਹੈ।
- ਦਿਮਾਗੀ ਚੁਸਤੀ ਵੀ ਘਰ ਦੇ ਬਣੇ ਪੌਸ਼ਟਿਕ ਭੋਜਨ ਨਾਲ ਆਉਂਦੀ ਹੈ। ਦਿਮਾਗ ਨੂੰ ਪੂਰਾ ਪੋਸ਼ਣ ਨਾ ਮਿਲਣ ਕਾਰਨ ਸੋਚਣ ਸ਼ਕਤੀ ਵੀ ਪ੍ਰਭਾਵਿਤ ਹੁੰਦੀ ਹੈ। ਜ਼ਿਆਦਾ ਮਾਤਰਾ ਵਿਚ ਚਰਬੀ ਅਤੇ ਤੇਲ ਨਾਲ ਛੋਟੀ ਉਮਰ ਵਿਚ ਹੀ ਦਿਲ ਦੀਆਂ ਬਿਮਾਰੀਆਂ ਅਤੇ ਸ਼ੂਗਰ ਰੋਗ ਲੱਗਣ ਦੀ ਸੰਭਾਵਨਾ ਵਧ ਜਾਂਦੀ ਹੈ।
- ਜੰਕ ਫੂਡ ਵਿਚ ਵਿਟਾਮਿਨ ਅਤੇ ਖਣਿਜ ਪਦਾਰਥ ਨਾ ਦੇ ਬਰਾਬਰ ਹੀ ਹੁੰਦੇ ਹਨ। ਅਜਿਹੇ ਭੋਜਨ ਦੀ ਵਰਤੋਂ ਨਾਲ ਮਨੁੱਖ ਕਈ ਤਰ੍ਹਾਂ ਦੀਆਂ ਹੋਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।
- ਕੋਲੈਸਟਰੋਲ ਦੀ ਮਾਤਰਾ ਵਧੇਰੇ ਹੋਣ ਕਾਰਨ ਜੰਕ ਫੂਡ ਨਾਲ ਜਿਗਰ ਵਿਚ ਚਰਬੀ ਵਧ ਜਾਂਦੀ ਹੈ ਤੇ ਛੋਟੀ ਉਮਰ ਵਿਚ ਹੀ ਬੱਚਿਆਂ ਦੀ ਸਰੀਰਕ ਸਮਰੱਥਾ ਘਟ ਜਾਂਦੀ ਹੈ।
- ਬ੍ਰਿਟੇਨ ਦੀ ਮਾਨਚੈਸਟਰ ਮੈਟਰੋਪਾਲਿਟਨ ਯੂਨੀਵਰਸਿਟੀਆਂ ਦੇ ਖੋਜੀਆਂ ਨੇ ਪਾਇਆ ਹੈ ਕਿ ਜਲਣ ਪੈਦਾ ਕਰਨ ਵਾਲੇ ਖਾਣੇ ਵਿਚ ਕੋਲੈਸਟ੍ਰੋਲ ਤੇ ਕਾਰਬੋਹਾਈਡਰੇਟਸ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਤਰ੍ਹਾਂ ਦਾ ਖਾਣਾ ਖਾਣ ਨਾਲ ਤਣਾਅ ਦਾ ਖ਼ਤਰਾ 40 ਫ਼ੀਸਦੀ ਤੱਕ ਵਧ ਜਾਂਦਾ ਹੈ।
- ਇਹ ਖਾਣਾ ਇਕ ਲਗਜ਼ਰੀ ਮੰਨਿਆ ਜਾਂਦਾ ਹੈ। ਹੁਣ ਤਾਂ ਇਸ ਦਾ ਪ੍ਰਚਲਣ ਏਨਾ ਹੋ ਚੁੱਕਾ ਹੈ ਕਿ ਬਹੁਤ ਸਾਰੀਆਂ ਕੰਪਨੀਆਂ ਇਹ ਖਾਣਾ ਘਰ ਤੱਕ ਪਹੁੰਚਾ ਦਿੰਦੀਆਂ ਹਨ।
- ਮੋਟਾਪਾ ਅਤੇ ਕੁਪੋਸ਼ਣ ਦੋਵਾਂ ਦੇ ਨਾਲ-ਨਾਲ ਜੰਕ ਫੂਡ ਪੈਸੇ ਦੀ ਵੀ ਬਰਬਾਦੀ ਹੈ। ਇਸ ਨਾਲ ਜੀਵਨ ਸ਼ੈਲੀ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਬਨਾਉਟੀ ਰੰਗ ਅਤੇ ਹੋਰ ਰਸਾਇਣਕ ਤੱਤ ਇਨ੍ਹਾਂ ਖਾਣਿਆਂ ਨੂੰ ਬਣਾਉਣ ਵਿਚ ਕੰਮ ਆਉਂਦੇ ਹਨ, ਜੋ ਮਨੁੱਖੀ ਸਰੀਰ ਲਈ ਖ਼ਤਰਨਾਕ ਹਨ।
- ਹੁਣ ਇਹ ਕਹਿਣਾ ਕਿ ਫਾਸਟ ਫੂਡ ਅਤੇ ਕੋਲਡ ਡ੍ਰਿੰਕਸ 'ਤੇ ਰੋਕ ਲਗਾ ਦਿੱਤੀ ਜਾਵੇ, ਇਹ ਅਸੰਭਵ ਹੋਵੇਗਾ, ਕਿਉਂਕਿ ਇਹ ਹੁਣ ਮਨੁੱਖੀ ਜ਼ਿੰਦਗੀ ਵਿਚ ਰਚ-ਮਿਚ ਗਏ ਹਨ ਪਰ ਏਨਾ ਜ਼ਰੂਰ ਹੈ ਕਿ ਆਪਣੇ-ਆਪ 'ਤੇ ਕਾਬੂ ਪਾ ਕੇ ਹੀ ਜੰਕ ਫੂਡ ਤੋਂ ਬਚਿਆ ਜਾ ਸਕਦਾ ਹੈ।
- ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਦੇ ਵਧੇਰੇ ਸੇਵਨ ਤੋਂ ਬੱਚਿਆਂ ਨੂੰ ਕਿਵੇਂ ਸੁਚੇਤ ਕੀਤਾ ਜਾਵੇ।
- ਘਰ ਵਿਚ ਜੰਕ ਫੂਡ ਘੱਟ ਤੋਂ ਘੱਟ ਲੈ ਕੇ ਆਓ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣਾ ਭੋਜਨ ਸਹੀ ਸਮੇਂ 'ਤੇ ਸਹੀ ਮਾਤਰਾ ਵਿਚ ਕਰੀਏ।
- ਘਰ ਤੋਂ ਬਾਹਰ ਜਾਂਦੇ ਸਮੇਂ ਬੱਚਿਆਂ ਨੂੰ ਆਪਣਾ ਭੋਜਨ ਨਾਲ ਲਿਜਾਣ ਦੀ ਆਦਤ ਪਾਈ ਜਾਵੇ।
- ਜੰਕ ਫੂਡ ਦੇ ਸਵਾਦ ਨੂੰ ਘਰੇਲੂ ਭੋਜਨਾਂ ਵਿਚ ਵੀ ਬਦਲਿਆ ਜਾ ਸਕਦਾ ਹੈ, ਜਿਵੇਂ ਪਰਾਉਂਠੇ ਘਰ ਵਿਚ ਬਰੈੱਡ ਦੀ ਅਤੇ ਸਬਜ਼ੀਆਂ ਦੀ ਮਦਦ ਨਾਲ ਤਿਆਰ ਕੀਤੇ ਪਕਵਾਨ।
- ਬੱਚਿਆਂ ਲਈ ਮਹੀਨੇ ਵਿਚ ਇਕ-ਅੱਧੀ ਵਾਰ ਹੀ ਜੰਕ ਫੂਡ ਖਾਣ ਦੀ ਆਦਤ ਪਾਉਣੀ ਚਾਹੀਦੀ ਹੈ।
- ਛੋਟੇ ਬੱਚਿਆਂ ਨੂੰ ਘਰ ਦਾ ਬਣਿਆ ਖਾਣਾ ਖਾਣ ਤੋਂ ਬਾਅਦ ਟੌਫ਼ੀ ਜਾਂ ਚਾਕਲੇਟ ਇਨਾਮ ਵਜੋਂ ਦਿੱਤੀ ਜਾਵੇ ਤਾਂ ਉਹ ਖਾਣਾ ਖਾਣ ਵੱਲ ਵਧੇਰੇ ਰੁਚਿਤ ਹੋਣਗੇ।
- ਪਿਆਰ ਅਤੇ ਮੋਹ ਨਾਲ ਸਮਝਾ ਕੇ ਮਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਜੰਕ ਫੂਡ ਦਾ ਬਦਲ ਲੱਭ ਕੇ ਬੱਚਿਆਂ ਲਈ ਸਵਾਦੀ ਲੰਚ ਬਾਕਸ ਤਿਆਰ ਕਰੇ।
- ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸਾਡੀ ਸਰੀਰਕ ਯੋਗਤਾ ਕਦੇ-ਕਦੇ ਤਾਂ ਜੰਕ ਫੂਡ ਖਾਣ ਨੂੰ ਕੋਈ ਨਾਂਹਵਾਦੀ ਪ੍ਰਭਾਵ ਨਹੀਂ ਸਿਰਜਦੀ ਪਰ ਜੇਕਰ ਇਸ ਨੂੰ ਆਦਤ ਬਣਾ ਲਿਆ ਜਾਵੇ ਤਾਂ ਇਸ ਦੇ ਨਕਾਰੂ ਪ੍ਰਭਾਵ ਵਧੇਰੇ ਦੇਖਣ ਨੂੰ ਮਿਲਦੇ ਹਨ। ਖਾਣ ਲਈ ਅਨੇਕਾਂ ਪਦਾਰਥ ਹਨ ਪਰ ਇਹ ਮਾਵਾਂ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਬੱਚਿਆਂ ਨੂੰ ਕਿਹੜੇ ਖਾਣੇ ਲਈ ਵਧੇਰੇ ਪ੍ਰੇਰਿਤ ਕਰਨਾ ਹੈ।

---

# ਬੱਚੇ ਦੀਆਂ ਆਦਤਾਂ 'ਤੇ ਨਜ਼ਰ ਰੱਖੋ

ਲਿਖਤ : ਸੁਰਿੰਦਰ ਸਿੰਘ ਕਰਮ ਲਧਾਣਾ
ਮੋਬਾ: 98146-81444

ਬੱਚੇ ਨੂੰ ਦੋਵੇਂ ਤਰ੍ਹਾਂ ਦੀਆਂ ਆਦਤਾਂ ਹੁੰਦੀਆਂ ਹਨ- ਚੰਗੀਆਂ ਵੀ ਅਤੇ ਮਾੜੀਆਂ ਵੀ। ਦੋਵਾਂ ਉੱਤੇ ਪੂਰੀ ਨੀਝ ਅਤੇ ਬਾਰੀਕਬੀਨੀ ਨਾਲ ਨਜ਼ਰ ਰੱਖੋ। ਬੱਚੇ ਦੀ ਚੰਗੀ ਆਦਤ ਲਈ ਉਸ ਦੀ ਤਾਰੀਫ ਕਰੋ। ਉਸ ਦਾ ਕੁਝ ਚੰਗਾ ਕਰਨ ਲਈ ਹੌਸਲਾ ਵਧੇਗਾ। ਮਾੜੀ ਆਦਤ 'ਤੇ ਧਿਆਨ ਦੇਣਾ ਤਾਂ ਮਾਪਿਆਂ ਦਾ ਪਹਿਲਾ ਫਰਜ਼ ਹੈ। ਉਸ ਆਦਤ ਕਰਕੇ ਬੱਚੇ ਨੂੰ ਟੋਕਣਾ-ਰੋਕਣਾ ਬੇਹੱਦ ਜ਼ਰੂਰੀ ਹੈ। ਪਿਆਰ-ਮੁਹੱਬਤ, ਮਿੱਠੀ ਝਿੜਕ, ਮਿੱਠੀ ਬੋਲੀ ਦੀ ਵਰਤੋਂ ਕਰਕੇ ਬੱਚੇ ਨੂੰ ਮੰਦੀ ਆਦਤ ਛੱਡਣ ਲਈ ਉਤਸ਼ਾਹਿਤ ਕਰੋ। ਇਹਦੇ ਲਈ ਬਿਨਾਂ ਕੁਝ ਬੋਲਿਆਂ ਬੱਚੇ ਦੇ ਮਨ ਨੂੰ ਪੜ੍ਹਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਕਿਹੜੀ ਵਿਧੀ ਨਾਲ, ਕਿਹੜੇ ਤਰੀਕੇ ਨਾਲ ਬੱਚੇ ਨੂੰ ਬਚਾਇਆ ਜਾਵੇ, ਇਹਦੇ ਬਾਰੇ ਲਗਾਤਾਰ ਅਤੇ ਪੂਰਾ ਤਹੱਮਲ ਜਾਂ ਠਰ੍ਹੰਮਾ ਰੱਖ ਕੇ ਬੱਚੇ ਨੂੰ ਭਰੋਸੇ 'ਚ ਲਿਆ ਜਾਵੇ। ਕਿਹੜੀ ਭੈੜੀ ਆਦਤ ਨਾਲ ਬੱਚੇ ਦਾ ਕੀ ਨੁਕਸਾਨ ਹੋ ਸਕਦਾ ਹੈ, ਬਾਰੇ ਬੱਚੇ ਨੂੰ ਦੱਸਦੇ ਰਹਿਣਾ ਚਾਹੀਦਾ ਹੈ। ਇਹਦੇ ਲਈ ਬੱਚੇ ਦੀ ਮਾਨਸਿਕਤਾ ਨੂੰ ਪੜ੍ਹਨ ਅਤੇ ਬੁੱਝਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਗੁੱਸੇ 'ਚ ਆਪਾ ਗੁਆ ਕੇ ਜੇ ਅਸੀਂ ਬੱਚੇ ਨੂੰ ਬੁਰੀ ਆਦਤ ਛੱਡਣ ਲਈ ਕਹਾਂਗੇ ਤਾਂ ਬੱਚਾ ਡਰ ਨਾਲ ਬੁਰੀ ਆਦਤ ਛੱਡਣ ਦਾ ਤੁਹਾਡੇ ਸਾਹਮਣੇ ਦਿਖਾਵਾ ਕਰੇਗਾ ਪਰ ਛੱਡੇਗਾ ਨਹੀਂ। ਮਾਪਿਆਂ ਨੂੰ ਇਹ ਮਨੋਵਿਗਿਆਨਕ ਸਚਾਈ ਸਮਝ ਲੈਣੀ ਚਾਹੀਦੀ ਹੈ ਕਿ ਚੰਗੀ ਆਦਤ ਜੋ ਬੱਚੇ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ, ਉਸ ਦੇ ਕੈਰੀਅਰ ਨੂੰ ਤਰੱਕੀ ਦੀਆਂ ਮੰਜ਼ਿਲਾਂ ਵੱਲ ਲਿਜਾਂਦੀ ਹੈ ਤਾਂ ਮੰਦੀ ਆਦਤ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਜਾਵੇਗੀ। ਉਸ ਦਾ ਕੈਰੀਅਰ ਸਹੀ ਮੰਜ਼ਿਲ 'ਤੇ ਪੁੱਜਣ ਤੋਂ ਪਹਿਲਾਂ ਹੀ ਡੁੱਬ ਜਾਵੇਗਾ। ਇਸ ਕਰਕੇ ਆਪਣੇ ਬੱਚੇ ਵਿਚ ਚੰਗੀਆਂ-ਮੰਦੀਆਂ ਆਦਤਾਂ ਕਿਹੜੀਆਂ ਹਨ, ਬਾਰੇ ਬਰੀਕੀ ਨਾਲ ਜਾਣ ਲੈਣਾ ਚਾਹੀਦਾ ਹੈ। ਦੋਵੇਂ ਤਰ੍ਹਾਂ ਦੀਆਂ ਆਦਤਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਕਿਸਮਾਂ ਹਨ। ਇਨ੍ਹਾਂ ਬਾਰੇ ਪਤਾ ਹੋਣਾ ਲਾਜ਼ਮੀ ਹੈ। ਆਪਣੇ ਘਰ, ਸਮਾਜ ਅਤੇ ਦੇਸ਼ ਦੀ ਤਰੱਕੀ ਇਕ ਨਾਗਰਿਕ ਤਦ ਹੀ ਕਰ ਸਕਦਾ ਹੈ ਜੇ ਉਸ ਦੇ ਬਚਪਨ ਨੂੰ ਸਾਂਭ ਕੇ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਕੀਤੀ ਜਾਵੇ।



# CLASSIFIEDS & MATRIMONIALS



## GROOM WANTED

ਕੈਨੇਡਾ ਰਹਿ ਰਹੀ ਲੜਕੀ, ਕੱਦ 5 ਫੁੱਟ 3 ਇੰਚ, Bsc Nursing -PGI , Chandigarh (2013-2017) MA Public Administration-Panjab University, Chandigarh (2018-2020) Worked as Registered Nurse (govt. job) in PGI, Chandigarh 5 years 6 months (2018-2023) ਹੁਣ ਓਨਟਾਰੀਓ ਵਿੱਚ ਨਰਸਿੰਗ ਦੀ ਚੰਗੀ ਨੌਕਰੀ ਕਰ ਰਹੀ ਲੜਕੀ ਲਈ, ਕੈਨੇਡਾ ਵਿੱਚ ਸੈਟਲ ਲੜਕੇ ਦੀ ਭਾਲ, ਪੰਜਾਬ ਦੇ ਮਾਲਵਾ ਇਲਾਕੇ ਨੂੰ ਪਹਿਲ, ਪੀ. ਆਰ ਜਾਂ ਇਮੀਗਰਾਂਟ ਹੀ ਸੰਪਰਕ ਕਰਨ : 778-241-8239

............................................

ਗ੍ਰੇਟਰ ਵੈਨਕੂਵਰ ਵਿੱਚ ਰਹਿ ਰਹੀ ਕੈਨੇਡੀਅਨ ਜੰਮਪਲ ਜੱਟ ਸਿੱਖ ਲੜਕੀ, ਉਮਰ 31 ਸਾਲ, ਲੜਕੀ ਨੇ 2 ਯੂਨੀਵਰਸਿਟੀ ਦੀਆਂ ਡਿਗਰੀਆਂ ਕੀਤੀਆਂ ਹੋਈਆਂ ਹਨ, ਲਈ ਚੰਗੇ ਪੜ੍ਹੇ ਲਿਖੇ, ਮਿਹਨਤੀ ਕੈਨੇਡੀਅਨ ਜੰਮਪਲ ਜਾਂ ਕੈਨੇਡਾ ਵਿੱਚ ਵੱਡੇ ਹੋਏ ਲੜਕੇ ਦੀ ਲੋੜ ਹੈ। ਪਰਿਵਾਰ 1980 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। ਸੰਪਰਕ ਕਰੋ : 604-657-6533

............................................

Family Oriented Canadian Born Jatt Sikh Girl, living in Greater Vancouver, age 31 years, height 5 feet 2 inches, holding 2 university degrees, looking for a hard working, educated, Canadian Born or raised in Canada boy. Contact : 604-657-6533

## BRIDE WANTED

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769 AP 12-03

............................................

ਅਮਰੀਕਾ ਸਿਟੀਜਨ ਅੰਮ੍ਰਿਤਧਾਰੀ ਸਿੱਖ, ਕੰਬੋਜ ਲੜਕਾ ਉਮਰ 39 ਸਾਲ, ਕੱਦ 5 ਫੁੱਟ 11 ਇੰਚ, ਐਸੋਸੀਏਟ ਅਕਾਊਂਟਿੰਗ, ਬੁੱਕਕੀਪਰ ਦਾ ਕੰਮ ਕਰਦੇ ਮਿਹਨਤੀ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। ਲੜਕੇ ਦੇ ਮਾਤਾ-ਪਿਤਾ ਮੈਨੇਜਰ ਅਤੇ ਦੋ ਭੈਣਾਂ ਚੰਗੀ ਨੌਕਰੀ ਕਰ ਰਹੀਆਂ ਹਨ। ਇੱਕ ਭੈਣ ਵਿਆਹੀ ਹੋਈ ਹੈ। ਸੰਪਰਕ ਕਰੋ : 604-720-5687 AP 29-12

............................................

ਇੰਡੀਆ ਰਹਿੰਦੇ ਜੱਟ ਸਿੱਖ ਇਕਲੌਤਾ ਲੜਕਾ ਉਮਰ 27 ਸਾਲ ਕੱਦ 6 ਫੁੱਟ 2 ਇੰਚ ਲਈ ਕੈਨੇਡੀਅਨ ਇੰਮੀਗਰਾਂਟ/ਸਿਟੀਜਨ ਲੜਕੀ ਦੀ ਲੋੜ ਹੈ। ਪੜ੍ਹਾਈ ਤੌਰ ਆਈ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ ਹੈ।ਲੜਕਾ ITI ਡੀਜਲ ਕੋਰਸ ਹੋਲਡਰ ਹੈ। ਹੋਰ ਵਧੇਰੇ ਜਾਣਕਾਰੀ ਲਈ +1-604-938-4400 ਫੋਨ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ। BH 01-03

# ਲੋਕਰਾਜ ਦੇ ਵਿਗਾੜ ਅਤੇ ਇਸ ਦਾ ਇਲਾਜ ਕੀ ਹੋਵੇ?

**ਲੇਖਕ : ਸੁੱਚਾ ਸਿੰਘ ਖੱਟੜਾ**
**ਸੰਪਰਕ:** 94176-52947

ਮੁੱਦੇ ਦਾ ਓ ਅ... ਲੋਕਰਾਜ ਕੇਵਲ ਵਿਚਾਰ ਨਹੀਂ ਹੈ। ਲੋਕਰਾਜ ਅਮੂਰਤ ਨਹੀਂ ਹੈ। ਲੋਕਰਾਜ ਪਦਾਰਥਕ ਹੋਂਦ, ਹੈਸੀਅਤ ਅਤੇ ਵਜੂਦ ਹੈ। ਪਾਰਲੀਮੈਂਟ ਤੋਂ ਹੇਠਾਂ ਪੰਚਾਇਤਾਂ ਤੱਕ, ਸੰਵਿਧਾਨ ਅਤੇ ਸੰਵਿਧਾਨਕ ਸੰਸਥਾਵਾਂ ਲੋਕਰਾਜ ਦੀ ਪਦਾਰਥਕ ਹੋਂਦ ਦੇ ਅੰਗ ਹਨ। ਅੱਜ ਦਾ ਲੋਕਰਾਜ ਮਾਨਵ ਸਮਾਜ ਦੇ ਇਸ ਖੇਤਰ ਵਿੱਚ ਮਾਨਵ ਵਿਕਾਸ ਦਾ ਇਨਕਲਾਬੀ ਪੜਾਅ ਹੈ। ਸਫ਼ਰ ਜਾਰੀ ਹੈ। ਸੰਖੇਪ ਵਿੱਚ ਕਬੀਲਾ ਪ੍ਰਬੰਧ ਤੋਂ ਰਾਜਾਸ਼ਾਹੀ, ਰਾਜਾਸ਼ਾਹੀ ਤੋਂ ਅੱਜ ਦੇ ਲੋਕਤੰਤਰ ਉੱਤੇ ਪਹੁੰਚ ਗਏ ਹਾਂ। ਸੱਭਿਅਤਾ ਦਾ ਅਗਲਾ ਪੜਾਅ ਜ਼ਰੂਰ ਆਏਗਾ ਕਿਉਂਕਿ ਅੱਜ ਦੇ ਇਸ ਲੋਕਤੰਤਰ ਵਿੱਚ 'ਸਰਕਾਰ ਵੋਟ ਦੇਣ ਵਾਲ਼ਿਆਂ ਦੀ ਨਹੀਂ, ਵੋਟ ਲੈਣ ਵਾਲ਼ਿਆਂ ਦੀ ਬਣਦੀ ਹੈ'। ਇਹ ਵਰਤਾਰਾ ਵਰਤਾਉਣ ਵਾਲ਼ੀ ਮਸ਼ੀਨ ਦਾ ਕੰਮ ਵੋਟ ਪ੍ਰਣਾਲੀ ਸ਼ੁਰੂ ਹੋਣ ਤੋਂ ਅੱਜ ਤੱਕ ਜਾਰੀ ਹੈ। ਈਵੀਐੱਮ ਉੱਤੇ ਰੌਲ਼ਾ ਇਸ ਪਹਿਲਾਂ ਚੱਲਦੀ ਮਸ਼ੀਨ ਦੀ ਲਗਾਤਾਰਤਾ ਬਣਾਈ ਰੱਖਣ ਦਾ ਯਤਨ ਹੈ। ਇਸੇ ਲਈ ਇਸ ਮਸ਼ੀਨ ਨੂੰ ਹਟਾਉਣ ਦੀ ਬਜਾਇ ਲੋਕਾਂ ਦਾ ਧਿਆਨ ਅੱਜ ਦੀ ਈਵੀਐੱਮ ਦੇ ਸੁਧਾਰਾਂ ਨਾਲ਼ ਨੂੜ ਦਿੱਤਾ ਗਿਆ ਹੈ।

ਆਪਣੇ ਮੁਲਕ ਵਿੱਚ ਲੋਕਰਾਜ ਆਜ਼ਾਦੀ ਦੇ ਨਾਲ਼ ਹੀ ਆਇਆ ਕਿਹਾ ਜਾਣਾ ਚਾਹੀਦਾ ਹੈ। ਬਹੁਤ ਰੌਲ਼ਾ ਹੈ ਕਿ ਮੌਜੂਦਾ ਹਕੂਮਤ ਨੇ ਲੋਕਰਾਜ ਬਰਬਾਦ ਕਰ ਰੱਖਿਆ ਹੈ। ਹੁਣ ਮੌਜੂਦਾ ਹਕੂਮਤ ਇਸ ਲੋਕਤੰਤਰ ਦੇ ਆਧਾਰ, ਭਾਵ ਸੰਵਿਧਾਨ ਨੂੰ ਬਦਲਣ ਦੇ ਐਲਾਨ ਨਾਲ਼ ਚੋਣਾਂ ਵਿੱਚ ਉਤਰ ਕੇ ਜਨਮਤ ਦੀ ਮੋਹਰ ਲਗਵਾਉਣਾ ਚਾਹੁੰਦੀ ਹੈ। ਇਹ ਸਭ ਕੁਝ ਠੀਕ ਹੈ ਪਰ ਇਸ ਵਰਤਾਰੇ ਦੀ ਚਰਚਾ ਲੋਕਾਂ ਦੀ ਸਮਝ-ਬੂਝ ਤਿੱਖਾ ਕਰਦੀ ਪ੍ਰਤੀਤ ਨਹੀਂ ਹੁੰਦੀ। ਹੁਣ ਤੱਕ ਇਸ ਚਰਚਾ ਦੀ ਬਾਇਨਿਰੀ 'ਚੋਣ ਕਮਿਸ਼ਨ ਪੱਖਪਾਤੀ ਹੈ', ਇਸ ਦਾ ਹੱਲ ਹੈ 'ਚੋਣ ਕਮੀਸ਼ਨ ਨਿਰਪੱਖ ਹੋਣਾ ਚਾਹੀਦਾ ਹੈ', 'ਚੋਣਾਂ ਵਿੱਚ ਧਨ ਦੀ ਵਰਤੋਂ ਹੱਦੋਂ ਵੱਧ ਹੋ ਗਈ ਹੈ', ਇਸ ਦਾ ਹੱਲ 'ਚੋਣਾਂ ਵਿੱਚ ਧਨ ਦੀ ਵਰਤੋਂ ਘਟਣੀ ਚਾਹੀਦੀ ਹੈ'। ਇਹ ਮੁਹਾਰਨੀ ਪਾਠਕ ਨੂੰ ਸਹੀ ਫ਼ੈਸ.ਲਾ ਕਰਨ ਵਿੱਚ ਮਦਦ ਨਹੀਂ ਕਰਦੀ। ਲੋੜ ਮੁੱਦੇ ਦੀ ਕਿਸੇ ਹੋਰ ਦਿਸ਼ਾ ਤੋਂ ਵਿਸ਼ਲੇਸ਼ਣ ਕਰਨ ਦੀ ਹੈ। ਲੋਕਰਾਜ ਬਚਣਾ ਹੀ ਤਾਂ ਹੈ ਜੇਕਰ ਇਸ ਵਿਸ਼ੇ ਉੱਤੇ ਵੱਖਰੀ ਦਿਸ਼ਾ ਤੋਂ ਵਿਸ਼ਲੇਸ਼ਣ ਕੀਤਾ ਜਾਵੇ। ਇਸ ਵਿਸ਼ਲੇਸ਼ਣ ਵਿੱਚ ਲੋਕਰਾਜ ਨੂੰ ਬਚਾਉਣ ਵਾਲ਼ੀਆਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਨੀ ਅਤੇ ਇਸ ਸਬੰਧ ਵਿੱਚ ਉਨ੍ਹਾਂ ਸ਼ਕਤੀਆਂ ਨੂੰ ਲੋਕਰਾਜ ਨੂੰ ਬਚਾਉਣ ਦੀ ਲੋੜ ਅਤੇ ਇਸ ਕਾਰਜ ਉੱਤੇ ਕਾਰਜਸ਼ੀਲ ਹੋਣ ਲਈ ਪ੍ਰੇਰਨਾ ਦੇਣੀ ਪਏਗੀ। ਇਸ ਲਈ ਸਾਡੀ ਚਰਚਾ ਦੇ ਆਧਾਰ ਬਿੰਦੂ ਹਨ:

- ਮੁਲਕ ਵਿੱਚ ਲੋਕਰਾਜ ਕੌਣ ਲੈ ਕੇ ਆਏ ਅਤੇ ਕਿਵੇਂ ਲਿਆਂਦਾ?




- ਲੋਕਰਾਜ ਕੌਣ ਬਚਾਏਗਾ ਅਤੇ ਕਿਵੇਂ ਬਚਾਏਗਾ?

ਲੋਕਰਾਜ ਦੀ ਸਮਾਜ ਵਿੱਚ ਲੋੜ ਕਿਹਨੂੰ ਹੈ, ਇਹ ਬੁੱਝਣਾ ਜ਼ਰੂਰੀ ਹੈ ਕਿਉਂਕਿ ਲੋਕਰਾਜ ਲਿਆਉਣ ਵਾਲ਼ਿਆਂ ਨੇ ਹੀ ਇਸ ਨੂੰ ਬਚਾਉਣਾ ਹੈ। ਮੁਲਕ ਦੀ ਆਜ਼ਾਦੀ ਨਾਲ਼ ਹੀ ਸੰਵਿਧਾਨ ਮਿਲਿਆ ਅਤੇ ਸੰਵਿਧਾਨਕ ਲੋਕਰਾਜ ਸ਼ੁਰੂ ਹੋਇਆ। ਇਸ ਲੋਕਰਾਜ ਨੂੰ ਲਿਆਉਣ ਵਾਲ਼ੇ ਹਰ ਰੰਗ, ਧਰਮ ਅਤੇ ਨਰਮ-ਗਰਮ ਤਸੀਰਾਂ ਵਾਲ਼ੇ ਦੇਸ਼ਭਗਤਾਂ ਦੀ ਅਗਵਾਈ ਵਿੱਚ ਕਰੋੜਾਂ-ਕਰੋੜਾਂ ਭਾਰਤੀ ਸਨ। ਇਨ੍ਹਾਂ ਸਭਨਾਂ ਅੰਦਰ ਆਜ਼ਾਦੀ ਘੁਲਾਟੀਆਂ ਨੇ ਆਜ਼ਾਦ ਭਾਰਤ ਬਾਰੇ ਕਿੰਨੇ ਹੀ ਤਰ੍ਹਾਂ ਦੇ ਸੁਫ਼ਨੇ ਜਗਾਏ ਸਨ। ਮੁਲਕ ਦੀ ਦੌਲਤ ਇੰਗਲੈਂਡ ਦੇ ਖ਼ਜ਼ਾਨੇ ਦੀ ਥਾਂ ਆਜ਼ਾਦ ਭਾਰਤ ਦੇ ਖ਼ਜ਼ਾਨੇ ਵਿੱਚ ਜਾਏਗੀ, ਪੈਦਾਵਾਰੀ ਅਦਾਰੇ ਅਤੇ ਇਸ ਲਈ ਮੁੱਢਲਾ ਢਾਂਚਾ ਮੁਲਕ ਦੇ ਲੋਕਾਂ ਦੀ ਚੁਣੀ ਸੰਵਿਧਾਨਕ ਸਰਕਾਰ ਉਸਾਰੇਗੀ। ਸਿੱਖਿਆ, ਸਿਹਤ, ਸੰਚਾਰ ਅਤੇ ਸੜਕਾਂ, ਸਭ ਤਰ੍ਹਾਂ ਦੀਆਂ ਸੇਵਾਵਾਂ ਲਈ ਸਰਕਾਰੀ ਅਦਾਰੇ ਹੋਣਗੇ। ਸਭ ਲਈ ਮਿਆਰੀ ਸਿੱਖਿਆ, ਸਿਹਤ ਅਤੇ ਸੜਕ ਸੇਵਾਵਾਂ ਮੁਫ਼ਤ ਮਿਲਣਗੀਆਂ। ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੋਵੇਗੀ। ਕਿਸੇ ਵੀ ਆਧਾਰ 'ਤੇ ਕਿਸੇ ਨਾਲ਼ ਵੀ ਵਿਤਕਰਾ ਨਹੀਂ ਹੋਵੇਗਾ। ਸੰਵਿਧਾਨਕ ਸੰਸਥਾਵਾਂ ਮੌਕੇ ਦੀ ਸਰਕਾਰ ਦੀ ਦਖ਼ਲਅੰਦਾਜ਼ੀ ਤੋਂ ਬਿਨਾਂ ਕੰਮ ਕਰਨਗੀਆਂ। ਕਾਨੂੰਨ-ਘੜਨੀ ਅਦਾਰੇ ਭਾਵ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਸੰਵਿਧਾਨ ਵਿੱਚ ਦਰਜ ਨੀਤੀ ਨਿਰਦੇਸ਼ਾਂ ਦੀ ਲੋਅ ਵਿੱਚ ਕਾਨੂੰਨ ਬਣਾਉਣਗੇ ਆਦਿ-ਆਦਿ।

ਲੋਕਾਂ ਨੇ ਉਪਰੋਕਤ ਭਵਿੱਖੀ ਤਸਵੀਰ ਨੂੰ ਅਸਲੀਅਤ ਵਿੱਚ ਉਤਾਰਨ ਲਈ ਅੰਗਰੇਜ਼ ਹਕੂਮਤ ਦੀਆਂ ਫਾਂਸੀਆਂ, ਲੰਮੀਆਂ ਜੇਲ੍ਹਾਂ, ਕੁਰਕੀਆਂ, ਤਸੀਹੇ ਅਤੇ ਜ਼ਿੱਲਤਾਂ ਸਹਾਰ ਕੇ ਆਜ਼ਾਦੀ ਅਤੇ ਸੰਵਿਧਾਨ ਲਿਆਂਦੇ। ਇਹ (ੳ) ਧਿਰ ਲੋਕਰਾਜ ਨੂੰ ਲਿਆਉਣ ਵਾਲੀ ਹੈ।

ਦੂਜੀ ਧਿਰ ਭਾਰਤੀ ਜਨਤਾ ਪਾਰਟੀ, ਇਸ ਦੀ ਮਾਂ ਜਨਸੰਘ, ਉਸ ਦੀ ਮਾਂ ਆਰਐੱਸਐੱਸ, ਮਾਸੀ ਹਿੰਦੂ ਮਹਾਂ ਸਭਾ ਅਤੇ ਧਨ ਕੁਬੇਰਾਂ ਦੀ ਮੁਲਕ ਲਈ ਆਜ਼ਾਦੀ ਅਤੇ ਸੰਵਿਧਾਨ ਦੀ ਪ੍ਰਾਪਤੀ ਵਿੱਚ ਉੱਕੀ ਹੀ ਭੂਮਿਕਾ ਨਹੀਂ। ਹਾਂ, ਆਜ਼ਾਦੀ ਸੰਗਰਾਮ ਅਤੇ ਆਜ਼ਾਦੀ ਸੰਗਰਾਮੀਆਂ ਦੇ ਵਿਰੋਧ ਵਿੱਚ ਭੁਗਤਣ ਦੀਆਂ ਅਨੇਕ ਮਿਸਾਲਾਂ ਹਨ। ਹੁਣ ਦੂਜੀ ਧਿਰ ਦੀ ਮੁਲਕ ਦੀ ਆਜ਼ਾਦੀ, ਸੰਵਿਧਾਨ ਅਤੇ ਲੋਕਰਾਜ ਲਿਆਉਣ ਵਿੱਚ ਕੋਈ ਭੂਮਿਕਾ ਨਹੀਂ, ਇਸ ਲਈ ਇਸ ਨੂੰ ਬਚਾਉਣ ਵਾਲ਼ੀ ਇਹ ਕਦੇ ਵੀ ਧਿਰ ਨਹੀਂ ਬਣੇਗੀ। ਸਮਾਜ ਅਤੇ ਰਾਜ/ਪ੍ਰਸ਼ਾਸਨ ਚਲਾਉਣ ਲਈ ਸੰਵਿਧਾਨ ਦੀ ਥਾਂ ਇਹ ਧਿਰ ਮਨੂੰ ਸਮਰਿਤੀ ਤੋਂ ਅਗਵਾਈ ਲੈਣ ਵਿੱਚ ਭਰੋਸਾ ਰੱਖਦੀ ਹੈ। ਸੰਵਿਧਾਨ ਅਤੇ ਸੰਵਿਧਾਨ ਉੱਤੇ ਆਧਾਰਿਤ ਲੋਕਰਾਜ ਦੀ ਭਾਰਤੀ ਜਨਤਾ ਪਾਰਟੀ ਨੂੰ ਉੱਕਾ ਲੋੜ ਨਹੀਂ। ਇਸੇ ਬਰੈਕਟ ਵਿੱਚ ਮੁਲਕ ਦੇ ਧਨ ਕੁਬੇਰ ਹਨ ਜੋ ਸੋਚ ਅਤੇ ਹਿਤਾਂ, ਦੋਹਾਂ ਵਿੱਚ ਸਾਂਝੀਦਾਰ ਹਨ। ਲੋਕਰਾਜ ਅਤੇ ਲੋਕਰਾਜੀ ਸੰਸਥਾਵਾਂ ਨੂੰ ਗ਼ੁਲਾਮ ਅਤੇ ਅਪੰਗ ਕਰਨਾ ਇਨ੍ਹਾਂ ਦੋਹਾਂ ਦਾ ਏਜੰਡਾ ਰਿਹਾ ਹੈ।

ਇਹ ਪ੍ਰਸ਼ਨ ਵੀ ਉੱਤਰ ਮੰਗਦਾ ਹੈ ਕਿ ਜੇਕਰ ਭਾਰਤੀ ਜਨਤਾ ਪਾਰਟੀ ਵਿਰੁੱਧ ਇਤਿਹਾਸ ਇੰਨਾ ਕੁਝ ਦਿਖਾ ਰਿਹਾ ਹੈ ਤਾਂ ਇਹ ਜਮਾਤ ਇਸੇ ਲੋਕਰਾਜ ਦੀ ਕੁਰਸੀ ਕਿਵੇਂ ਲੈ ਗਈ? ਉੱਤਰ ਹੈ, ਇਸ ਨੂੰ ਇਸ ਬੁਲੰਦੀ ਤੱਕ ਲਿਆਉਣ ਵਿੱਚ ਮੁੱਖ ਭੂਮਿਕਾ ਕਾਂਗਰਸ ਦੀ ਅਤੇ ਉਪ ਭੂਮਿਕਾ ਵਿੱਚ ਕਮਿਊਨਿਸਟਾਂ ਤੋਂ ਬਿਨਾਂ ਉਹ ਸਾਰੇ ਹਨ ਜਿਹੜੇ ਅੱਜ ਮੁੜ ਆਪਣੀ ਹੋਂਦ ਸਥਾਪਿਤ ਕਰਨ ਲਈ ਇੱਕ ਹਨ। ਇਹ ਧਿਰਾਂ ਆਪਣੀਆਂ ਆਰਥਿਕ ਨੀਤੀਆਂ ਕਾਰਨ ਭ੍ਰਿਸ਼ਟ ਹੋ ਕੇ ਲੋਕਾਂ ਨੂੰ ਭੁੱਲ ਗਈਆਂ। ਆਰਥਿਕਤਾ ਨੂੰ ਸਮਾਜਵਾਦੀ ਲੀਹ ਤੋਂ ਉਤਾਰ ਦਿੱਤਾ। ਭਾਰਤੀ ਜਨਤਾ ਪਾਰਟੀ ਦਾ ਧਰਮ ਆਧਾਰਿਤ ਨਫ਼ਰਤੀ ਏਜੰਡਾ ਲੋਕਾਂ ਵਿੱਚ ਬਦਨਾਮ ਨਾ ਕਰ ਸਕੇ। ਨਤੀਜੇ ਵਜੋਂ ਭਾਰਤੀ ਜਨਤਾ ਪਾਰਟੀ ਲਈ ਇੱਕ ਪਾਸੇ ਰਾਸ ਆਉਂਦਾ ਆਰਥਿਕ ਮਾਡਲ ਖੜ੍ਹਾ ਕਰ ਦਿੱਤਾ ਅਤੇ ਦੂਜੇ ਪਾਸੇ ਸਮਾਜ ਦਾ ਵੱਡਾ ਹਿੱਸਾ ਧਰਮ ਦੇ ਆਧਾਰ 'ਤੇ ਉਨ੍ਹਾਂ ਦੀ ਝੋਲੀ ਪਾ ਦਿੱਤਾ। ਕਮਿਊਨਿਸਟਾਂ ਤੋਂ ਬਗ਼ੈਰ ਕਾਂਗਰਸ ਅਤੇ ਇਹ ਦੂਜੀਆਂ ਪਾਰਟੀਆਂ ਆਰਐੱਸਐੱਸ ਦੀ ਮੁਲਕ ਪ੍ਰਤੀ ਹੌਲੀ ਭੂਮਿਕਾ ਤੋਂ ਲੋਕਾਂ ਨੂੰ ਜਾਣੂ ਨਾ ਕਰਵਾ ਸਕੀਆਂ। ਕਾਂਗਰਸ ਅਤੇ 'ਇੰਡੀਆ' ਗੱਠਜੋੜ ਵਿੱਚ ਜੁੜੀਆਂ ਧਿਰਾਂ ਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ ਕਿ ਭਾਰਤੀ ਜਨਤਾ ਪਾਰਟੀ ਨਹਿਰੂ, ਗਾਂਧੀ ਸਭਨਾਂ ਸਬੰਧੀ ਝੂਠ-ਪ੍ਰਚਾਰ ਵਿੱਚ ਸਫ਼ਲ ਰਹੀ। ਇੱਧਰ ਕਾਂਗਰਸ ਇਨ੍ਹਾਂ ਹੀ ਆਗੂਆਂ ਬਾਰੇ ਸੱਚ ਵੀ ਨਾ ਪ੍ਰਚਾਰ ਸਕੀ।

ਹੁਣ ਪ੍ਰਸ਼ਨ ਹੈ ਕਿ ਪਹਿਲੀ ਧਿਰ ਨੂੰ ਲੋਕਤੰਤਰ ਦੀ ਲੋੜ ਕਿਉਂ ਹੈ? ਉੱਤਰ ਹੈ ਕਿ ਲੋਕਤੰਤਰ ਦੀ ਮੌਤ ਨਾਲ਼ ਇਸ ਧਿਰ ਦੀ ਮੌਤ ਲਿਖੀ ਗਈ ਹੈ। ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਮੀਡੀਆ ਕਰਮੀਆਂ, ਸੁਤੰਤਰ ਮੀਡੀਆ ਦੇ ਹਮਾਇਤੀਆਂ, ਬੁੱਧੀਜੀਵੀਆਂ ਅਤੇ ਸਮਾਜ ਦੇ ਕਿਸੇ ਵੀ ਪੀੜਤ ਵਰਗ ਨੂੰ ਆਪੋ-ਆਪਣੇ ਸੰਘਰਸ਼ਾਂ ਤੋਂ ਇਸ ਪ੍ਰਸ਼ਨ ਉੱਤੇ ਸਹੀ-ਸਹੀ ਉੱਤਰ ਮਿਲ ਜਾਵੇਗਾ। ਇਨ੍ਹਾਂ ਮਿਹਨਤਕਸ਼ਾਂ ਦੇ ਸੰਘਰਸ਼ਾਂ ਨੇ ਆਪੋ-ਆਪਣੀ ਕੰਧ ਉੱਤੇ ਇਹ ਉੱਤਰ ਲਿਖ ਰੱਖਿਆ ਹੈ। ਇਸ ਨੂੰ ਪੜ੍ਹਨ-ਸਮਝਣ ਵਿੱਚ ਜੀਵਨ ਹੈ, ਨਾ ਪੜ੍ਹਨ ਵਿੱਚ ਮੌਤ ਹੈ।

ਆਖ਼ਰੀ ਗੱਲ ਲੋਕਰਾਜ ਦੀ ਬਹਾਲੀ ਦੀ ਗਰੰਟੀ 'ਇੰਡੀਆ' ਗੱਠਜੋੜ ਦੇ ਜਿੱਤਣ ਨਾਲ਼ ਹੀ ਨਹੀਂ ਹੋਣੀ। ਇਹ ਧਿਰ ਅਤੇ ਧਿਰਾਂ ਉਹੀ ਹਨ ਜਿਨ੍ਹਾਂ ਨੇ ਭਾਰਤੀ ਜਨਤਾ ਪਾਰਟੀ, ਆਰਐੱਸਐੱਸ ਅਤੇ ਕਾਰਪੋਰੇਟ ਦੀ ਤਿਕੜੀ ਨੂੰ ਗੱਦੀ ਉੱਤੇ ਬਿਠਉਣ ਲਈ ਰਾਹ ਤਿਆਰ ਕੀਤਾ। ਉਪਰੋਕਤ ਲੜਦੀਆਂ ਸ਼ਕਤੀਆਂ ਨੂੰ ਲੋਕਰਾਜ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਦਿਆਂ ਨਵੇਂ ਲੀਡਰ ਅਤੇ ਨਵੇਂ ਆਰਥਿਕ ਢਾਂਚਿਆਂ ਦੇ ਬਿਰਤਾਂਤ ਦੀ ਸਿਰਜਣਾ ਕਰਨੀ ਪਏਗੀ। ਕੁਰਸੀ ਲਈ ਤਰਲੋਮੱਛੀ 'ਇੰਡੀਆ' ਗੱਠਜੋੜ ਸਾਹਮਣੇ ਉਨ੍ਹਾਂ ਦੇ ਹੀ ਚੋਣ ਮਨੋਰਥ ਪੱਤਰ ਨੂੰ ਮੂਹਰੇ ਰੱਖ ਕੇ ਅਗਲੇ ਸੰਘਰਸ਼ ਕਰਨੇ ਪੈਣਗੇ। ਭਾਰਤੀ ਜਨਤਾ ਪਾਰਟੀ ਨੂੰ ਹਮੇਸ਼ਾ-ਹਮੇਸ਼ਾ ਲਈ ਭਾਰਤੀ ਜਨ-ਸਮੂਹਾਂ ਵਿੱਚੋਂ ਨਖੇੜ ਕੇ ਰੱਖਣ ਦਾ ਕੰਮ ਵੀ ਇਨ੍ਹਾਂ ਸੰਘਰਸ਼ੀ ਲੋਕਾਂ ਨੂੰ ਹੀ ਕਰਨਾ ਪਏਗਾ। ਰਾਹੁਲ ਗਾਂਧੀ ਦੀਆਂ ਪੰਜ ਨਿਆਂ ਗਰੰਟੀਆਂ ਲਾਗੂ ਕਰਵਾਉਣ ਵਿੱਚ ਲੋਕਰਾਜ ਬਚਿਆ ਰਹਿਣ ਦੀ ਸੰਭਾਵਨਾ ਹੈ। ਜਿਹੜੀ ਧਿਰ ਨੂੰ ਲੋਕਰਾਜ ਬਚਾਉਣ ਦੀ ਲੋੜ ਹੈ, ਉਸ ਨੂੰ ਸੰਘਰਸ਼ ਕਰਦਿਆਂ ਸਿਆਣੇ ਬਣਨ ਅਤੇ ਸਿਆਣੇ ਬਣ ਕੇ ਸੰਘਰਸ਼ ਕਰਨ ਦਾ ਸਿਲਸਿਲਾ ਸੂਤਰਬੱਧ ਕਰਨਾ ਹੋਏਗਾ। ਯਾਦ ਰੱਖਣਾ ਪਏਗਾ, ਲੋਕਤੰਤਰ ਦੇ ਨਵੇਂ ਪੜਾਅ ਉੱਤੇ ਤਾਂ ਹੀ ਪਹੁੰਚਾਂਗੇ ਜੇ ਮੌਜੂਦਾ ਲੋਕਤੰਤਰ ਨੂੰ ਲੱਗੇ ਜ਼ਖ਼ਮ ਠੀਕ ਕਰ ਲਏ ਜਾਣਗੇ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

# ਬਾਪੂ ਦੀ ਜੁੱਤੀ

ਯਾਦ ਆ ਕੇਰਾਂ ਬੱਸ ਤਲਵੰਡੀ ਬੱਸ ਸਟੈਂਡ ਚ ਦਾਖ਼ਲ ਹੋਈ ਤੇ ਬੱਸ ਸਟੈਂਡ ਦੇ ਬਾਹਰ ਖੇਡਣ ਵਾਲੇ ਨਿੱਕੇ ਵੱਡੇ ਲੋਹੇ ਤੇ ਲੱਕੜ ਦੇ ਟਰੈਕਟਰ ਕਿਸੇ ਦੁਕਾਨ ਦੇ ਬਾਹਰ ਸਜਾਏ ਹੋਏ ਸੀ ਤੇ ਮੈਂ ਬਾਪੂ ਨੂੰ ਹਲੂਣ ਕੇ ਟਰੈਕਟਰ ਦਿਖਾਏ ਪਰ ਬਾਪੂ ਨੇ ਗੱਲ ਅਣਸੁਣੀ ਕਰ ਦਿੱਤੀ।

ਅਸੀਂ ਬੱਸ ਸਟੈਂਡ ਉੱਤਰੇ ਤੇ ਬਾਪੂ ਤੇ ਮੈਂ ਉੱਤਰ ਕੇ ਬੱਸ ਸਟੈਂਡ ਚ ਬੈਠਣ ਲਈ ਬਣੀਆਂ ਥੜੀਆਂ ਤੇ ਬੈਠ ਗਏ। ਬਾਪੂ ਇੱਕਦਮ ਉੱਠਿਆ ਤੇ ਮੇਰਾ ਹੱਥ ਫੜ੍ਹ ਬਾਪੂ ਮੋਚੀ ਕੋਲ ਚਲਾ ਗਿਆ ਤੇ ਆਵਦੀ ਜੁੱਤੀ ਲਾਹ ਕੇ ਮੋਚੀ ਨੂੰ ਦੇ ਦਿੱਤੀ। ਮੋਚੀ ਕਹਿੰਦਾ ਕਿ ਜੁੱਤੀ ਦੀ ਹਾਲਤ ਖ਼ਰਾਬ ਹੀ ਆ ,ਜੇ ਬਾਹਲਾ ਕਹਿੰਨੇ ਆ ਤਾਂ ਸਿਉ ਦਿੰਨਾ ..ਪਰ ਮਿਲੂ ਕੱਲ੍ਹ। ਬਾਪੂ ਨੇ ਦੂਜੀ ਜੁੱਤੀ ਵੀ ਲਾਹ ਕੇ ਮੋਚੀ ਕੋਲ ਰੱਖ ਦਿੱਤੀ ਤੇ ਕਿਹਾ ਕਿ ਕੱਲ੍ਹ ਹੀ ਲੈ ਜਾਂਵਾਂਗੇ ਦੋਨੋਂ। ਬਾਪੂ ਨੰਗੇ ਪੈਰ ਤੁਰ ਫਿਰ ਉਸੇ ਥੜ੍ਹੀ ਤੇ ਜਾ ਕੇ ਬੈਠ ਗਿਆ ਤੇ ਮੈਂ ਵੀ ਬਾਪੂ ਦੇ ਪਿੱਛੇ ਹੀ। ਫੁੱਲੇ , ਗਿਰੀਆਂ , ਪਾਪੜ ਵੇਚਣ ਵਾਲੇ ਵਾਰ ਵਾਰ ਕੋਲੇ ਆਉਂਦੇ ਤੇ ਮੇਰੇ ਚ ਹਿੰਮਤ ਨਾ ਪਈ ਕਿ ਬਾਪੂ ਨੂੰ ਕਹਿ ਦੇਵਾਂ ਕਿ ਮੈਨੂੰ ਚੀਜ਼ੀ ਦਵਾ ਦੇ। ਫਿਰ ਬਾਪੂ ਨੇ ਮੈਲੇ ਜੇਹੇ ਝੋਲੇ ਚੋ ਪਾਣੀ ਦੀ ਬੋਤਲ ਕੱਢੀ ਤੇ ਮੇਰੇ ਮੂਹਰੇ ਕਰ ਦਿੱਤੀ ਕਿ ਤ੍ਰੇਹ ਲੱਗੀ ਤਾਂ ਪੀ ਲੈ। ਮੈਂ ਗਟਾਗਟ ਸਾਰਾ ਪਾਣੀ ਪੀ ਲਿਆ ਤੇ ਬਾਪੂ ਸਕੂਨ ਨਾਲ ਮੇਰੇ ਮੂੰਹ ਵੱਲ ਦੇਖ ਰਿਹਾ ਸੀ। ਜਿਵੇਂ ਉਸਦੀ ਪਿਆਸ ਵੀ ਮੈਂ ਪਾਣੀ ਪੀ ਕੇ ਮੁਕਾ ਦਿੱਤੀ ਹੋਵੇ। ਬਾਪੂ ਨੇ ਬੋਤਲ ਮੁੜ ਝੋਲੇ ਚ ਪਾ ਲਈ। ਸਾਨੂੰ ਪਿੰਡ ਵਾਲੀ ਬੱਸ ਮਿਲ ਗਈ ਤੇ ਅਸੀਂ ਪਿੰਡ ਪੁੱਜ ਗਏ।

ਪੰਦਰਾਂ ਦਿਨ ਬਾਅਦ ਵਾਢੀ ਸ਼ੁਰੂ ਹੋਈ। ਬਾਪੂ ਉਸ ਦਿਨ ਆੜਤੀਆਂ ਤੋਂ ਪੈਸੇ ਲੈਣ ਤਲਵੰਡੀ ਗਿਆ ਹੋਇਆ ਸੀ। ਦੁਪਹਿਰੇ ਜੇਹੇ ਤਾਇਆ ਬਿਸ਼ਨਾ ਭੱਜਿਆ ਭੱਜਿਆ ਘਰ ਆਇਆ ਤੇ ਮਾਂ ਚਾਹ ਬਣਾ ਰਹੀ ਸੀ। ਚੌਂਤਰੇ ਕੋਲ ਜਾ ਖੰਗੂਰਾ ਜੇਹਾ ਮਾਰ ਕੇ ਕਿਹਾ , "ਭਾਈ ਲਛਮਣ ਦਾ ਤਲਵੰਡੀ ਤੋਂ ਆਉਂਦੇ ਦਾ ਐਂਕਸੀਡੈਂਟ ਹੋ ਗਿਆ , ਮੈਂ ਉੱਥੇ ਚੱਲਾ। ਤੇਰੀ ਭੈਣ ਆਉਂਦੀ ਆ ਤੇਰੇ ਕੋਲ ..." ਐਨਾ ਕਹਿ ਕੇ ਤਾਇਆ ਚਲਾ ਗਿਆ ਤੇ ਮਾਂ ਥਾਏਂ ਖੜ੍ਹੀ ਸੁੰਨ ਜੇਹੀ ਹੋ ਗਈ ਤੇ ਫਿਰ ਚੱਕਰ ਜੇਹਾ ਖਾ ਕੇ ਡਿੱਗ ਗਈ। ਮੈਂ ਦਵਾਦਵਾ ਆ ਕੇ ਮਾਂ ਨੂੰ ਪਾਣੀ ਪਿਆਇਆ ਤੇ ਐਨੇ ਨੂੰ ਤਾਈ ਆ ਗਈ। ਤਾਈ ਮਾਂ ਦੇ ਹੱਥ ਪੈਰ ਮਲਣ ਲੱਗੀ। ਤਾਏ ਦਾ ਮੁੰਡਾ ਡਾਕਟਰ ਲੈ ਆਇਆ। ਡਾਕਟਰ ਨੇ ਦੱਸਿਆ ਕਿ ਬਲੱਡ ਘਟਿਆ ਏ ,ਥੋੜੇ ਟਾਈਮ ਨੂੰ ਠੀਕ ਹੋ ਜਾਣਗੇ।

ਤਿੰਨ ਘੰਟੇ ਬਾਅਦ ਜੀਪ ਤੌਂ ਤਾਇਆ ਰੋਂਦਾ ਰੋਂਦਾ ਉੱਤਰਿਆ ਕਿ ਆਪਾਂ ਤਾਂ ਲੁੱਟੇ ਗਏ , ਮੁੱਕ ਗਿਆ ਮੇਰਾ ਭਰਾ .... ਤਾਇਆ ਵਿਹੜੇ ਚ ਬੈਠ ਧਾਹਾਂ ਮਾਰਨ ਲੱਗਾ। ਫਿਰ ਐਂਬੂਲੈਂਸ ਆਈ ਤੇ ਇੱਕ ਦੋ ਹੋਰ ਗੱਡੀਆਂ ਤੇ ਇੱਕ ਟਰੈਕਟਰ -ਟਰਾਲੀ ਜਿਸਤੇ ਬਾਪੂ ਦਾ ਸਕੂਟਰ ਰੱਖਿਆ ਹੋਇਆ ਸੀ। ਘਰ ਚ ਇਕੱਠ ਹੋਣਾ ਸ਼ੁਰੂ ਹੋ ਗਿਆ। ਕੋਈ ਬਾਪੂ ਦੀ ਲਾਸ਼ ਨੂੰ ਗੱਡੀ ਚੋ ਲੁਆ ਰਿਹਾ ਸੀ ਤੇ ਕੋਈ ਬਾਪੂ ਦਾ ਸਕੂਟਰ। ਮੈਂ ਡਰਿਆ ਸਹਿਮਿਆ ਭੂਆ ਦੀ ਬੁੱਕਲ ਚ ਬੈਠਾ ਸੀ , ਰੋ ਰਿਹਾ ਸੀ। ਬਾਪੂ ਨੂੰ ਨੁਹਾਉਣ ਲਈ ਲੈ ਗਏ। ਭੂਆ ਮੈਨੂੰ ਚੁੱਕ ਕੇ ਸਕੂਟਰ ਕੋਲ੍ਹ ਚਲੀ ਗਈ ਤੇ ਉਹਦੀ ਭੁੱਬ ਨਿਕਲ ਗਈ। ਮੇਰੀ ਨਿਗ੍ਹਾ ਸਕੂਟਰ ਮਗਰ ਬੰਨ੍ਹੇ ਉਸ ਖਿਡੌਣੇ ਟਰੈਕਟਰ ਤੇ ਪਈ ਜੋ ਬਾਪੂ ਬਿਨ੍ਹਾਂ ਦੱਸੇ ਮੇਰੇ ਲਈ ਲੈ ਕੇ ਆ ਰਿਹਾ ਸੀ। ਮੇਰੀਆਂ ਅੱਖਾਂ ਤਿੱਪ ਤਿੱਪ ਚੋਣ ਲੱਗੀਆਂ। ਭੂਆ ਨੇ ਮੈਨੂੰ ਜ਼ੋਰ ਦੇਣੇ ਘੁੱਟ ਲਿਆ ਤੇ ਕਮਰੇ ਚ ਲੈ ਕੇ ਚਲੀ ਗਈ। ਮੈਂ ਕੰਬ ਰਿਹਾ ਸੀ ਤੇ ਭੂਆ ਮੈਨੂੰ ਕਲਾਵੇ ਚ ਘੁੱਟੀ ਬੈਠੀ ਸੀ ਜਿਵੇਂ ਮੈਂ ਉਸਦਾ ਵੀਰ ਹੋਵਾਂ ਤੇ ਮੈਨੂੰ ਮੁੜ ਤੋਂ ਖੋਹਣ ਤੋਂ ਡਰ ਰਹੀ ਹੋਵੇ ਤੇ ਇੱਕ ਦੋ ਵਾਰ ਉਸਦੇ ਮੂੰਹੋਂ ਨਿਕਲਿਆ ਕਿ ਨਾ ਲਛਮਣ ਰੋ ਨਾ , ਤੇਰੀ ਭੈਣ ਹੈਗੀ ਆ .... ਫ਼ਿਕਰ ਨਾ ਕਰ। ਭੂਆ ਦਾ ਆਵਦਾ ਤੌਰ ਚੁੱਕਿਆ ਗਿਆ ਸੀ।

ਬਾਪੂ ਨੂੰ ਨਵਾਉਣ ਲੱਗੇ ਉਸਦੇ ਗੀਜ਼ੇ ਚੋ ਆੜਤੀਆ ਦੇ ਦਿੱਤੇ ਚੈੱਕ ਨਿਕਲੇ ਜੋ ਵੱਡੇ ਫੁੱਫੜ ਜੀ ਨੂੰ ਸਾਂਭਣ ਲਈ ਫੜ੍ਹਾ ਦਿੱਤੇ। ਬਾਪੂ ਦਾ ਸੰਸਕਾਰ ਹੋ ਗਿਆ। ਬਾਪੂ ਦਾ ਸਕੂਟਰ ਦਲਾਨ ਨਾਲ ਲੱਗਦੇ ਛਟਰ ਵਾਲੇ ਕਮਰੇ ਚ ਸਾਂਭ ਦਿੱਤਾ ਤੇ ਉਹ ਨਿੱਕਾ ਟਰੈਕਟਰ ਵੀ ਉਵੇਂ ਹੀ ਸਕੂਟਰ ਮਗਰ ਬੰਨਿਆ ਹੋਇਆ। ਉਹ ਛਟਰ ਵਾਲਾ ਕਮਰਾ ਮੇਰੀ ਸੁਰਤ ਚ ਬੰਦ ਹੀ ਰਹਿੰਦਾ ਤੇ ਕਿਸੇ ਦੀ ਹਿੰਮਤ ਹੀ ਨਹੀਂ ਸੀ ਪਈ ਕਿ ਬਾਪੂ ਦਾ ਸਕੂਟਰ ਠੀਕ ਕਰਾ ਕੇ ਵਰਤ ਲਈਏ ਤੇ ਟਰੈਕਟਰ ਨਾਲ ਖੇਡ ਲਈਏ। ਮੈਂ ਤੇ ਮਾਂ ਦੋਵੇਂ ਕੈਨੇਡਾ ਚਲੇ ਗਏ। ਪਿੰਡ ਪੰਜ ਸਾਲਾਂ ਬਾਅਦ ਗੇੜ੍ਹਾ ਲੱਗਦਾ।

ਅੱਜ 25 ਵਰ੍ਹਿਆਂ ਬਾਅਦ ਮੈਂ ਆਵਦੇ ਪਰਿਵਾਰ ਸਮੇਤ ਪਿੰਡ ਆਇਆ ਤੇ ਨਾਲ ਇੱਕ ਨਵਾਂ ਜੀਅ ਵੀ ਸੀ ,ਉਹ ਸੀ ਮੇਰਾ ਪੁੱਤ। ਮਿਲਣ ਵਾਲੇ ਲੋਕ ਆਖ ਰਹੇ ਸੀ ਕਿ ਜਮ੍ਹਾ ਲਛਮਣ ਸਿੰਹੁ ਦਾ ਮੁਹਾਂਦਰਾਂ ਏ ਮੇਰੇ ਪੁੱਤ ਦਾ।

ਐਤਵਾਰ ਵਾਲੇ ਦਿਨ ਪਤਾ ਨਹੀਂ ਮਨ ਚ ਕੀ ਆਇਆ ਕਿ ਉਸ ਸ਼ਾਮ ਮੈਂ ਉਹ ਛਟਰ ਵਾਲਾ ਕਮਰਾ ਖੋਲ ਲਿਆ ਤੇ ਮੇਰਾ ਬੇਟਾ ਮੇਰੀ ਗੋਦੀ ਤੋਂ ਉੱਤਰ ਸਕੂਟਰ ਕੋਲ ਜਾ ਖੜ੍ਹਾ ਹੋ ਗਿਆ ਤੇ ਸਕੂਟਰ ਤੇ ਲਾਲ ਲੀੜਾ ਦਿੱਤਾ ਹੋਇਆ ਸੀ ਪਰ ਅੱਧਾ ਲੀੜ੍ਹਾ ਲਹਿ ਗਿਆ ਸੀ। ਬੇਟੇ ਦੀ ਨਿਗ੍ਹਾ ਟਰੈਕਟਰ ਤੇ ਪਈ ਤੇ ਉਹ ਜ਼ਿੱਦ ਕਰਨ ਲੱਗਾ ਕਿ ਉਹ ਟਰੈਕਟਰ ਲੈਣਾ ਏ ਖੇਡਣ ਲਈ। ਮੈਂ ਭਰੇ ਜੇਹੇ ਮਨ ਨਾਲ ਲਾਲ ਲੀੜੇ ਨੂੰ ਖਿੱਚ ਲਿਆ ਤੇ ਸਾਰੀ ਮਿੱਟੀ ਸਾਡੇ ਦੋਵਾਂ ਤੇ ਪੈ ਗਈ। ਮੈਨੂੰ ਉਸ ਮਿੱਟੀ ਦੀ ਖੁਸ਼ਬੋ ਚੰਗੀ ਲੱਗੀ। ਮੈਂ ਸਕੂਟਰ ਨੂੰ ਰੋੜ੍ਹ ਕੇ ਵਿਹੜੇ ਚ ਲੈ ਆਇਆ। ਮਾਂ ਭਾਂਡੇ ਵਿੱਚੇ ਛੱਡ ਸਾਡੇ ਕੋਲ ਆ ਗਈ ... ਸ਼ਾਇਦ ਮੈਨੂੰ ਸਹਾਰਾ ਦੇਣ ਕਿ ਕਿਧਰੇ ਸਕੂਟਰ ਦੇਖ ਮੈਂ ਕਮਜ਼ੋਰ ਪੈ ਰੋਣ ਨਾ ਲੱਗ ਜਾਵਾਂ ਪਰ ਸਕੂਟਰ ਕੋਲ ਆ ਮਾਂ ਨੇ ਹਾਉਂਕਾ ਲਿਆ ਤੇ ਆਵਦੇ ਮੂੰਹ ਨੂੰ ਚੁੰਨੀ ਨਾਲ ਪੂੰਝਣ ਲੱਗੀ। ਮੈਂ ਸਕੂਟਰ ਸਾਫ਼ ਕੀਤਾ ਤੇ ਟਰੈਕਟਰ ਵੀ। ਟਰੈਕਟਰ ਬੇਟੇ ਨੂੰ ਖੇਡਣ ਲਈ ਦੇ ਦਿੱਤਾ।

ਸਕੂਟਰ ਜੀਪ ਤੇ ਉਲੱਧ ਕੇ ਤਾਏ ਦੇ ਮੁੰਡੇ ਬਾਲ ਸ਼ਹਿਰ ਵੱਲ ਚੱਲ ਪਿਆ। ਠੀਕ ਕਰਾ ਸਕੂਟਰ ਨੂੰ ਫਿਰ ਤੋਂ ਨਵਾਂ ਬਣਾ ਲਿਆ। ਜੀਪ ਤਾਏ ਦਾ ਮੁੰਡਾ ਘਰ ਲੈ ਆਇਆ ਤੇ ਮੈਨੂੰ ਸਕੂਟਰ ਤੇ ਸ਼ਹਿਰੋਂ ਪਿੰਡ ਆਉਂਦੇ ਰਸਤੇ ਚ ਖਿਆਲ ਆਇਆ ਕਿ ਬਾਪੂ ਨੇ ਕੇਰਾਂ ਜੁੱਤੀ ਗੰਢਣੀ ਦਿੱਤੀ ਸੀ ਮੋਚੀ ਕੋਲ ਬੱਸ ਸਟੈਂਡ ਚ। ਪਤਾ ਨਹੀਂ ਕੀ ਸੋਚ ਮੈਂ ਸਕੂਟਰ ਫਿਰ ਤੋਂ ਸ਼ਹਿਰ ਵੱਲ ਮੋੜ ਲਿਆ ਤੇ ਬੱਸ ਸਟੈਂਡ ਚਲਾ ਗਿਆ। ਉੱਥੇ ਹੁਣ ਟਰੈਕਟਰ ਦੇ ਖਿਡੌਣਿਆਂ ਦੀ ਕੋਈ ਦੁਕਾਨ ਨਹੀਂ ਸੀ।

ਬੱਸ ਸਟੈਂਡ ਜਾ ਕੇ ਮੈਂ ਉਸੇ ਜਗ੍ਹਾ ਬਣੀ ਨਵੀਂ ਥੜ੍ਹੀ ਤੇ ਕਿੰਨਾ ਚਿਰ ਬੈਠਾ ਰਿਹਾ ਤੇ ਫਿਰ ਉੱਥੋਂ ਉੱਠ ਕੇ ਉਹੀ ਮੋਚੀ ਕੋਲ ਗਿਆ ਜੋ ਕਿ ਹੁਣ ਬੁੱਢਾ ਹੋ ਚੁੱਕਾ ਸੀ। ਮੈਂ ਮੋਚੀ ਕੋਲ ਜਾ ਕੇ ਕਿਹਾ ਕਿ ਮੇਰੇ ਬਾਪੂ ਦੀ ਜੁੱਤੀ ਲੈ ਕੇ ਜਾਣੀ ਏ। ਮੋਚੀ ਨੇ ਕਿਹਾ , "ਕਿਸਦੀ ?"ਮੈਂ ਬਾਪੂ ਦੀ ਪਾਸਪੋਰਟ ਸਾਈਜ਼ ਫੋਟੋ ਬਟੂਏ ਚੋ ਕੱਢ ਕੇ ਦਿਖਾਈ। ਉਸ ਮੋਚੀ ਨੇ ਘੁੱਟ ਕੇ ਮੈਨੂੰ ਨਾਲ ਲਾ ਲਿਆ ਕਿ ਅੱਛਾ ਲਛਮਣ ਸਿੰਹੁ ਦਾ ਪੁੱਤ ਏ ਤੂੰ ਤੇ ਫਿਰ ਉਹ ਮੇਰਾ ਹੱਥ ਫੜ੍ਹ ਸੜ੍ਹਕ ਦੇ ਉਸ ਪਾਰ ਇੱਕ ਵੱਡੇ ਸਾਰੇ ਜੁੱਤੀਆਂ ਦੇ ਸ਼ੋਅ ਰੂਮ ਚ ਲੈ ਗਿਆ ਤੇ ਇਸ਼ਾਰਾ ਕਰ ਫਰੇਮ ਚ ਜੜ੍ਹੀਆਂ ਕੰਧ ਤੇ ਲੱਗਾ ਜੁੱਤੀ ਦਾ ਜੋੜਾ ਦਿਖਾਇਆ ਤੇ ਕਿਹਾ ਕਿ ਪਤਾ ਇਹ ਜੁੱਤੀ ਮੈਂ ਬਹੁਤ ਸਾਂਭ ਕੇ ਰੱਖੀ ਏ। ਲਛਮਣ ਸਿੰਹੁ ਕੱਲ ਦਾ ਕਹਿ ਮੁੜ ਜੁੱਤੀ ਲੈਣ ਨਹੀਂ ਆਇਆ ਪਰ ਜਿਸ ਦਿਨ ਦੀ ਇਹ ਜੁੱਤੀ ਮੇਰੀ ਦੁਕਾਨ ਤੇ ਆਈ ਏ ਮੇਰੇ ਕੰਮ ਚ ਬਰਕਤ ਆਈ ਏ ਤੇ ਹੋ ਸਕਦਾ ਮੇਰਾ ਵਹਿਮ ਹੀ ਹੋਵੇ ਪਰ ਮੈਂ ਇਹ ਜੁੱਤੀ ਨੂੰ ਰੱਬ ਵਾਂਗ ਪੂਜਦਾ। ਮੈਂ ਇੱਕ ਵਾਰ ਫਿਰ ਸੁੰਨ ਜਿਹਾ ਹੋ ਕੇ ਜੁੱਤੀ ਨੂੰ ਇੱਕਟਕ ਦੇਖਣ ਲੱਗਾ ਤੇ ਬੁੱਢੇ ਮੋਚੀ ਨੂੰ ਤਰਲਾ ਜੇਹਾ ਪਾ ਕੇ ਕਿਹਾ ਕਿ ਇਹ ਜੋੜਾ ਮੈਨੂੰ ਦੇ ਦਿਓ , ਮੈਂ ਜੋ ਕੀਮਤ ਕਹੋਗੇ ਦੇ ਦੇਵਾਂਗਾ। ਬੁੱਢੇ ਮੋਚੀ ਨੇ ਆਵਦੇ ਪੁੱਤ ਨੂੰ ਕਹਿ ਮੈਨੂੰ ਉਹ ਜੁੱਤੀ ਪੈਕ ਕਰਕੇ ਦੇ ਦਿੱਤੀ। ਮੈਂ ਆਉਂਦਾ ਆਉਂਦਾ ਉਸਤੋਂ ਪੁੱਛਣਾ ਜਰੂਰੀ ਸਮਝਿਆ ਕਿ ਜੇ ਐਨਾ ਵੱਡਾ ਸ਼ੋਅ ਰੂਮ ਏ ਤਾਂ ਤੁਸੀਂ ਬੱਸ ਸਟੈਂਡ ਧੁੱਪ ਚ ਨਿੱਕੀ ਜੇਹੀ ਦੁਕਾਨ ਤੇ ਕਿਉਂ ਕੰਮ ਕਰਦੇ ਹੋ। ਬੁੱਢੇ ਮੋਚੀ ਨੇ ਚਿੱਟੇ ਮੋਤੀਏ ਉਤਰੇ ਵਾਲੀਆਂ ਅੱਖਾਂ ਭਰ ਕਿਹਾ ਕਿ ਮੇਰੇ ਪਿਉ ਨੇ ਉਹ ਦੁਕਾਨ ਸ਼ੁਰੂ ਕੀਤੀ ਸੀ ਤੇ ਮੈਨੂੰ ਉਸ ਦੁਕਾਨ ਤੇ ਬਹਿ ਕੇ ਬਹੁਤ ਸਕੂਨ ਮਿਲਦਾ ਤੇ ਐਂਵੇ ਲੱਗਦਾ ਜਿਵੇਂ ਮੇਰਾ ਪਿਉ ਮੇਰੇ ਕੋਲ ਬੈਠਾ ਹੋਵੇ। ਮੈਂ ਉਦਾਸ ਜੇਹਾ ਹੋ ਉਹਨਾਂ ਤੋਂ ਅਲਵਿਦਾ ਲੈ ਕੇ ਸਕੂਟਰ ਤੇ ਘਰ ਆਇਆ।

ਘਰ ਪਹੁੰਚਿਆ ਤਾਂ ਮਾਂ ਫ਼ਿਕਰ ਕਰ ਰਹੀ ਸੀ ਕਿ ਕਿੰਨਾ ਕੁਵੇਲਾ ਕਰ ਦਿੱਤਾ ਸ਼ਹਿਰੋਂ ਘਰ ਆਉਣ ਚ ਤੇ ਫੋਨ ਵੀ ਬੰਦ ਜੁ ਹੋ ਗਿਆ ਸੀ। ਪਰ ਉਹਦੀ ਨਿਗ੍ਹਾ ਜਦ ਬਾਪੂ ਵਾਲੇ ਸਕੂਟਰ ਤੇ ਪਈ ਤੇ ਉਹ ਬਹੁਤ ਹੈਰਾਨ ਹੋਈ। ਉਹ ਵਾਰ ਵਾਰ ਸਕੂਟਰ ਨੂੰ ਹੱਥ ਲਗਾ ਕੇ ਦੇਖ ਰਹੀ ਸੀ ਤੇ ਮੇਰਾ ਮੱਥਾ ਚੁੰਮ ਕੇ ਉਸ ਆਖਿਆ , "ਮੇਰਾ ਬਹਾਦਰ ਪੁੱਤ .." ਕਿਉਂਕਿ ਉਹਨੂੰ ਹਮੇਸ਼ਾ ਲੱਗਦਾ ਹੁੰਦਾ ਸੀ ਕਿ ਮੈਂ ਬਾਪੂ ਦੀਆਂ ਚੀਜ਼ਾਂ ਦਾ ਸਾਹਮਣਾ ਨਹੀਂ ਕਰ ਪਾਵਾਂਗਾ , ਤਾਹੀਂ ਉਹਨੇ ਪਿੰਡ ਛੱਡ ਪ੍ਰਦੇਸ਼ ਰਹਿਣਾ ਸਹੀ ਸਮਝਿਆ। ਸਹੀ ਵੀ ਸੀ ਉਦੋਂ ਮੈਂ ਬਾਪੂ ਦੇ ਜਾਣ ਮਗਰੋਂ ਰੋਜ਼ ਰਾਤ ਨੂੰ ਸੁੱਤਾ ਸੁੱਤਾ ਬੁੜਕ ਕੇ ਉੱਠ ਜਾਂਦਾ ਤੇ ਬਾਪੂ ਨਾ ਜਾ ਛੱਡ ਕੇ ਕਹਿ ਕੇ ਰੋਣ ਲੱਗ ਜਾਂਦਾ। ਮਾਂ ਮੇਰੇ ਤੇ ਅੱਜ ਮਾਣ ਮਹਿਸੂਸ ਕਰ ਰਹੀ ਸੀ ਕਿ ਮੈਂ ਪਾਸਟ ਨੂੰ ਸਵੀਕਾਰ ਲਿਆ ਹੈ।

ਮੈਂ ਮੰਜੇ ਤੇ ਬੈਠ ਮਾਂ ਨੂੰ ਫਰੇਮ ਚ ਜੜ੍ਹੀ ਜੁੱਤੀ ਦਿਖਾਈ ਤੇ ਕਿਹਾ ਕਿ ਯਾਦ ਆ ਕੇਰਾਂ ਬਾਪੂ ਨੰਗੇ ਪੈਰੀਂ ਸ਼ਹਿਰੋਂ ਆਇਆ ਸੀ ਤੇ ਪੈਸੇ ਨਾ ਹੋਣ ਕਰਕੇ ਮੁੜ ਜੁੱਤੀ ਚੁੱਕਣ ਨਹੀਂ ਗਿਆ ਦੁਕਾਨ ਤੋਂ। ਉਦੋਂ ਦੀ ਪੰਜਾਹ ਰੁਪਏ ਦੀ ਜੁੱਤੀ ਦੀ ਕੀਮਤ ਹੁਣ ਕਰੋੜਾਂ ਏ ....। ਮਾਂ ਮੇਰੀਆਂ ਗੱਲਾਂ ਚ ਉਲਝ ਗਈ ਤੇ ਮੈਂ ਉਹਨੂੰ ਮੋਚੀ ਵਾਲੀ ਗੱਲ ਸੁਣਾਈ। ਮਾਂ ਨੇ ਅੱਖਾਂ ਭਰ ਲਈਆਂ।ਐਨੇ ਨੂੰ ਮੇਰਾ ਪੁੱਤ ਟਰੈਕਟਰ ਦੇ ਮੂਹਰੇ ਲੱਗੇ ਵਾਜੇ ਨਾਲ ਪਾਂ ਪਾਂ ਕਰਦਾ ਮੇਰੇ ਕੋਲ ਆਇਆ ਤੇ ਕਹਿਣ ਲੱਗਾ , "ਪਾਪਾ ਦਿਸ ਇਜ ਦਾ ਬੈੱਸਟ ਗਿਫ਼ਟ ..." ਮੈਂ ਮੁਸਕਰਾ ਪਿਆ। ਐਨੇ ਨੂੰ ਮੇਰੀ ਘਰਵਾਲੀ ਪਾਣੀ ਦਾ ਗਿਲਾਸ ਲੈ ਕੇ ਆਈ ਕਿ ਮੈਂ ਪਾਣੀ ਦਾ ਗਿਲਾਸ ਹੱਥ ਚ ਫੜ੍ਹਿਆ ਤੇ ਮੇਰਾ ਪੁੱਤ ਮੇਰੇ ਕੋਲ ਆਇਆ ਤੇ ਮੇਰੇ ਹੱਥੋਂ ਪਾਣੀ ਦਾ ਗਿਲਾਸ ਫੜ੍ਹ ਆਪ ਸਾਰਾ ਪਾਣੀ ਪੀ ਗਿਆ। ਮੈਂ ਉਸ ਵੱਲ ਉਸੇ ਸਕੂਨ ਨਾਲ ਦੇਖ ਰਿਹਾ ਸੀ ਜਿਵੇਂ ਮੇਰਾ ਪਿਉ ਮੇਰੇ ਵੱਲ ਦੇਖ ਰਿਹਾ ਸੀ। ਪੀੜ੍ਹੀਆਂ ਬਦਲੀਆਂ ਰਹਿੰਦੀਆਂ ਪਰ ਸਮਾਂ ਪਿਛਲੀਆਂ ਪੀੜ੍ਹੀਆਂ ਨੂੰ ਫਿਰ ਸਾਡੇ ਵਿੱਚ ਲਿਆ ਕੇ ਖੜ੍ਹਾ ਕਰ ਦਿੰਦੀਆਂ ਹਨ।


## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# Time For Change ਸਲੇਟ ਵਲੋਂ ਸੂਝਵਾਨ ਵੋਟਰਾਂ ਨੂੰ ਅਪੀਲ

ਭਾਈ ਜਸਵਿੰਦਰ ਸਿੰਘ ਗਿੱਲ ਜੋ ਕਿ ਦੋ ਟਰਮਾਂ ਲਈ ਪਹਿਲਾਂ ਵੀ ਡਾਇਰੈਕਟਰ ਰਹਿ ਚੁੱਕੇ ਹਨ ਅਤੇ ਦੋ ਸਾਲ ਪਹਿਲਾਂ ਨੌਵੀਂਨੇਸ਼ਨ ਕਮੇਟੀ ਦੇ ਚੇਅਰ ਪਰਸਨ ਸਨ ਉਨਾਂ ਵੱਲੋਂ ਮੈਂਬਰ ਸਾਹਿਬਾਨਾਂ ਵਿੱਚ ਬਹੁਤ ਵੱਡੀ ਦੁਵਿਧਾ ਪਾਈ ਜਾ ਰਹੀ ਹੈ ਉਹ ਦੂਸਰੀ ਸਲੇਟ ਦੇ ਤਿੰਨ ਮੈਂਬਰਾਂ ਨੂੰ ਆਪਣੇ ਨਾਲ ਲੈ ਕੇ ਇੱਕ ਤੀਜੀ ਸਲੇਟ ਹੋਣ ਦਾ ਭਰਮ ਪਾ ਰਹੇ ਹਨ ਜੋ ਕਿ ਸਰਾਸਰ ਗਲਤ ਹੈ , ਦੋ ਸਾਲ ਪਹਿਲਾਂ ਜਿਹੜੇ ਡਾਇਰੈਕਟਰ ਨੂੰ ਨੋਮੀਨੇਸ਼ਨ ਕਮੇਟੀ ਨੇ ਰਿਕਮੈਂਡ ਕੀਤਾ ਸੀ ਜਿਸ ਕਮੇਟੀ ਵਿੱਚ ਜਸਵਿੰਦਰ ਸਿੰਘ ਸ਼ੇਰ ਗਿੱਲ ਚੇਅਰਪਰਸਨ ਸਨ ਉਹਨਾਂ ਵਿੱਚੋਂ ਦੋ ਡਾਇਰੈਕਟਰ ਇਸ ਸਾਲ ਨੋਮੀਨੇਸ਼ਨ ਕਮੇਟੀ ਵਿੱਚ ਹਨ ਤੇ ਉਹਨਾ ਨੇ ਜਸਵਿੰਦਰ ਸਿੰਘ ਗਿੱਲ ਨੂੰ ਰਿਕਮੈਂਡ ਕੀਤਾ ਸੋ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ ਵਾਲੀ ਗੱਲ ਹੋ ਰਹੀ ਹੈ, ਵੋਟਾਂ ਸੋਚ ਸਮਝ ਕੇ ਪਾਓ ਜੀ! ਨੋਮੀਨੇਸ਼ਨ ਕਮੇਟੀ ਵੱਲੋਂ ਰਿਕਮੈਂਡਡ ਮੈਂਬਰਾਂ ਦੇ ਨਾਂ ਇਸ ਇਲੈਕਸ਼ਨ ਵਿੱਚ ਬਹੁਤ ਵੱਡਾ ਵਿਵਾਦ ਖੜਾ ਕਰ ਰਹੇ ਹਨ ਨੌਵੀਂਨੇਸ਼ਨ ਕਮੇਟੀ ਨੂੰ ਕੋਈ ਅਧਿਕਾਰ ਨਹੀਂ ਤੇ ਉਹ ਕਿਸੇ ਵੀ ਮੈਂਬਰ ਨੂੰ ਰਿਕਮੈਂਡ ਕਰਨ ਕਿਉਂਕਿ ਨੋਮੀਨੇਸ਼ਨ ਕਮੇਟੀ ਸਿਰਫ ਇਲੈਕਸ਼ਨ ਕਰਵਾਉਣ ਲਈ ਜ਼ਿੰਮੇਵਾਰ ਹੈ ਨੋਮੀਨੇਸ਼ਨ ਕਮੇਟੀ ਜਾ ਬੋਰਡ ਆਫ ਡਾਇਰੈਕਟਰਾਂ ਨੇ ਕਿਸੇ ਵੀ ਏਜੀਐਮ ਵਿੱਚ ਇਹ ਮਤਾ ਪਾਸ ਨਹੀਂ ਕੀਤਾ ਸਗੋਂ ਇਹ ਇਲੈਕਸ਼ਨ ਪ੍ਰਕਿਰਿਆ ਦੀ ਉਲੰਘਣਾ ਹੈ ਜੇਕਰ ਨੋਮੀਨੇਸ਼ਨ ਕਮੇਟੀ ਇਕ ਧੜੇ ਦੇ ਮੈਂਬਰਾਂ ਨੂੰ ਰਿਕਮੈਂਡ ਕਰਦੀ ਹੈ ਤਾਂ ਇਲੈਕਸ਼ਨ ਕਰਵਾਉਣ ਦੀ ਕੋਈ ਵੀ ਲੋੜ ਬਾਕੀ ਨਹੀਂ ਰਹਿ ਜਾਂਦੀ ਸਾਡੀ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਉਹ ਇਸ ਗੱਲ ਵੱਲ ਕੋਈ ਧਿਆਨ ਨਾ ਦੇਣ ਕਿ ਨੋਮੀਨੇਸ਼ਨ ਕਮੇਟੀ ਨੇ ਕਿੰਨਾਂ ਨੂੰ ਰਿਕਮੈਂਡ ਕੀਤਾ ਹੈ ਸਗੋਂ ਵੋਟਾਂ ਆਪਣੀ ਮਰਜ਼ੀ ਨਾਲ ਪਾਉਣ , ਆਉਣ ਵਾਲੀ ਏਜੀਐਮ ਵਿੱਚ ਅਸੀਂ ਇਸ ਦੇ ਖਿਲਾਫ ਆਵਾਜ਼ ਉਠਾਵਾਂਗੇ।

## ਖਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ

## ਐਤਵਾਰ, ਅਪ੍ਰੈਲ 28, 2024

## Time for Change Board of Directors Group

**Please vote for us** ਸਾਡੀ ਸਲੇਟ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰੋ



ਬੀਬੀ ਮਹਿੰਦਰ ਕੌਰ ਗਿੱਲ
ABBOTSFORD, 604-835-9540



ਭਾਈ ਮਨਜੀਤ ਸਿੰਘ ਮਿਨਹਾਸ
ABBOTSFORD, 604-644-1142



ਭਾਈ ਮਨਮੋਹਣ ਸਿੰਘ ਸਮਰਾ
SURREY, 604-209-3000



ਭਾਈ ਸਤਵੰਤ ਸਿੰਘ ਸੰਧੂ
SURREY, 604-716-1465

Voting on Sunday April 28th , 2024 from 10-00 am to 5-00 pm in all the Khalsa credit Union Branches. Please Note: You must be a Khalsa Credit Union account holder to vote. You must vote for only four directors, otherwise your vote will not be valid.

**Election Ballot Paper (Sample)**

- 1.Arora Navneet Singh ☐
- 2. Gill Jaswinder Singh ☐
- 3.Gill Jaskaran Singh ☐
- **4. Gill Mohinder Kaur** ☑
- 5. Khalon Rupinderjit Singh ☐
- **6. Minhas Manjit Singh** ☑
- **7. Samra Manmohan Singh** ☑
- **8.Sandhu Satwant Singh** ☑
- 9. Singh Gurdeep ☐

**ਸਾਡੀ ਸਲੇਟ ਦੇ ਸਾਰੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰੋ।**

ਖਾਲਸਾ ਕ੍ਰੈਡਿਟ ਯੂਨੀਅਨ ਦੇ ਚਾਰ ਡਾਇਰੈਕਟਰਾਂ ਦੀ ਚੋਣ 28 ਅਪ੍ਰੈਲ ਦਿਨ ਐਤਵਾਰ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਸਾਰੀਆਂ ਬਰਾਂਚਾਂ ਵਿਚ ਹੋਣ ਜਾ ਰਹੀ ਹੈ। "ਟਾਈਮ ਫਾਰ ਚੇਂਜ" ਦੀ ਸਮੁੱਚੀ ਟੀਮ ਜਿਸ ਵਿਚ ਸਰਦਾਰ ਮਨਜੀਤ ਸਿੰਘ ਮਿਨਹਾਸ, ਸਰਦਾਰ ਸਤਵੰਤ ਸਿੰਘ ਸੰਧੂ, ਬੀਬੀ ਮਹਿੰਦਰ ਕੌਰ ਗਿੱਲ ਅਤੇ ਸਰਦਾਰ ਮਨਮੋਹਨ ਸਿੰਘ ਸਮਰਾ ਉਮੀਦਵਾਰ ਹਨ। ਕਿਰਪਾ ਕਰਕੇ ਸਾਡੀ ਸਮੁੱਚੀ ਟੀਮ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ। ਹਰੇਕ ਮੈਂਬਰ ਨੂੰ ਚਾਰ ਉਮੀਦਵਾਰਾਂ ਨੂੰ ਜ਼ਰੂਰ ਵੋਟ ਪਾਉਣੀ ਪੈਣੀ ਹੈ ਨਹੀਂ ਤਾਂ ਵੋਟ ਕੈਂਸਲ ਹੋ ਜਾਣੀ ਹੈ। ਤੁਸੀ ਆਪਣੀ ਇਕ ਫੋਟੋ ਆਈ ਡੀ ਲੈ ਕੇ ਆਪਣੇ ਨੇੜੇ ਦੀ ਕਿਸੇ ਵੀ ਬਰਾਂਚ ਵਿਚ ਜਾ ਕੇ ਵੋਟ ਪਾ ਸਕਦੇ ਹੋ। ਇਹ ਵੋਟਾਂ 28 ਅਪ੍ਰੈਲ ਦਿਨ ਐਤਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਸਾਰੀਆਂ ਖਾਲਸਾ ਕ੍ਰੈਡਿਟ ਯੂਨੀਅਨ ਦੀਆਂ ਬਰਾਂਚਾਂ ਵਿਚ ਪੈਣਗੀਆਂ।

**ਬੇਨਤੀ ਕਰਤਾ :**

**ਟਾਈਮ ਫਾਰ ਚੇਂਜ ਸਲੇਟ ਖਾਲਸਾ ਕ੍ਰੈਡਿਟ ਯੂਨੀਅਨ ਡਾਇਰੈਕਟਰਾਂ ਦੀ ਚੋਣ ਲਈ ਉਮੀਦਵਾਰ ਬੀਬੀ ਮਹਿੰਦਰ ਕੌਰ ਗਿੱਲ, ਭਾਈ ਮਨਜੀਤ ਸਿੰਘ ਮਿਨਹਾਸ, ਭਾਈ ਮਨਮੋਹਣ ਸਿੰਘ ਸਮਰਾ, ਸਤਵੰਤ ਸਿੰਘ ਸੰਧੂ**

# ਸਿਹਤ ਸੰਸਾਰ



## ਆਪਣੇ ਦਿਲ ਦਾ ਰੱਖੋ ਪੂਰਾ ਧਿਆਨ

**ਸੀਤੇਸ਼ ਕੁਮਾਰ ਦਿਵੇਦੀ**

ਭਾਰਤੀਆਂ ਦੀ ਪਹਿਲੀ ਅਤੇ ਅੱਜ ਦੀ ਜੀਵਨਸ਼ੈਲੀ ਵਿਚ ਬਹੁਤ ਬਦਲਾਅ ਆ ਰਿਹਾ ਹੈ। ਆਧੁਨਿਕ ਆਹਾਰ-ਵਿਹਾਰ ਨਾਲ ਭਾਰਤੀਆਂ ਦਾ ਸਰੀਰ ਰੋਗਾਂ ਦਾ ਘਰ ਬਣਦਾ ਜਾ ਰਿਹਾ ਹੈ। ਜਿਨ੍ਹਾਂ ਪਰਿਵਾਰਾਂ ਵਿਚ ਦਿਲ ਦੇ ਰੋਗੀ ਹਨ, ਉਨ੍ਹਾਂ ਪਰਿਵਾਰਾਂ ਵਿਚ 25 ਸਾਲ ਦੀ ਉਮਰ ਤੋਂ ਬਾਅਦ ਹੀ ਖਾਣ-ਪੀਣ ਅਤੇ ਆਹਾਰ-ਵਿਹਾਰ ਵਿਚ ਸਾਰਿਆਂ ਨੂੰ ਧਿਆਨ ਦੇਣਾ, ਅਪਣਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਇਹ ਰੋਗ ਨਾ ਤਾਂ ਸੰਕ੍ਰਾਮਕ ਹੈ, ਨਾ ਮਹਾਮਾਰੀ ਹੈ ਪਰ ਇਹ ਖਾਮੋਸ਼ ਹੱਤਿਆਰਾ ਜ਼ਰੂਰ ਹੈ। ਖਾਨਦਾਨੀ ਵੀ ਹੁੰਦਾ ਹੈ, ਇਸ ਲਈ ਅਜਿਹੇ ਰੋਗੀ ਦੇ ਸਬੰਧੀਆਂ ਨੂੰ 25 ਸਾਲ ਦੀ ਉਮਰ ਤੋਂ ਬਾਅਦ ਸਮੇਂ-ਸਮੇਂ 'ਤੇ ਆਪਣੀ ਡਾਕਟਰੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਵਿਆਹ ਤੋਂ ਬਾਅਦ ਦੰਪਤੀ ਦੁਆਰਾ ਕਿਸੇ ਵੀ ਤਰ੍ਹਾਂ ਦੇ ਨਸ਼ਾਪਨ ਨਾਲ ਔਲਾਦ ਜਨਮ ਤੋਂ ਹੀ ਦਿਲ ਦੀ ਰੋਗੀ ਹੋ ਸਕਦੀ ਹੈ। ਸਰੀਰਕ ਖਰਚ ਤੋਂ ਜ਼ਿਆਦਾ ਭੋਜਨ ਕਰਨ 'ਤੇ ਮੋਟਾਪਾ ਅਤੇ ਭਾਰ ਵਧਦਾ ਹੈ, ਜਿਸ ਨਾਲ ਦਿਲ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ। ਕਿਸੇ ਵੀ ਤਰ੍ਹਾਂ ਦਾ ਨਸ਼ਾ ਜਾਂ ਵਿਯਸਨ ਦਿਲ ਦੇ ਰੋਗੀ ਬਣਾਉਂਦਾ ਹੈ। ਜ਼ਿਆਦਾ ਤਣਾਅ ਦਿਲ ਦੇ ਰੋਗੀ ਬਣਾਉਂਦਾ ਹੈ।

ਤੇਲ, ਘਿਓ, ਮਲਾਈ, ਮੱਖਣ ਦੇ ਜ਼ਿਆਦਾ ਸੇਵਨ ਨਾਲ ਦਿਲ ਦਾ ਦੁਸ਼ਮਣ ਬੁਰਾ ਕੋਲੈਸਟ੍ਰੋਲ ਬਣਦਾ ਹੈ। ਸ਼ੱਕਰ ਦਾ ਕਿਸੇ ਵੀ ਰੂਪ ਵਿਚ ਜ਼ਿਆਦਾ ਪ੍ਰਯੋਗ ਭਾਰ, ਮੋਟਾਪਾ ਅਤੇ ਬੁਰੇ ਕੋਲੈਸਟ੍ਰੋਲ ਨੂੰ ਵਧਾਉਂਦਾ ਹੈ। ਲਗਾਤਾਰ ਦੇਰ ਰਾਤ ਤੱਕ ਜਾਗਣ ਅਤੇ ਦਿਨ ਵੇਲੇ ਦੇਰ ਤੱਕ ਸੌਣ ਨਾਲਵੀ ਦਿਲ ਦਾ ਰੋਗ ਹੁੰਦਾ ਹੈ। ਸਵੇਰ ਦੀ ਹਵਾ, ਪੈਦਲ ਯਾਤਰਾ ਅਤੇ ਕਿਸੇ ਵੀ ਤਰ੍ਹਾਂ ਦੀ ਕਸਰਤ ਨਾ ਕਰਨ ਨਾਲ ਇਹ ਵੀ ਰੋਗ ਵਧਦਾ ਹੈ।

ਥਾਇਰਾਇਡ ਦੀ ਸਮੱਸਿਆ ਅਤੇ ਸ਼ੂਗਰ ਵੀ ਅੱਗੇ ਚੱਲ ਕੇ ਦਿਲ ਦੇ ਰੋਗ ਦਾ ਕਾਰਨ ਬਣਦਾ ਹੈ। ਦਿਲ ਡਾਕਘਰ ਵਾਂਗ ਕੰਮ ਕਰਦਾ ਹੈ। ਸਰੀਰ ਦੇ ਸਾਰੇ ਅੰਗਾਂ ਤੋਂ ਘੱਟ ਪ੍ਰਾਣਵਾਯੂ (ਆਕਸੀਜਨ) ਵਾਲੇ ਨੀਲੇ ਖੂਨ ਨੂੰ ਦਿਲ ਵਿਚ ਲਿਆਉਂਦਾ ਹੈ ਅਤੇ ਨਾਸਿਕਾ ਦੇ ਮਾਧਿਅਮ ਨਾਲ ਪ੍ਰਾਪਤ ਆਕਸੀਜਨ ਨਾਲ ਉਸ ਨੀਲੇ ਖੂਨ ਨੂੰ ਸ਼ੁੱਧ ਕਰਕੇ ਲਾਲ ਖੂਨ ਬਣਾ ਕੇ ਆਕਸੀਜਨ ਮਿਲਾ ਕੇ ਸਰੀਰ ਦੇ ਸਾਰੇ ਭਾਗਾਂ ਨੂੰ ਵਾਪਸ ਭੇਜਦਾ ਹੈ।

ਲਾਲ ਖੂਨ ਵਿਚ ਮਿਲਿਆ ਇਹੀ ਆਕਸੀਜਨ ਸਰੀਰ ਦੇ ਸਾਰੇ ਅੰਗਾਂ ਦੇ ਕੰਮ ਆਉਂਦਾ ਹੈ। ਇਸ ਕੰਮ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾਲ ਦਿਲ ਦਾ ਰੋਗ ਹੁੰਦਾ ਹੈ। ਇਹ ਰੁਕਾਵਟ ਹੈ ਖੂਨ ਦਾ ਸੰਘਣਾ ਹੋਣਾ, ਮੋਟਾਪਾ ਅਤੇ ਭਾਰ ਜ਼ਿਆਦਾ ਹੋਣਾ, ਬੁਰਾ ਕੋਲੈਸਟ੍ਰੋਲ, ਨਸਾਂ ਦਾ ਲਚੀਲਾ ਨਾ ਹੋਣਾ, ਇਨ੍ਹਾਂ ਨਸਾਂ ਦੀਆਂ ਨਲੀਆਂ ਦਾ ਸੰਕਰਾ ਹੋਣਾ, ਜਿਸ ਨਾਲ ਖੂਨ ਨੂੰ ਸਰੀਰ ਵਿਚ ਭੇਜਣ ਅਤੇ ਵਾਪਸ ਲਿਆਉਣ ਵਿਚ ਦਿਲ ਨੂੰ ਜ਼ਿਆਦਾ ਦਬਾਅ ਅਤੇ ਕੰਮ ਕਰਨਾ ਪੈਂਦਾ ਹੈ। ਜਦੋਂ ਦੇਸ਼ ਵਿਚ ਇਸ ਦੇ ਏਨੇ ਜ਼ਿਆਦਾ ਰੋਗੀ ਹਨ ਅਤੇ ਇਸ ਦੇ ਏਨੇ ਜ਼ਿਆਦਾ ਕਾਰਨ ਹਨ ਤਾਂ ਇਲਾਜ ਕੀ ਕਰੀਏ?

ਨਿਯਮਤ ਅਤੇ ਉਚਿਤ ਦਵਾਈ ਅਤੇ ਜਨ ਜਾਗਰੂਕਤਾ ਰਾਹੀਂ ਰੋਗੀ ਅਤੇ ਉਸ ਦੇ ਪਰਿਜਨ ਕਾਰਨ ਦਾ ਨਿਵਾਰਨ ਕਰ ਸਕਦੇ ਹਨ। ਕਿਸੇ ਵੀ ਤਰ੍ਹਾਂ ਦੇ ਮੱਖਣ, ਮਲਾਈ, ਤੇਲ, ਘਿਓ ਅਤੇ ਚਰਬੀ ਦਾ ਸੇਵਨ ਬਹੁਤ ਘੱਟ ਕਰ ਦਿਓ। ਬੁਰਾ ਕੋਲੈਸਟ੍ਰੋਲ ਕਾਬੂ ਵਿਚ ਰੱਖੋ। ਨਮਕ ਦਾ ਸੇਵਨ ਵੀ ਬਹੁਤ ਘੱਟ ਕਰੋ। ਪਾਣੀ ਜ਼ਿਆਦਾ ਪੀਓ, ਪਖਾਨਾ ਅਤੇ ਪਿਸ਼ਾਬ ਨਾ ਰੋਕੋ। ਭਾਰ ਅਤੇ ਮੋਟਾਪਾ ਵਧਾਉਣ ਵਾਲੇ ਕਾਰਨ ਸ਼ੱਕਰ, ਤੇਲ-ਘਿਓ, ਕਾਰਬੋਹਾਈਡ੍ਰੇਟ (ਚੌਲ, ਆਲੂ, ਕਣਕ ਸਾਰੇ ਕੰਦ) ਦਾ ਸੇਵਨ ਅਤੇ ਦਿਨ ਵਿਚ ਸੌਣਾ ਘੱਟ ਕਰ ਦਿਓ। ਲਸਣ, ਪਿਆਜ਼, ਅਦਰਕ, ਮੇਥੀ ਜ਼ਰੂਰ ਲਓ। ਇਹ ਖੂਨ ਰੁਕਾਵਟ ਦੂਰ ਕਰਦੇ ਹਨ। ਫਲ, ਸਬਜ਼ੀ ਅਤੇ ਸਲਾਦ ਜ਼ਿਆਦਾ ਖਾਓ। ਇਸ ਵਿਚ ਨਮਕ ਅਤੇ ਤੇਲ, ਘਿਓ ਨਾ ਦੇ ਬਰਾਬਰ ਵਰਤੋ। ਇਸ ਨਾਲ ਪੇਟ ਸਾਫ਼ ਰਹੇਗਾ ਅਤੇ ਕਬਜ਼ ਨਹੀਂ ਹੋਵੇਗੀ। ਸਵੇਰੇ ਹਵਾ ਪਾਨ ਕਰੋ। ਲੰਬੇ ਸਾਹ ਲਓ, ਰੋਕੋ ਅਤੇ ਛੱਡੋ, ਅੱਧਾ ਘੰਟਾ ਪੈਦਲ ਸੈਰ ਕਰੋ।

15 ਮਿੰਟ ਕੋਈ ਵੀ ਸਾਧਾਰਨ ਯੋਗ ਜਾਂ ਕਸਰਤ ਕਰੋ। ਤਣਾਅ ਛੱਡ ਦਿਓ ਅਤੇ ਧਿਆਨ ਕਰੋ। ਫਲ, ਸਬਜ਼ੀ, ਸਲਾਦ, ਦਹੀਂ ਅਤੇ ਮਠਾ ਦੇ ਜ਼ਿਆਦਾ ਸੇਵਨ ਨਾਲ ਚੰਗਾ ਕੋਲੈਸਟ੍ਰੋਲ ਵਧਦਾ ਹੈ। ਹਰ ਹਾਲਤ ਵਿਚ ਉੱਚ ਖੂਨ ਦਬਾਅ, ਸ਼ੂਗਰ ਅਤੇ ਥਾਇਰਾਇਡ ਸਮੱਸਿਆ ਨੂੰ ਕਾਬੂ ਵਿਚ ਰੱਖੋ। ਦਿਲ ਦੇ ਦੌਰੇ ਦੇ ਕਾਰਨ ਅਤੇ ਰੁਕਾਵਟ ਦੂਰ ਕਰੋਗੇ ਤਾਂ ਕੋਈ ਵੀ ਦਿਲ ਦਾ ਰੋਗੀ ਉਚਿਤ ਦਵਾਈ ਅਤੇ ਆਹਾਰ-ਵਿਹਾਰ ਦੇ ਨਾਲ ਜ਼ਿਆਦਾ ਦਿਨ ਤੱਕ ਜੀਵਨ ਸੁਖਮਈ ਜਿਊ ਸਕਦਾ ਹੈ।

ਨਿਰਾਸ਼ਾ ਅਤੇ ਤਣਾਅ ਤਿਆਗੋ। ਗਤੀਹੀਣ ਨਹੀਂ, ਗਤੀਸ਼ੀਲ ਬਣੋ। ਤੁਹਾਡਾ ਸਰੀਰ ਅਤੇ ਰੋਗ ਤੁਹਾਡੀ ਮੁੱਠੀ ਵਿਚ ਰਹਿਣਗੇ।

## ਕੈਲਸ਼ੀਅਮ ਦੀ ਕਮੀ ਦੂਰ ਕਰਨ ਲਈ ਪੀਓ ਪਾਲਕ-ਪੁਦੀਨੇ ਦਾ ਰਸ

***ਪਾਲਕ 'ਚ ਕੈਲਸ਼ੀਅਮ, ਆਇਰਨ, ਫੋਲੇਟ, ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ ਏ ਅਤੇ ਸੀ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਦੂਜੇ ਪਾਸੇ ਪੁਦੀਨੇ ਵਿੱਚ ਕਾਰਬੋਹਾਈਡਰੇਟ, ਫੋਲੇਟ, ਪੋਟਾਸ਼ੀਅਮ, ਐਂਟੀਆਕਸੀਡੈਂਟ, ਵਿਟਾਮਿਨ ਏ, ਸੀ ਅਤੇ ਕੇ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਪਾਲਕ ਅਤੇ ਪੁਦੀਨੇ ਦੇ ਮਿਸ਼ਰਣ ਤੋਂ ਬਣਿਆ ਜੂਸ ਤੁਹਾਡੇ ਲਈ ਰਾਮਬਾਣ ਸਾਬਿਤ ਹੋਵੇਗਾ।***



### ਕੈਲਸ਼ੀਅਮ ਦੀ ਕਮੀ ਦੂਰ ਕਰੇ

ਅੱਜ ਕੱਲ੍ਹ ਬਹੁਤ ਸਾਰੇ ਲੋਕ ਕੈਲਸ਼ੀਅਮ ਦੀ ਕਮੀ ਕਰਕੇ ਹੱਡਾਂ-ਜੋੜਾਂ ਦੇ ਦਰਦ ਤੋਂ ਪ੍ਰੇਸ਼ਾਨ ਰਹਿੰਦੇ ਹਨ। ਜਿਸ ਕਰਕੇ ਉਹ ਕੈਲਸ਼ੀਅਮ ਦੀ ਕਮੀ ਨੂੰ ਦੂਰ ਕਰਨ ਦੇ ਲਈ ਕਈ ਮਲਟੀਵਿਟਾਮੀਨ ਦਾ ਪ੍ਰਯੋਗ ਕਰਦੇ ਹਨ। ਪਰ ਇਨ੍ਹਾਂ ਚੀਜ਼ਾਂ ਤੋਂ ਇੰਨਾ ਜ਼ਿਆਦਾ ਲਾਭ ਹਾਸਿਲ ਨਹੀਂ ਹੁੰਦਾ ਹੈ। ਜੇਕਰ ਤੁਹਾਡੀਆਂ ਹੱਡੀਆਂ ਵਿੱਚ ਦਰਦ, ਕੈਲਸ਼ੀਅਮ ਦੀ ਕਮੀ ਜਾਂ ਜੋੜਾਂ ਵਿੱਚ ਦਰਦ ਰਹਿੰਦਾ ਹੈ ਤਾਂ ਪਾਲਕ-ਪੁਦੀਨੇ ਦਾ ਰਸ ਪੀਓ।

### ਜਾਣੋ ਹੋਰ ਵੀ ਫਾਇਦੇ:-

1. ਪਾਲਕ ਅਤੇ ਪੁਦੀਨਾ ਦੋਵੇਂ ਕੈਲਸ਼ੀਅਮ ਦੇ ਚੰਗੇ ਸਰੋਤ ਹਨ, ਜੋ ਹੱਡੀਆਂ ਦੀ ਸਿਹਤ ਲਈ ਮਹੱਤਵਪੂਰਨ ਹਨ। ਹੱਡੀਆਂ ਦੀ ਮਜ਼ਬੂਤੀ ਅਤੇ ਬਣਤਰ ਲਈ ਕੈਲਸ਼ੀਅਮ ਜ਼ਰੂਰੀ ਹੈ।
2. ਵਿਟਾਮਿਨ ਡੀ ਹੱਡੀਆਂ ਦੀ ਸਿਹਤ ਲਈ ਵੀ ਫਾਇਦੇਮੰਦ ਹੁੰਦਾ ਹੈ। ਪਾਲਕ-ਪੁਦੀਨੇ ਵਿੱਚ ਵਿਟਾਮਿਨ ਡੀ ਹੁੰਦਾ ਹੈ ਜੋ ਹੱਡੀਆਂ ਦੀ ਸਿਹਤ ਲਈ ਚੰਗਾ ਮੰਨਿਆ ਜਾਂਦਾ ਹੈ।
3. ਵਿਟਾਮਿਨ ਕੇ ਹੱਡੀਆਂ ਦੀ ਸਿਹਤ ਲਈ ਵੀ ਫਾਇਦੇਮੰਦ ਹੁੰਦਾ ਹੈ ਕਿਉਂਕਿ ਇਹ ਕੈਲਸ਼ੀਅਮ ਨੂੰ ਜਜ਼ਬ ਕਰਨ ਵਿੱਚ ਮਦਦ ਕਰਦਾ ਹੈ। ਪਾਲਕ-ਪੁਦੀਨੇ ਵਿਚ ਵਿਟਾਮਿਨ ਕੇ ਹੁੰਦਾ ਹੈ ਜੋ ਹੱਡੀਆਂ ਦੀ ਸਿਹਤ ਲਈ ਫਾਇਦੇਮੰਦ ਹੋ ਸਕਦਾ ਹੈ।
4. ਪੁਦੀਨੇ ਵਿੱਚ ਐਂਟੀਆਕਸੀਡੈਂਟ ਹੁੰਦੇ ਹਨ ਅਤੇ ਪਾਲਕ ਵਿੱਚ ਵੀ ਕੁੱਝ ਐਂਟੀਆਕਸੀਡੈਂਟ ਹੁੰਦੇ ਹਨ ਜੋ ਹੱਡੀਆਂ ਨੂੰ ਕਿਸੇ ਵੀ ਨੁਕਸਾਨ ਤੋਂ ਬਚਾਉਣ ਵਿੱਚ ਮਦਦ ਕਰ ਸਕਦੇ ਹਨ।
5. ਇਸ ਲਈ ਪਾਲਕ-ਪੁਦੀਨੇ ਦਾ ਰਸ ਹੱਡੀਆਂ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੋ ਸਕਦਾ ਹੈ। ਇਸ ਦਾ ਨਿਯਮਤ ਸੇਵਨ ਹੱਡੀਆਂ ਨੂੰ ਮਜ਼ਬੂਤ ਅਤੇ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ।

## ਰੋਟੀ ਘਿਓ ਲਗਾ ਕੇ ਖਾਣੀ ਚਾਹੀਦੀ ਹੈ ਜਾਂ ਸੁੱਕੀ?




ਖਾਣੇ ਨਾਲ ਘਿਓ ਦੀ ਵਰਤੋਂ ਆਮ ਹੈ। ਪੁਰਾਣੇ ਸਮਿਆਂ ਵਿਚ ਡੀਕ ਲਾ ਕੇ ਘਿਓ ਪੀਣ ਦੇ ਕਿੱਸੇ ਵੀ ਆਮ ਸੁਣੇ ਹੋਣਗੇ। ਪਰ ਅੱਜ ਦੇ ਸਮੇਂ ਡਾਕਟਰਾਂ ਤੋਂ ਹਮੇਸ਼ਾ ਸਲਾਹ ਲਈ ਜਾਂਦੀ ਹੈ ਕਿ ਘਿਓ ਦੀ ਵਰਤੋਂ ਸਿਹਤ ਲਈ ਚੰਗੀ ਹੈ ਜਾਂ ਮਾੜੀ।ਪਹਿਲਾਂ ਘਿਓ ਸ਼ੁੱਧ ਹੁੰਦਾ ਸੀ, ਅੱਜ ਕੱਲ੍ਹ ਘਿਓ ਵਿੱਚ ਵੀ ਮਿਲਾਵਟ ਵੱਧ ਗਈ ਹੈ। ਲੋਕਾਂ ਨੇ ਘਿਓ ਦੀ ਵਰਤੋਂ ਕਿਉਂ ਘਟਾਈ, ਇਸ ਦਾ ਕੋਈ ਠੋਸ ਜਵਾਬ ਨਹੀਂ ਮਿਲ ਸਕਿਆ ਪਰ ਹੁਣ ਲੋਕਾਂ ਦੇ ਮਨਾਂ 'ਚ ਇਹ ਜਾਨਣ ਦੀ ਉਤਸੁਕਤਾ ਪੈਦਾ ਹੋ ਗਈ ਹੈ ਕਿ ਕੀ ਘਿਓ ਦਾ ਸੇਵਨ ਸਿਹਤ ਲਈ ਹਾਨੀਕਾਰਕ ਹੈ? ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਤੁਸੀਂ ਰੋਟੀ 'ਚ ਥੋੜ੍ਹੀ ਜਿਹੀ ਮਾਤਰਾ 'ਚ ਘਿਓ ਦੀ ਵਰਤੋਂ ਕਰਦੇ ਹੋ ਤਾਂ ਇਸ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ ਸਗੋਂ ਇਸ ਦੇ ਕਈ ਫਾਇਦੇ ਹੋਣਗੇ। ਕੁਝ ਲੋਕਾਂ ਨੂੰ ਘਿਓ ਦੀ ਸੀਮਤ ਮਾਤਰਾ 'ਚ ਵਰਤੋਂ ਕਰਨ ਨਾਲ ਫਾਇਦਾ ਹੋ ਸਕਦਾ ਹੈ, ਜਦਕਿ ਇਸ ਨੂੰ ਜ਼ਿਆਦਾ ਮਾਤਰਾ 'ਚ ਖਾਣ ਨਾਲ ਨੁਕਸਾਨ ਵੀ ਹੋ ਸਕਦਾ ਹੈ। ਇਸ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਘਿਓ ਕਿਸ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਕਿਸ ਨੂੰ ਲਾਭ।ਮੈਕਸ ਨਾਨਾਵਤੀ ਹਸਪਤਾਲ ਮੁੰਬਈ ਦੇ ਸੀਨੀਅਰ ਡਾਇਟੀਸ਼ੀਅਨ ਡਾ: ਰਸਿਕਾ ਮਾਥੁਰ ਦਾ ਕਹਿਣਾ ਹੈ ਕਿ ਹਰ ਇਨਸਾਨ ਦੇ ਸਰੀਰ ਵਿਚ ਵੱਖ-ਵੱਖ ਸਮਰੱਥਾਵਾਂ ਹੁੰਦੀਆਂ ਹਨ। ਘਿਓ ਕਿਸ ਲਈ ਫਾਇਦੇਮੰਦ ਹੈ ਅਤੇ ਕਿਸ ਲਈ ਨੁਕਸਾਨਦਾਇਕ ਹੈ, ਇਸ ਦੇ ਲਈ ਵਿਅਕਤੀ ਦੀ ਸਿਹਤ ਨੂੰ ਜਾਣਨਾ ਜ਼ਰੂਰੀ ਹੈ। ਜੇਕਰ ਵਿਅਕਤੀ ਦੀ ਸਿਹਤ ਪਹਿਲਾਂ ਹੀ ਕਮਜ਼ੋਰ ਹੈ ਤਾਂ ਘਿਓ ਉਸ ਨੂੰ ਕੋਈ ਲਾਭ ਨਹੀਂ ਦੇਵੇਗਾ। ਦੂਜੇ ਪਾਸੇ ਜੇਕਰ ਕੋਈ ਸਿਹਤਮੰਦ ਵਿਅਕਤੀ ਥੋੜ੍ਹੀ ਮਾਤਰਾ 'ਚ ਘਿਓ ਖਾਵੇ ਤਾਂ ਉਸ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਅਜਿਹੇ 'ਚ ਜੇਕਰ ਕੋਈ ਘਿਓ ਨੂੰ ਰੋਟੀ ਉਤੇ ਲਗਾ ਕੇ ਖਾਵੇ ਤਾਂ ਉਸ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।


### ਕੀ ਭਾਰ ਘੱਟ ਕਰਦਾ ਹੈ

ਡਾ: ਰਸਿਕਾ ਮਾਥੁਰ ਨੇ ਦੱਸਿਆ ਕਿ ਕੀ ਘਿਓ ਭਾਰ ਘਟਾਉਣ ਦੀ ਇੱਛਾ ਰੱਖਣ ਵਾਲਿਆਂ ਦੀ ਮਦਦ ਕਰਦਾ ਹੈ ਜਾਂ ਨਹੀਂ, ਐਲੋਪੈਥ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ। ਕੁਝ ਮਾਨਤਾਵਾਂ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਥੋੜ੍ਹੀ ਮਾਤਰਾ ਵਿੱਚ ਘਿਓ ਦਾ ਸੇਵਨ ਭਾਰ ਘਟਾਉਣ ਵਿੱਚ ਲਾਭਦਾਇਕ ਹੋ ਸਕਦਾ ਹੈ। ਜੇਕਰ ਸਵੇਰੇ ਘਿਓ ਨਾਲ ਚੋਪੜੀ ਰੋਟੀ ਖਾਧੀ ਜਾਵੇ ਤਾਂ ਦਿਨ ਭਰ ਭੁੱਖ ਨਹੀਂ ਲਗਦੀ। ਯਾਨੀ ਇਹ ਭਾਰ ਨੂੰ ਕੰਟਰੋਲ ਕਰਨ 'ਚ ਮਦਦਗਾਰ ਹੈ। ਜਦੋਂ ਘਿਓ ਨੂੰ ਰੋਟੀ ਉਤੇ ਲਗਾਇਆ ਜਾਂਦਾ ਹੈ, ਤਾਂ ਇਹ ਇਸ ਦੇ ਗਲਾਈਸੈਮਿਕ ਇੰਡੈਕਸ ਨੂੰ ਹੋਰ ਘਟਾਉਂਦਾ ਹੈ। ਯਾਨੀ ਇਸ ਨਾਲ ਡਾਇਬਿਟੀਜ਼ ਦਾ ਖਤਰਾ ਵੀ ਘੱਟ ਹੋਵੇਗਾ। ਘਿਓ ਸਿਹਤਮੰਦ ਕੋਲੈਸਟ੍ਰੋਲ ਵਧਾਉਣ ਵਿਚ ਵੀ ਮਦਦ ਕਰ ਸਕਦਾ ਹੈ।

### ਨੁਕਸਾਨ ਕੀ ਹੈ

ਡਾ: ਰਸਿਕਾ ਮਾਥੁਰ ਨੇ ਕਿਹਾ ਕਿ ਘਿਓ ਦਾ ਜ਼ਿਆਦਾ ਸੇਵਨ ਨੁਕਸਾਨ ਵੀ ਕਰ ਸਕਦਾ ਹੈ। ਜੋ ਲੋਕ ਦਿਲ ਦੇ ਮਰੀਜ਼ ਹਨ ਜਾਂ ਜਿਨ੍ਹਾਂ ਦਾ ਕੋਲੈਸਟ੍ਰੋਲ ਵਧ ਗਿਆ ਹੈ, ਜੇਕਰ ਉਹ ਜ਼ਿਆਦਾ ਘਿਓ ਦਾ ਸੇਵਨ ਕਰਦੇ ਹਨ ਤਾਂ ਇਸ ਨਾਲ ਜ਼ਿਆਦਾ ਨੁਕਸਾਨ ਹੋ ਸਕਦਾ ਹੈ। ਦੂਜੇ ਪਾਸੇ, ਜਦੋਂ ਤੁਸੀਂ ਘਿਓ ਨੂੰ ਬਹੁਤ ਜ਼ਿਆਦਾ ਤਾਪਮਾਨ 'ਤੇ ਰੱਖਦੇ ਹੋ, ਤਾਂ ਇਸ ਦੀ ਬਣਤਰ ਬਦਲ ਜਾਂਦੀ ਹੈ, ਜਿਸ ਕਾਰਨ ਸਰੀਰ ਵਿਚ ਫ੍ਰੀ ਰੈਡੀਕਲਜ਼ ਬਣ ਜਾਂਦੇ ਹਨ। ਫ੍ਰੀ ਰੈਡੀਕਲਸ ਦੇ ਗਠਨ ਦਾ ਮਤਲਬ ਹੈ ਕਈ ਬਿਮਾਰੀਆਂ ਦਾ ਘਰ। ਇਸ ਲਈ ਇੱਕ ਜਾਂ ਦੋ ਚੱਮਚ ਤੋਂ ਵੱਧ ਘਿਓ ਸਹੀ ਨਹੀਂ ਹੈ।




ਦੋ ਆਦਮੀ ਗੰਭੀਰ ਤੌਰ ਤੇ ਬੀਮਾਰ ਸਨ! ਉਨ੍ਹਾਂ ਨੂੰ ਹਸਪਤਾਲ ਵਿਚ ਇਕੋ ਕਮਰਾ ਮਿਲਿਆ ਸੀ! ਉਨ੍ਹਾਂ ਵਿਚੋਂ ਇਕ ਤਾਂ ਕਮਰੇ ਵਿਚ ਇਕੋ ਖਿੜਕੀ ਦੇ ਕੋਲ, ਬਿਸਤਰੇ ਵਿਚ ਪਿਆ ਹੋਇਆ ਸੀਸ਼! ਹਰ ਰੋਜ਼ ਉਸਨੂੰ ਫੇਫੜਿਆਂ ਤੋਂ ਤਰਲ ਕੱਢਣ ਲਈ ਆਪਣੇ ਮੰਜੇ ਤੇ ਬੈਠਣ ਲਈ ਕੁਝ ਸਮਾਂ ਬਿਤਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ!

ਦੂਜੇ ਆਦਮੀ ਨੂੰ ਉਸ ਦੇ ਬੈਕ ਪੇਨ ਕਰਕੇ, ਪਿੱਠ 'ਤੇ ਸੁਤੰਤਰ ਰਹਿਣ ਲਈ ਮਜਬੂਰ ਕੀਤਾ ਗਿਆ ਸੀ!

ਉਹ ਦੋਨੋ ਆਪਸ ਚ ਬਹੁਤ ਗੱਲਾਂ ਕਰਦੇ ਸਨ ਆਪਣੇ ਜੀਵਨ, ਪਰਿਵਾਰਾਂ, ਨੌਕਰੀਆਂ, ਛੁੱਟੀਆਂ ਦੇ ਬਾਰੇ ਬਹੁਤ ਕੁਝ ਦੱਸਿਆ! ਹਰ ਵਾਰ, ਜਦੋਂ ਪਹਿਲਾ ਆਦਮੀ ਖਿੜਕੀ ਕੋਲ ਬੈਠਦਾ ਸੀ, ਉਹ ਵਿਸਥਾਰ ਵਿੱਚ ਦੱਸਦਾ ਸੀ ਜੋ ਕੁੱਝ ਉਸ ਨੇ ਖਿੜਕੀ ਦੇ ਬਾਹਰ ਵੇਖਿਆ ਸੀ! ਤੇ ਉਸ ਦਾ ਰੂਮਮੇਟ ਹਮੇਸ਼ਾ ਉਸ ਪਲ ਦੀ ਉਡੀਕ ਕਰਦਾ ਹੁੰਦਾ ਸੀ.., ਜੋ ਉਸਨੂੰ ਸੰਸਾਰ ਬਾਹਰ ਬਾਰੇ ਦੱਸਿਆ ਜਾਂਦਾ ਸੀ ਅਤੇ ਬਾਹਰ ਦੁਨੀਆ ਵਲੋਂ ਚਮਕਾਇਆ ਜਾਂਦਾ ਸੀ!

ਪਾਰਕ ਦੀ ਸ਼ਾਨਦਾਰ ਝੀਲ ਦੇ ਸ਼ਾਨਦਾਰ ਦ੍ਰਿਸ਼ ਨੂੰ ਆਪਣੇ ਕਮਰੇ ਦੀ ਖਿੜਕੀ ਤੋਂ ਦੇਖਿਆ ਜਾ ਸਕਦਾ ਹੈ, ਬੱਚਿਆਂ ਨੂੰ ਖ਼ੂਬਸੂਰਤ ਅਤੇ ਹੰਸਾਂ ਵਿਚ ਖ਼ੁਸ਼ੀ ਨਾਲ ਖੇਡਿਆ ਜਾਂਦਾ ਹੈ, ਜੋੜੇ ਰੰਗੀਨ ਫੁੱਲਾਂ ਦੇ ਵਿਚਕਾਰ ਹੱਥ ਵਿਚ ਹੱਥ ਫੜੀ ਘੁੰਮ ਰਹੇ ਹਨ, ਇਸ ਤੋਂ ਇਲਾਵਾ ਸ਼ਾਨਦਾਰ ਸ਼ਹਿਰ ਦੇ ਅਕਾਸ਼ ਨੂੰ ਵੀ ਦੇਖਿਆ ਜਾ ਸਕਦਾ ਹੈ!

ਜਦੋਂ ਖਿੜਕੀ ਵਾਲਾ ਬੰਦਾ ਖਿੜਕੀ ਦੇ ਬਾਹਰਲੇ ਹਾਲਾਤਾਂ ਬਾਰੇ ਚੰਗੀ ਤਰ੍ਹਾਂ ਬਿਆਨ ਕਰਦਾ ਸੀ ਤਾਂ ਉਸ ਦਾ ਰੂਮਮੇਟ ਆਪਣੀਆਂ ਅੱਖਾਂ ਨੂੰ ਬੰਦ ਕਰ ਲੈਂਦਾ ਸੀ ਅਤੇ ਜ਼ਿੰਦਗੀ ਦੇ ਸਾਰੇ ਸੁੰਦਰ ਦ੍ਰਿਸ਼ ਉਸਨੂੰ ਨਕਾਰਿਆ ਕਰਦਾ ਸੀ ਜੋ ਉਸਨੂੰ ਦੱਸਿਆ ਜਾਂਦਾ ਸੀ! ਇਕ ਰਾਤ, ਜਿਸ ਦਾ ਬਿਸਤਰਾ ਖਿੜਕੀ ਦੇ ਨੇੜੇ ਸੀ.., ਨੀਂਦ ਦੌਰਾਨ ਸ਼ਾਂਤੀ ਨਾਲ ਮਰ ਗਿਆ ਅਤੇ ਉਸ ਦੇ ਕਮਰੇ ਵਾਲਾ ਦੂਜਾ ਆਦਮੀ ਬੜਾ ਉਦਾਸ ਸੀ!

ਕੁਝ ਸਮੇਂ ਬਾਅਦ, ਜਦੋਂ ਨਰਸ ਉਸ ਨੂੰ ਮਿਲਣ ਆਈ.., ਤਾਂ ਉਸ ਨੇ ਪੁੱਛਿਆ ਕਿ ਕੀ ਉਸ ਨੂੰ ਖਿੜਕੀ ਦੇ ਅੱਗੇ ਭੇਜਿਆ ਜਾ ਸਕਦਾ ਹੈ? ਨਰਸ ਨੇ ਸਹਿਮਤੀ ਦਿੱਤੀ ਅਤੇ ਪਿਆਰ ਨਾਲ ਮਦਦ ਕੀਤੀ! ਜਦੋਂ ਉਹ ਚਲੀ ਗਈ, ਆਦਮੀ ਹੌਲੀ ਅਤੇ ਦਰਦ ਨਾਲ ਆਪਣੇ ਆਪ ਨੂੰ ਇਕ ਕੂਹਣੀ 'ਤੇ ਚੁੱਕਿਆ ਅਤੇ ਬਾਹਰ ਦੀ ਦੁਨੀਆਂ 'ਤੇ ਪਹਿਲੀ ਨਜ਼ਰ ਮਾਰੀ ਤਾਂ ਉਹ ਹੈਰਾਨ ਸੀ। ਬਾਰੀ ਨੂੰ ਇੱਕ ਖਾਲੀ ਕੰਧ ਦਾ ਸਾਹਮਣਾ ਕਰਨਾ ਪਿਆ!

ਜਦੋਂ ਨਰਸ ਅਗਲੀ ਵਾਰ ਉਸ ਨੂੰ ਮਿਲਣ ਆਈ.., ਉਸਨੇ ਉਸ ਨੂੰ ਖਿੜਕੀ ਦੇ ਬਾਹਰ ਉਹਨਾਂ ਸੁੰਦਰ ਚੀਜ਼ਾਂ ਬਾਰੇ ਦੱਸਿਆ ਜੋ ਕਿ ਉਸਦੇ ਰੂਮਮੇਟ ਨੇ ਉਸ ਨੂੰ ਦੱਸਿਆ ਸੀ ਨਰਸ ਨੇ ਜਵਾਬ ਦਿੱਤਾ ਕਿ ਉਸਦਾ ਰੂਮਮੇਟ ਇੱਕ ਅੰਨ੍ਹਾ ਆਦਮੀ ਸੀ ! ਉਸ ਨੇ ਕਿਹਾ: "ਸ਼ਾਇਦ ਉਹ ਤੁਹਾਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ.". . !

## ਚੰਗੀਆਂ ਆਦਤਾਂ



ਬੱਚਿਓ, ਸਮੇਂ ਦੀ ਸੁਣੋ ਪੁਕਾਰ,
ਚੰਗੀਆਂ ਆਦਤਾਂ ਲਓ ਧਾਰ।
ਫਾਸਟ ਫੂਡ ਛੱਡ ਦਿਓ ਖਾਣਾ,
ਸਦਾ ਪਹਿਨੋ ਸਾਦਾ ਬਾਣਾ।
ਹਰੀਆਂ ਸ਼ਬਜੀਆਂ ਨੂੰ ਖਾਣ ਦਾ,
ਕਰ ਲਓ ਤੁਸੀ ਵਿਚਾਰ।
ਬੱਚਿਓ, ਸਮੇਂ ਦੀ....

ਸੱਚ ਹਮੇਸ਼ਾ ਡੱਟ ਕੇ ਬੋਲੋ,
ਘਰ ਦਾ ਭੇਦ ਬਾਹਰ ਨਾ ਖੋਲੋ।
ਮਿਹਨਤ ਦੇ ਲਈ ਰਹੋ ਤਿਆਰ,
ਸਫ਼ਲਤਾ ਦੇ ਜ਼ੋ ਖੋਲੇ ਦੁਆਰ।
ਬੱਚਿਓ, ਸਮੇਂ ਦੀ....

ਵਾਤਾਵਰਨ ਨੂੰ ਸੁੱਧ ਬਣਾਉਂਣਾ,
ਗੰਦੀਆਂ ਗੈਸਾਂ ਤੋਂ ਬਚਾਉਂਣਾ।
ਸਾਰੇ ਸਾਥੀ ਇਕੱਠੇ ਹੋ ਕੇ,
ਰੁੱਖ ਲਗਾ ਦਿਓ ਕਈ ਹਜ਼ਾਰ।
ਬੱਚਿਓ, ਸਮੇਂ ਦੀ....

ਸਵੇਰੇ ਨਿੱਤ ਸ਼ੈਰ ਨੂੰ ਜਾਣਾ,
ਖੇਡਾਂ ਦੇ ਨਾਲ ਪ੍ਰੇਮ ਪਾਉਂਣਾ।
ਕਿਤਾਬਾਂ ਨੂੰ ਆਪਣਾ ਹਾਣੀ ਬਣਾਕੇ,
ਕਰ ਲਓ ਜੀਵਨ ਵਿੱਚ ਸੁਧਾਰ।
ਬੱਚਿਓ, ਸਮੇਂ ਦੀ....

ਕਿਸੇ ਦੀਆਂ ਗੱਲਾਂ ਵਿੱਚ ਨਾ ਆਓ,
ਆਪਣਾ ਵੀ ਜਰਾ ਦਿਮਾਗ ਲਗਾਓ।
ਚੰਗੇ, ਮਾੜੇ ਦੀ ਪਹਿਚਾਨ ਸਿੱਖ ਕੇ,
ਧੋਖੇਬਾਜ਼ਾਂ ਨੂੰ ਸਬਕ ਸਿਖਾਓ ਯਾਰ।
ਬੱਚਿਓ, ਸਮੇਂ ਦੀ ਸੁਣੋ ਪੁਕਾਰ,
ਚੰਗੀਆਂ ਆਦਤਾਂ ਲਓ ਧਾਰ।

**ਚਮਨਦੀਪ ਸ਼ਰਮਾ**, 95010 33005

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਗਏ ਸ਼ਬਦ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ...?

| | | | | | | | | | |
|---|---|---|---|---|---|---|---|---|---|
| B | O | H | E | I | R | T | S | T | O |
| N | A | I | M | P | E | S | P | O | I |
| E | V | R | A | R | G | Y | L | L | L |
| H | D | O | G | P | T | A | E | K | E |
| C | A | N | I | L | A | R | T | A | N |
| A | M | Y | N | G | I | D | A | D | I |
| S | P | E | D | H | A | M | N | O | U |
| K | A | L | O | F | L | H | S | T | Q |
| H | I | S | G | L | A | A | R | L | E |
| T | O | O | T | O | R | I | K | A | T |

Find all the words from the word list (ignore spaces and dashes):

ARGYLE
BOHEMIAN
CHEVRON
DAMASK
DOGTOOTH
FLORAL
GINGHAM
HARLEQUIN
IKAT
PAISLEY
PLAID
POLKA DOTS
STRIPES
TARTAN
TOILE




## ਇਹ ਹੈ ਨੀਦਰਲੈਂਡ ਦਾ ਬਿਨ੍ਹਾਂ ਸੜਕਾਂ ਵਾਲਾ ਸ਼ਹਿਰ


ਇਹ ਫੋਟੋ ਨੀਦਰਲੈਂਡਸ ਦੇ ਗੀਨਥੌਰਨ ਇਲਾਕੇ ਦੀ ਹੈ। ਇਸ ਸ਼ਹਿਰ ਦੀ ਖੂਬੀ ਇਹ ਹੈ ਕਿ ਇੱਥੇ ਕੋਈ ਸੜਕ ਨਹੀਂ ਹੈ। ਛੋਟੇ - ਛੋਟੇ ਟਾਪੂਆਂ ਉੱਤੇ ਬਸੇ ਇਸ ਕਸਬੇ ਵਿੱਚ ਆਉਣ-ਜਾਣ ਲਈ ਨਹਿਰਾਂ ਦਾ ਇਸਤੇਮਾਲ ਹੁੰਦਾ ਹੈ, ਇਸ ਲਈ ਇਸਨੂੰ ਮਿਨੀ ਵੇਨਿਸ ਵੀ ਕਹਿੰਦੇ ਹਨ। ਇਹ ਟਾਪੂ ਨਹਿਰਾਂ ਅਤੇ ਲੱਕੜੀ ਦੇ 180 ਪੁਲਾਂ ਨਾਲ ਆਪਸ ਵਿੱਚ ਜੁੜਿਆ ਹੋਇਆ ਹੈ। ਇਹ ਕਸਬਾ 1958 ਵਿੱਚ ਉਸ ਸਮੇਂ ਚਰਚਾ ਵਿੱਚ ਆਇਆ ਜਦੋਂ ਡਚ ਫਿਲਮ ਨਿਰਮਾਤਾ ਬਰਟ ਹਾਂਸਟਰਾ ਨੇ ਆਪਣੀ ਪ੍ਰਸਿੱਧ ਫਿਲਮ ਫਨਫੇਇਰ ਇੱਥੇ ਸ਼ੂਟ ਕੀਤੀ ਸੀ। ਸਿਰਫ਼ 2620 ਜਨਸੰਖਿਆ ਵਾਲੇ ਇਸ ਕਸਬੇ ਵਿੱਚ ਹਰ ਸਾਲ ਕਰੀਬ ਦੋ ਲੱਖ ਚੀਨੀ ਸੈਲਾਨੀ ਆਉਂਦੇ ਹਨ।

## ਦਿਮਾਗ਼ੀ ਕਸਰਤ


ਉੱਤਰ : 6




## ਬਿੰਦੂ ਮਿਲਾਓ



## ਰਸਤਾ ਲੱਭੋ



# SABZI MANDI SUPERMARKET

# GO CANUCKS GO

*Serving our Community since 2003*

**HOT PRICE** — SEEDLESS WATERMELON ਮੱਤੀਰਾ — 88¢/lb

**HOT PRICE** — INDIAN KARELA ਦੇਸੀ ਕਰੇਲੇ — 1.29/lb

**HOT PRICE** — FRESH CILANTRO ਧਨੀਆਂ Bunch — 2 for 99¢

**HOT PRICE** — INDIAN EGGPLANT ਦੇਸੀ ਵਤਾਊਂ — 1.29/lb

HEER DURUM FLOUR ਹੀਰ ਦੁਰਮ ਆਟਾ 20lb — 12.99 ea

## UNBEATABLE DEAL

LEHAR PEANUT GACHAK ਲੇਹਰ ਗੱਚਕ 400g — 2.99 ea

LEHAR Peanut GACHAK

PINK LADY APPLES ਪਿੰਕ ਲੇਡੀ ਸੇਬ — 99¢/lb

PATANJALI SALT ਪਤਾਂਜਲੀ ਲੂਣ 1kg — 1.49 ea

GREEN PEPPERS — 1.29/lb

AASHIRVAAD ATTA ਆਸ਼ੀਰਵਾਦ ਆਟਾ 20lb — 19.99 ea

ROSHNI GUR ਰੋਸ਼ਨੀ ਗੁੜ 1kg — 3.99/lb

INDIA AT HOME BASMATI RICE ਇੰਡੀਆ ਐਟ ਹੋਮ ਬਾਸਮਤੀ ਚਾਵਲ 8lb — 7.99 ea

VERKA DESI GHEE ਵੇਰਕਾ ਦੇਸੀ ਘਿਉ 3kg — 41.99 ea

FRESH GINGER ਅੰਦਰਕ — 1.49/lb

CHANA DAL/RED MASOOR/BLACK CHANA/BROWN MASOOR HEER DAALS 4lb — 3.99 ea

US #1 ALMONDS ਬਦਾਮ — 3.99/lb

MERI CHAI TEA ਮੇਰੀ ਚਾਹ 216's — 5.99 ea

SHUDH MUSTARD OIL ਸ਼ੁਧ ਸਰੋਂ ਦਾ ਤੇਲ 1L — 6.99 ea

FRESH OPO ਘੀਆ — 99¢/lb

VIJ'S PICKLES ਵਿਜ ਅਚਾਰ 330g, Asst. — 1.49 ea

US #1 POTATOES 10lb — 3.99 ea

FRESH ZUCCHINI ਤੋਰੀ — 88¢/lb

INDIAN ROOH AFZA ਰੂਹ ਅਫਜ਼ਾ 750ml — 3.99 ea

LARGE SEEDLESS ORANGES ਵੱਡੇ ਸੰਤਰੇ — 88¢/lb

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. April 19, 2024 - Wed. April 24, 2024

MasterCard VISA American Express Interac

American Express accepted at three locations

SABZI MANDI SUPERMARKET

STORES OPEN 7 DAYS A WEEK

Visit one of our great locations so we can serve you today!

| | |
|---|---|
| NEWTON STORE: #106 - 12568 72nd Ave., Surrey | 604-590-2400 |
| NEWTON 80th AVENUE: 13208 80th Ave., Surrey | 778-565-7880 |
| NEWTON EXCHANGE: 101-13753 72 Ave., Surrey | 604-581-2400 |
| NEWTON EAST: 15299 68th Ave., Surrey | 604-598-8006 |
| ABBOTSFORD STORE: 31831 S. Fraser Way, Abbotsford | 604-864-9193 |
| ABBOTSFORD STORE: 2777 Gladwin Road, Abbotsford | 604-744-2077 |
| BURNABY: 7565 6th Street, Burnaby | 604-553-6603 |
| PITT MEADOWS: 12169 Harris Rd, Pitt Meadows | 604-459-8410 |
| RICHMOND- 9371 NO 5 RD, RICHMOND | 604-285-2400 |
| NEWTON 64 AVE- 140- 6350 120 ST, SURREY | 778-565-1266 |

You can also visit us online at www.sabzimandicanada.com